ਅਠਾਰਵਾਂ ਸਾਲ

PARDES TIMES

18th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

www.pardestimes.com

ਮਾਂ ਬੋਲੀ ਨੂੰ ਸਮਰਪਿਤ

pardestimes

VOL- 18 No. 446 April 24, 2024 E-mail : info@pardestimes.com Ph 510-938-7771

## ਨਾਇਡੂ, ਮਿਥੁਨ, ਊਸ਼ਾ ਉਥੁਪ ਅਤੇ ਨਿਰਮਲ ਰਿਸ਼ੀ ਨੂੰ ਪਦਮ ਪੁਰਸਕਾਰ



ਨਵੀਂ ਦਿੱਲੀ- ਸਾਬਕਾ ਉਪ ਰਾਸ਼ਟਰਪਤੀ ਐਮ। ਵੈਂਕਈਆ ਨਾਇਡੂ, ਸੁਲਭ ਇੰਟਰਨੈਸ਼ਨਲ ਦੇ ਸੰਸਥਾਪਕ ਬਿੰਦੇਸ਼ਵਰ ਪਾਠਕ ਅਤੇ ਕਈ ਹੋਰ ਉੱਘੀਆਂ ਸ਼ਖ਼ਸੀਅਤਾਂ ਨੂੰ ਰਾਸ਼ਟਰਪਤੀ ਵੱਲੋਂ ਪਦਮ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸੋਮਵਾਰ ਨੂੰ ਰਾਸ਼ਟਰਪਤੀ ਭਵਨ 'ਚ ਇਕ ਰਸਮੀ ਸਮਾਰੋਹ ਦੌਰਾਨ ਇਹ ਪੁਰਸਕਾਰ ਪ੍ਰਦਾਨ ਕੀਤੇ। ਪ੍ਰਸਿੱਧ ਭਰਤਨਾਟਿਅਮ ਡਾਂਸਰ ਪਦਮ ਸੁਬਰਾਮਣੀਅਮ ਨੂੰ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਸੀ। ਅਭਿਨੇਤਾ ਮਿਥੁਨ ਚੱਕਰਵਰਤੀ, ਗਾਇਕ ਊਸ਼ਾ ਉਥੁਪ, ਉੱਤਰ ਪ੍ਰਦੇਸ਼ ਦੇ ਸਾਬਕਾ ਰਾਜਪਾਲ ਰਾਮ ਨਾਇਕ ਅਤੇ ਸਨਅਤਕਾਰ ਸੀਤਾਰਾਮ ਜਿੰਦਲ ਨੂੰ ਪਦਮ ਭੂਸ਼ਣ, ਪੰਜਾਬੀ ਅਦਾਕਾਰਾ ਨਿਰਮਲ ਰਿਸ਼ੀ ਨੂੰ ਪਦਮਸ੍ਰੀ ਨਾਲ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਉਪ ਰਾਸ਼ਟਰਪਤੀ ਜਗਦੀਪ ਧਨਖੜ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਵਿਦੇਸ਼ ਮੰਤਰੀ ਐਸ। ਜੈਸ਼ੰਕਰ ਸਮੇਤ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ। ਪਦਮ ਪੁਰਸਕਾਰ, ਦੇਸ਼ ਦੇ ਸਰਵਉੱਚ ਨਾਗਰਿਕ ਸਨਮਾਨਾਂ ਵਿੱਚੋਂ ਇੱਕ ਹੈ ਜਿਸ ਨੂੰ ਤਿੰਨ ਸ਼੍ਰੇਣੀਆਂ ਪਦਮ ਵਿਭੂਸ਼ਣ, ਪਦਮ ਭੂਸ਼ਣ ਅਤੇ ਪਦਮਸ੍ਰੀ ਵਿੱਚ ਪ੍ਰਦਾਨ ਕੀਤਾ ਜਾਂਦਾ ਹੈ। ਇਹ ਪੁਰਸਕਾਰ ਵੱਖ-ਵੱਖ ਵਿਸ਼ਿਆਂ ਜਾਂ ਗਤੀਵਿਧੀਆਂ ਦੇ ਖੇਤਰਾਂ ਵਿੱਚ ਦਿੱਤੇ ਜਾਂਦੇ ਹਨ। ਪਦਮ ਵਿਭੂਸ਼ਣ ਬੇਮਿਸਾਲ ਅਤੇ ਵਿਲੱਖਣ ਸੇਵਾ ਲਈ, ਉੱਚ ਪੱਧਰੀ ਸੇਵਾ ਲਈ ਪਦਮ ਭੂਸ਼ਣ ਅਤੇ ਕਿਸੇ ਵੀ ਖੇਤਰ ਵਿੱਚ ਵਿਲੱਖਣ ਸੇਵਾ ਲਈ ਪਦਮਸ੍ਰੀ ਨਾਲ ਸਨਮਾਨਿਤ ਕੀਤਾ ਜਾਂਦਾ ਹੈ।

# ਪੰਜਾਬ ਦੇ ਦਿਹਾਤੀ ਹਲਕਿਆਂ ਵਿਚ ਕਿਸਾਨਾਂ ਵੱਲੋਂ ਸਾਰੀਆਂ ਪਾਰਟੀਆਂ ਦੇ ਉਮੀਦਵਾਰਾਂ ਦਾ ਵਿਰੋਧ

## ਪੰਜਾਬ ਵਿਚ ਰੇਲ ਆਵਾਜਾਈ ਪ੍ਰਭਾਵਿਤ, ਸਿਆਸੀ ਪਾਰਟੀਆਂ ਕਿਸਾਨ ਮੰਗਾਂ ਬਾਰੇ ਕਰ ਰਹੀਆਂ ਨੇ ਇਲਜ਼ਾਮਬਾਜ਼ੀ

ਚੰਡੀਗੜ੍ਹ- ਪੰਜਾਬ ਵਿਚ ਇਸ ਵਾਰ ਚੋਣਾਂ ਦਾ ਉਤਸ਼ਾਹ ਤਾਂ ਮੱਠਾ ਹੈ ਪਰ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਮੂਹਰੇ ਇਕ ਸਮੱਸਿਆ ਇਹ ਹੈ ਕਿ ਪੰਜਾਬ ਦੇ ਕਈ ਖਿੱਤਿਆਂ ਵਿਚ ਦਿਹਾਤੀ ਇਲਾਕੇ ਵਿਚ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਦੇ ਮਾਲਵਾ ਇਲਾਕੇ ਵਿਚ ਤਾਂ ਕਈ ਪਿੰਡਾਂ ਨੇ ਕਿਸੇ ਵੀ ਉਮੀਦਵਾਰ ਨੂੰ ਨਾ ਵੜਨ ਦੇਣ ਦੀ ਰਾਇ ਵੀ ਬਣਾਈ ਹੋਈ ਹੈ। ਕਮਿਊਨਿਸਟ ਪਾਰਟੀਆਂ ਨਾਲ ਜੁੜੀਆਂ ਕਿਸਾਨ ਯੂਨੀਅਨਾਂ ਜ਼ਿਆਦਾਤਰ ਭਾਜਪਾ ਦਾ ਵਿਰੋਧੀ ਕਰ ਰਹੀਆਂ ਹਨ, ਜਦਕਿ ਹੋਰ ਯੂਨੀਅਨਾਂ ਸੱਤਾਧਾਰੀ ਪਾਰਟੀ ਦੇ ਉਮੀਦਵਾਰਾਂ ਨੂੰ ਵੀ ਨਿਸ਼ਾਨਾ ਬਣਾ ਰਹੀਆਂ ਹਨ। ਹਾਲਾਂਕਿ ਇਸ ਦੇ ਬਾਵਜੂਦ ਪੰਜਾਬ ਵਿਚ ਪ੍ਰਸ਼ਾਸਨਿਕ ਪੱਧਰ ਤੇ ਕੰਮ ਵਿਚ ਕੋਈ ਵਿਘਨ ਨਹੀਂ ਪੈ ਰਿਹਾ, ਜਦਕਿ ਰੇਲ ਆਵਾਜਾਈ ਬੰਦ ਹੋਣ ਕਾਰਨ ਆਮ ਲੋਕੀ ਜ਼ਰੂਰ ਪ੍ਰੇਸ਼ਾਨ ਹਨ। ਬਠਿੰਡਾ, ਅੰਬਾਲਾ ਰੂਟ ਤੇ ਟਰੇਨਾਂ ਦੀ ਆਵਾਜਾਈ ਕਰੀਬ 15 ਦਿਨਾਂ ਤੋਂ ਬੰਦ ਪਈ ਹੈ, ਇੱਧਰ ਜਲੰਧਰ, ਅੰਬਾਲਾ ਰੂਟ ਵੀ ਪ੍ਰਭਾਵਿਤ ਹੋਣ ਕਾਰਨ ਆਮ ਲੋਕਾਂ ਦੀ ਦਿੱਕਤ ਜ਼ਰੂਰ ਵੱਧ ਗਈ ਹੈ। ਪੰਜਾਬ ਦੇ ਸਿਆਸੀ ਹਲਕਿਆਂ ਵਿਚ ਕਨਸੋਆਂ ਹਨ ਕਿ 1 ਜੂਨ ਤੱਕ ਜੇਕਰ ਟ੍ਰੇਨਾਂ ਇਸੇ ਤਰ੍ਹਾਂ ਪ੍ਰਭਾਵਿਤ ਰਹੀਆਂ ਤਾਂ ਕਿਸਾਨ ਯੂਨੀਅਨ ਆਮ ਲੋਕਾਂ ਵਿਚ ਰਹਿੰਦੀ-ਖੂੰਹਦ ਇੱਜਤ ਵੀ ਗੁਆ ਲੈਣਗੀਆਂ। ਸਾਰੀਆਂ ਪਾਰਟੀਆਂ ਦਾ ਵਿਰੋਧ ਕਰਨ ਕਰਕੇ ਜਦੋਂ ਸਖਤੀ ਹੋਈ ਤਾਂ ਕੋਈ ਪਾਰਟੀ ਹਾਅ ਦਾ ਨਾਅਰਾ ਮਾਰਦੀ ਵੀ ਨਜ਼ਰ ਨਹੀਂ ਆਵੇਗੀ। ਸਿਆਸੀ ਪਾਰਟੀਆਂ ਵੀ ਕਿਸਾਨ ਮੰਗਾਂ 'ਤੇ ਇਕ-ਦੂਜੇ ਤੇ ਇਲਜ਼ਾਮਬਾਜ਼ੀ ਕਰਨ ਤੋਂ ਇਲਾਵਾ ਕੁਝ ਨਹੀਂ ਕਰ ਰਹੀਆਂ।



### ਸਿਆਸੀ ਆਗੂਆਂ ਦਾ ਵਿਰੋਧ ਜਾਰੀ

ਲੋਕ ਸਭਾ ਹਲਕਾ ਬਠਿੰਡਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਤੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਇੱਥੇ ਮਨਜੀਤ ਸਿੰਘ ਧਨੇਰ ਦੀ ਅਗਵਾਈ ਵਾਲੀ ਭਾਰਤੀ ਕਿਸਾਨ ਯੂਨੀਅਨ (ਏਕਤਾ ਡਕੌਂਦਾ) ਦੀ ਜ਼ਿਲ੍ਹਾ ਕਮੇਟੀ ਵੱਲੋਂ ਰਾਜਸੀ ਸਮਾਗਮ ਵਿੱਚ ਸ਼ਾਮਲ ਹੋਣ ਦੌਰਾਨ ਸਵਾਲ ਪੁੱਛੇ ਗਏ। ਇਹ ਸਵਾਲ ਪੁਲੀਸ ਦੇ ਵੱਡੇ ਅਧਿਕਾਰੀਆਂ ਦੀ ਤਾਇਨਾਤੀ ਦੌਰਾਨ ਅਤੇ ਮਾਨਸਾ ਦੇ ਵਿਧਾਇਕ ਡਾ। ਵਿਜੈ ਸਿੰਗਲਾ ਦੀ ਮੌਜੂਦਗੀ ਵਿੱਚ ਕਿਸਾਨ ਆਗੂ ਮੱਖਣ ਸਿੰਘ ਭੈਣੀਬਾਘਾ ਵੱਲੋਂ ਪੁੱਛੇ ਗਏ। ਮੰਤਰੀ ਸ੍ਰੀ ਖੁੱਡੀਆਂ ਵੱਲੋਂ ਸਵਾਲਾਂ ਦੇ ਜਵਾਬ ਦੇਣ ਮਗਰੋਂ ਰਾਜਸੀ ਸਮਾਗਮ ਆਮ ਵਾਂਗ ਆਰੰਭ ਹੋਇਆ।

ਪਟਿਆਲਾ ਤੋਂ ਭਾਜਪਾ ਦੇ ਲੋਕ ਸਭਾ ਉਮੀਦਵਾਰ ਪ੍ਰਨੀਤ ਕੌਰ ਨੂੰ ਬਾਰਨ ਖੇਤਰ 'ਚ ਸਥਿਤ ਓਮੈਕਸ ਸਿਟੀ ਵਿੱਚ ਪੁੱਜਣ 'ਤੇ ਕਿਸਾਨ ਯੂਨੀਅਨ ਉਗਰਾਹਾਂ ਦੇ ਕਾਰਕੁਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਸ ਦੌਰਾਨ ਕਿਸਾਨੀ ਝੰਡਿਆਂ ਨਾਲ ਲੈਸ ਹੋ ਕੇ ਪੁੱਜੇ ਕਿਸਾਨਾਂ ਵਿੱਚ ਅਨੇਕਾਂ ਔਰਤਾਂ ਵੀ ਸ਼ਾਮਲ ਸਨ। ਪੁਲੀਸ ਫੋਰਸ ਨੇ ਕਿਸਾਨਾਂ ਦੇ ਇੱਕ ਜਥੇ ਨੂੰ ਭਾਵੇਂ ਪਹਿਲਾਂ ਇਸ ਕਲੋਨੀ ਦੇ ਮੁੱਖ ਗੇਟ 'ਤੇ ਹੀ ਰੋਕ ਲਿਆ ਸੀ, ਪਰ ਮਗਰੋਂ ਇਹ ਕਿਸਾਨ ਕਲੋਨੀ ਵਿੱਚ ਪੁੱਜਣ ਵਿੱਚ ਸਫ਼ਲ ਹੋ ਗਏ। ਇਸ ਦੌਰਾਨ ਆਪਣਾ ਪ੍ਰੋਗਰਾਮ ਸਮਾਪਤ ਕਰਕੇ ਜਦੋਂ ਪ੍ਰਨੀਤ ਕੌਰ ਦਾ ਕਾਫ਼ਲਾ ਵਾਪਸ ਜਾਣ ਲੱਗਿਆ ਤਾਂ ਕਿਸਾਨਾਂ ਨੇ ਅੱਗੇ ਹੋ ਕੇ ਉਨ੍ਹਾਂ ਨੂੰ ਘੇਰਨਾ ਚਾਹਿਆ। ਇਸ ਦੌਰਾਨ ਵੱਡੀ ਗਿਣਤੀ 'ਚ ਮੌਜੂਦ ਪੁਲੀਸ ਮੁਲਾਜ਼ਮਾਂ ਨੇ ਕਿਸਾਨਾਂ ਨੂੰ ਰੋਕੀ ਰੱਖਿਆ। ਇਸ ਦੌਰਾਨ ਕਿਸਾਨਾਂ ਅਤੇ ਪੁਲਿਸ ਮੁਲਾਜ਼ਮਾਂ ਵਿਚਕਾਰ ਕਾਫ਼ੀ ਖਿੱਚ-ਧੂਹ ਵੀ ਹੋਈ।

ਲੋਕ ਸਭਾ ਹਲਕਾ ਫਰੀਦਕੋਟ ਤੋਂ ਭਾਜਪਾ ਦੇ ਉਮੀਦਵਾਰ ਹੰਸ ਰਾਜ ਹੰਸ ਦਾ ਪਿੰਡ ਬੁੱਟਰ ਸ਼ਰੀਂਹ ਅਤੇ ਪਿੰਡ ਕੋਟਲੀ ਅਬਲੂ 'ਚ ਘਿਰਾਓ ਕੀਤਾ ਗਿਆ। ਘਿਰਾਓ ਦੀ ਅਗਵਾਈ ਕਰਦਿਆਂ ਭਾਕਿਯੂ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਹਰਬੰਸ ਸਿੰਘ ਕੋਟਲੀ, ਜਨਰਲ ਸਕੱਤਰ ਗੁਰਭਗਤ ਸਿੰਘ ਭਲਾਈਆਣਾ, ਫਰੀਦਕੋਟ ਦੇ ਜ਼ਿਲ੍ਹਾ ਆਗੂ ਬਲਵਿੰਦਰ ਸਿੰਘ ਮੱਤਾ ਹੋਰਾਂ ਨੇ ਹੰਸ ਪਾਸੋਂ ਲੋਕਾਂ ਦੇ ਅਸਲ ਮੁੱਦਿਆਂ 'ਤੇ ਅਧਾਰਿਤ 30 ਨੁਕਾਤੀ ਮੰਗਾਂ ਦੇ ਜਵਾਬ ਮੰਗੇ।

ਕਾਹਨੂੰਵਾਨ ਕਸਬੇ ਦੇ ਨਜ਼ਦੀਕ ਪੈਂਦੇ ਪਿੰਡ ਕੋਟ ਧੰਦਲ ਵਿਚ ਆਮ ਆਦਮੀ ਪਾਰਟੀ ਦੇ ਆਗੂ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦੇ ਆਉਣ ਦੀ ਭਿਣਕ ਜਦੋਂ ਕਿਸਾਨਾਂ ਨੂੰ ਪਈ ਤਾਂ ਉਨ੍ਹਾਂ ਨੇ ਇਕੱਠੇ ਹੋ ਕੇ ਉਨ੍ਹਾਂ ਦਾ ਘਿਰਾਓ ਕੀਤਾ। ਇਸ ਦੌਰਾਨ ਜਗਰੂਪ ਸਿੰਘ ਸੇਖਵਾਂ ਨੇ ਕਿਸਾਨਾਂ ਤੋਂ ਪਾਸਾ ਵੱਟਣ ਦੀ ਕੋਸ਼ਿਸ਼ ਕੀਤੀ ਤਾਂ ਕਿਸਾਨਾਂ ਨੇ 'ਆਪ' ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ। ਇਸ ਮਗਰੋਂ ਕੜਕਦੀ ਧੁੱਪ ਵਿੱਚ ਐਡਵੋਕੇਟ ਸੇਖਵਾਂ ਸਾਥੀਆਂ ਸਣੇ ਵਾਪਸ ਆ ਕੇ ਕਿਸਾਨਾਂ ਨਾਲ ਦਰੀ ਉੱਤੇ ਬੈਠ ਗਏ। ਇਸ ਦੌਰਾਨ ਉਨ੍ਹਾਂ ਨੂੰ ਕਿਸਾਨੀ ਨਾਲ ਹੁੰਦੇ ਧੱਕਿਆਂ ਬਾਰੇ ਸਵਾਲ ਪੁੱਛੇ ਗਏ।

Padam Builders Inc.

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।



Bhupinder Singh Padam

email: padambuilders@gmail.com

Licensed # 1019803

CELL 510-565-6667

3143 ARDEN ROAD, HAYWARD CA- 94545

Joshi Law Firm

Attorneys at Law ਅਟਾਰਨੀ ਐਟ ਲਾਅ

www.joshilawfirm.com info@joshilawfirm.com

ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ

ਆਧਾਰ ਤੇ
ਗਰੀਨ ਕਾਰਡ
ਐਡਜਸਟਮੈਂਟ
ਆਫ ਸਟੇਟਸ
ਫੈਮਲੀ ਲਾਅ
ਤਲਾਕ ਦੀ

ਪਟੀਸ਼ਨ
ਬੱਚੇ ਦੀ
ਕਸਟਡੀ
ਭੱਤਾ ਜਾਂ ਖਰਚਾ
ਬੱਚਿਆਂ ਲਈ
ਖਰਚਾ



TANVIR JOSHI

SBN: 302226

(559) 312-0083 (O) (888) 630-1230 (F)

516 W. SHAW AVE STE 200 FRESNO, CA 93704



Raj Budwal

(Investment and Financial Advisor)

408-972-8000,

408-835-0202 (Cell)

Budwal and Associates

329 Piercy Road, San Jose, CA 95138

8350202@gmail.com

Turning 65 Years Old?



If you've got questions, I've got answers!

Becoming eligible for Medicare at age 65 can be overwhelming and confusing, but it doesn't have to be! I can help explain all of your available options. Call me today!

Let's talk about it!

Gurcharan Singh Mann

Licensed Insurance Agent

CA License No. 0C70672

(510) 487-1000 TTY:711

MANN@GGIABA.COM

By calling this number you agree to speak with a licensed insurance agent about Medicare Products. We do not offer every plan available in your area. Any information we provide is limited to those plans we do offer in your area. Please contact Medicare.gov or 1-800-Medicare to get information on all of your options. This is an advertisement. Not affiliated with any government agency including Medicare.

# ਕੀ ਦੁਨੀਆਂ ਤੀਜੇ ਵਿਸ਼ਵ ਯੁੱਧ ਵੱਲ ਵਧ ਰਹੀ ਹੈ?

ਗਾਜ਼ਾ ਪੱਟੀ ’ਤੇ ਇਜ਼ਰਾਈਲ ਤੇ ਹਮਾਸ ਵਿਚਾਲੇ ਸੰਘਰਸ਼ ਕਾਰਨ ਦੁਨੀਆ ਦੇ ਮੱਧ-ਪੂਰਬੀ ਖ਼ਿੱਤੇ ’ਚ ਹਾਲਾਤ ਪਹਿਲਾਂ ਹੀ ਤਣਾਅਪੂਰਨ ਹੋ ਗਏ ਸਨ। ਹੁਣ ਈਰਾਨ ਦੇ ਇਜ਼ਰਾਈਲ ’ਤੇ ਹਮਲੇ ਨੇ ਬਲ਼ਦੀ ’ਤੇ ਤੇਲ ਪਾਉਣ ਦਾ ਕੰਮ ਕੀਤਾ ਹੈ। ਪਹਿਲਾਂ ਦੋ ਵਿਸ਼ਵ ਯੁੱਧ ਹੋ ਚੁੱਕੇ ਹਨ ਅਤੇ ਤਦ ਦੋਵੇਂ ਵਾਰ ਇਹੋ ਆਖਿਆ ਗਿਆ ਕਿ ਸੀ ਕਿ ‘ਇਹ ਆਖ਼ਰੀ ਜੰਗ ਹੈ।’ ਦੂਜੀ ਜੰਗ ਵੇਲੇ ਤਾਂ ਕੌਮਾਂਤਰੀ ਮਾਮਲਿਆਂ ਦੇ ਮਾਹਿਰਾਂ ਨੇ ਇਹ ਵੀ ਕਿਹਾ ਸੀ ਕਿ ‘ਹੁਣ ਕੋਈ ਹੋਰ ਜੰਗ ਹੋ ਹੀ ਨਹੀਂ ਸਕਦੀ।’

ਉਸ ਤੋਂ ਬਾਅਦ 1945 ’ਚ ਸੰਯੁਕਤ ਰਾਸ਼ਟਰ ਦੀ ਸਥਾਪਨਾ ਹੀ ਭਵਿੱਖ ਦੀਆਂ ਵੱਡੀਆਂ ਜੰਗਾਂ ਰੋਕਣ ਲਈ ਹੋਈ ਸੀ ਪਰ ਹੁਣ ਜਦੋਂ ਪਿਛਲੇ ਸਵਾ ਦੋ ਸਾਲਾਂ ਤੋਂ ਰੂਸ ਤੇ ਯੂਕਰੇਨ ਵਿਚਾਲੇ ਜੰਗ ਚੱਲ ਰਹੀ ਹੈ ਅਤੇ ਉੱਧਰ ਛੇ ਮਹੀਨਿਆਂ ਤੋਂ



ਗਾਜ਼ਾ ਪੱਟੀ ’ਤੇ ਹਿੰਸਕ ਸੰਘਰਸ਼ ਚੱਲ ਰਿਹਾ ਹੈ ਤਾਂ ਇਨ੍ਹਾਂ ਨੂੰ ਵਰਜਣ ਲਈ ਸੰਯੁਕਤ ਰਾਸ਼ਟਰ ਦੀ ਭੂਮਿਕਾ ਨੂੰ ਕਿਸੇ ਵੀ ਧਿਰ ਨੇ ਨਹੀਂ ਮੰਨਿਆ। ਜੇ ਵੇਖਿਆ ਜਾਵੇ ਤਾਂ ਰੂਸ ਦੀ ਅਸਲ ਜੰਗ ਯੂਕਰੇਨ ਨਾਲ ਨਹੀਂ ਸਗੋਂ ਅਮਰੀਕਾ ਨਾਲ ਹੈ ਕਿਉਂਕਿ ਇਸ ਨਿੱਕੇ ਜਿਹੇ ਦੇਸ਼ ਦੀ ਹਮਾਇਤ ’ਤੇ ਅਮਰੀਕਾ ਅਤੇ ਹੋਰ ਨਾਟੋ ਮੈਂਬਰ ਦੇਸ਼ ਹਨ।

ਯੂਕਰੇਨ ਵੀ ਨਾਟੋ ਮੈਂਬਰ ਹੈ ਤੇ ਉਸ ਨਾਤੇ ਅਮਰੀਕਾ ਨੇ ਤਾਂ ਉਸ ਦੀ ਹਮਾਇਤ ਕਰਨੀ ਹੀ ਸੀ ਪਰ ਇੱਧਰ ਜੇ ਕਿਤੇ ਰੂਸ ਆਪਣੇ ਭਾਈਵਾਲ ਦੇਸ਼ ਈਰਾਨ ਦੀ ਮਦਦ ’ਤੇ ਆ ਗਿਆ ਤਦ ਵੀ ਉਸ ਦਾ ਟਾਕਰਾ ਅਮਰੀਕਾ ਨਾਲ ਹੀ ਹੋਵੇਗਾ ਜੋ ਕਿ ਇਜ਼ਰਾਈਲ ਦਾ ਸਮਰਥਨ ਕਰ ਰਿਹਾ ਹੈ। ਇਜ਼ਰਾਈਲ ਅਤੇ ਈਰਾਨ ਵਿਚਾਲੇ ਤਣਾਅ ਦਾ ਭੈੜਾ ਅਸਰ ਦੁਨੀਆ ਦੇ ਅਨੇਕ ਦੇਸ਼ਾਂ ਦੇ ਅਰਥਚਾਰਿਆਂ ਤੇ ਸਟਾਕ ਮਾਰਕਿਟਸ ਅਤੇ ਇਕਵਿਟੀਜ਼ ’ਤੇ ਪਵੇਗਾ। ਜੇ ਕਿਤੇ ਇਹ ਤਣਾਅ ਹੋਰ ਵਧ ਗਿਆ ਤਾਂ ਕੱਚੇ ਤੇਲ ਦੀਆਂ ਕੀਮਤਾਂ ਅਸਮਾਨੀਂ ਚੜ੍ਹ ਜਾਣਗੀਆਂ। ਇਸ ਤਣਾਅ ਸਦਕਾ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਭਾਰਤ ਸਮੇਤ ਦੁਨੀਆ ਦੇ ਹੋਰਨਾਂ ਦੇਸ਼ਾਂ ’ਚ ਬਹੁਤ ਜ਼ਿਆਦਾ ਵਧ ਜਾਣਗੀਆਂ। ਓਧਰ ਤਣਾਅ ਦੇ ਚੱਲਦਿਆਂ ਈਰਾਨੀ ਫ਼ੌਜ ਨੇ ਪੁਰਤਗਾਲੀ ਝੰਡੇ ਵਾਲਾ ਜਿਹੜਾ ਮਾਲਵਾਹਕ ਸਮੁੰਦਰੀ ਬੇੜਾ ਐੱਮਐੱਸਸੀ ਅਰਾਈਜ਼ ਆਪਣੇ ਕਬਜ਼ੇ ’ਚ ਲੈ ਲਿਆ ਸੀ, ਉਸ ਦੇ ਅਮਲੇ ’ਚ 17 ਭਾਰਤੀ ਮੌਜੂਦ ਹਨ। ਭਾਰਤ ਸਰਕਾਰ ਦੇ ਦਬਾਅ ਹੇਠ ਈਰਾਨ ਸਰਕਾਰ ਨੇ ਭਾਰਤੀ ਅਧਿਕਾਰੀਆਂ ਨੂੰ ਅਮਲੇ ਦੇ 17 ਮੈਂਬਰਾਂ ਨੂੰ ਮਿਲਣ ਦੀ ਇਜਾਜ਼ਤ ਦੇ ਦਿੱਤੀ ਹੈ। ਭਾਰਤ ਦੇ ਵਿਦੇਸ਼ ਮੰਤਰੀ ਐੱਸ। ਜੈਸ਼ੰਕਰ ਨੇ ਫੋਨ ’ਤੇ ਇਹ ਮੁੱਦਾ ਈਰਾਨੀ ਵਿਦੇਸ਼ ਮੰਤਰੀ ਕੋਲ ਉਠਾਇਆ ਸੀ। ਜੰਗ ਦੇ ਭੈੜੇ ਅਸਰ ਦੁਨੀਆ ਕਈ ਵਾਰ ਤੱਕ ਚੁੱਕੀ ਹੈ। ਭਾਰਤ ਖ਼ੁਦ 1962 ’ਚੀ ਚੀਨ ਨਾਲ, 1965 ਤੇ 1971 ’ਚ ਪਾਕਿਸਤਾਨ ਨਾਲ ਜੰਗਾਂ ਦੇ ਮਾੜੇ ਪ੍ਰਭਾਵ ਭੁਗਤ ਚੁੱਕਾ ਹੈ। ਪਰ ਜਿੰਨੀਆਂ ਮਨੁੱਖੀ ਜਾਨਾਂ ਦੂਜੇ ਵਿਸ਼ਵ ਯੁੱਧ ਦੌਰਾਨ ਜਰਮਨੀ ਦੀ ਨਾਜ਼ੀ ਸਰਕਾਰ ਨੇ ਲਈਆਂ ਸਨ, ਉਸ ਤਸ਼ੱਦਦ ਦਾ ਦੁਨੀਆ ’ਚ ਹੋਰ ਕੋਈ ਮੁਕਾਬਲਾ ਨਹੀਂ ਮਿਲਦਾ।

ਉਸ ਸੰਘਰਸ਼ ਦੌਰਾਨ 60 ਤੋਂ 70 ਲੱਖ ਯਹੂਦੀ ਮਾਰੇ ਗਏ ਸਨ। ਉਦੋਂ ਝੱਲੇ ਤਸ਼ੱਦਦ ਤੋਂ ਬਾਅਦ ਯਹੂਦੀ ਇੰਨੇ ਦ੍ਰਿੜ੍ਹ ਹੋ ਗਏ ਕਿ ਉਨ੍ਹਾਂ ਨੇ ਪੱਛਮੀ ਏਸ਼ੀਆ ਦੇ ਦੱਖਣ ’ਚ ਸਥਿਤ ਲੀਵੈਂਟ ਖੇਤਰ ਵਿਚ 14 ਮਈ 1948 ਨੂੰ ਆਪਣਾ ਵੱਖਰਾ ਦੇਸ਼ ਇਜ਼ਰਾਈਲ ਕਾਇਮ ਕਰ ਲਿਆ। ਨਵੇਂ ਦੇਸ਼ ਇਜ਼ਰਾਈਲ ਦੀ ਸਥਾਪਨਾ ਦੇ ਪ੍ਰਤੀਕਰਮ ਵਜੋਂ ਸਾਰੇ ਹੀ ਗੁਆਂਢੀ ਅਰਬ ਦੇਸ਼ਾਂ ਨੇ ਉਸ ’ਤੇ ਹਮਲਾ ਬੋਲ ਦਿੱਤਾ ਸੀ ਜੋ ਪਹਿਲੀ ਅਰਬ-ਇਜ਼ਰਾਇਲੀ ਜੰਗ ਵੀ ਸੀ। ਜੇ ਹੁਣ ਤੁਰੰਤ ਈਰਾਨ ਤੇ ਇਜ਼ਰਾਈਲ ਵਿਚਾਲੇ ਜੰਗ ਨੂੰ ਨਾ ਰੋਕਿਆ ਗਿਆ ਤਾਂ ਸਮੁੱਚੀ ਲੋਕਾਈ ਲਈ ਇਸ ਦੇ ਨਤੀਜੇ ਬਹੁਤ ਭੈੜੇ ਨਿਕਲ ਸਕਦੇ ਹਨ।

# ਵਿਨਾਸ਼ ਨਹੀਂ, ਇਹ ਵਿਕਾਸ ਦਾ ਯੁੱਗ ਹੈ



ਸੁਰਜੀਤ ਸਿੰਘ ਫਲੋਰਾ

ਇਜ਼ਰਾਈਲ ਅਤੇ ਹਮਾਸ ਵਿਚਕਾਰ ਛੇ ਮਹੀਨੇ ਪਹਿਲਾਂ ਸ਼ੁਰੂ ਹੋਈ ਜੰਗ ਹੁਣ ਪੱਛਮੀ ਏਸ਼ੀਆ ਦੇ ਹੋਰ ਦੇਸ਼ਾਂ ਨੂੰ ਘੇਰ ਰਹੀ ਹੈ। ਖ਼ਾਸ ਤੌਰ ’ਤੇ ਇਸ ਮੁੱਦੇ ’ਤੇ ਈਰਾਨ ਅਤੇ ਇਜ਼ਰਾਈਲ ਵਿਚਾਲੇ ਸਿੱਧਾ ਟਕਰਾਅ ਰਿਹਾ ਹੈ। ਈਰਾਨ ਨੇ ਬੀਤੇ ਐਤਵਾਰ ਰਾਤ ਨੂੰ ਇਜ਼ਰਾਈਲ ਦੁਆਰਾ ਆਪਣੇ ਦੂਤਘਰ ’ਤੇ ਹਮਲਾ ਕਰਨ ਅਤੇ ਇਕ ਜਨਰਲ ਅਤੇ ਹੋਰ ਫ਼ੌਜੀਆਂ ਦੀ ਹੱਤਿਆ ਕਰਨ ਦਾ ਜਵਾਬ ਦਿੱਤਾ। ਵੱਖ-ਵੱਖ ਸਾਈਟਾਂ ’ਤੇ 200 ਡ੍ਰੋਨਾਂ ਅਤੇ 20-30 ਬੈਲਿਸਟਿਕ ਮਿਜ਼ਾਈਲਾਂ ਦੀ ਵਰਤੋਂ ਨਾਲ ਹਮਲਾ ਕੀਤਾ ਸੀ।

ਅਮਰੀਕਾ, ਬ੍ਰਿਟੇਨ, ਫਰਾਂਸ ਅਤੇ ਹੋਰ ਦੇਸ਼ਾਂ ਦੀ ਮਦਦ ਨਾਲ ਇਜ਼ਰਾਈਲ ਨੇ ਇਸ ਹਮਲੇ ਨੂੰ 99 ਫ਼ੀਸਦੀ ਤੱਕ ਅਸਫਲ ਕਰਨ ਦਾ ਦਾਅਵਾ ਕੀਤਾ ਹੈ। ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਵੀ ਮੰਨਿਆ ਹੈ ਕਿ ਉਨ੍ਹਾਂ ਦੇ ਜਹਾਜ਼ਾਂ ਨੇ ਈਰਾਨੀ ਹਮਲੇ ਨੂੰ ਨਾਕਾਮ ਕਰਨ ’ਚ ਭੂਮਿਕਾ ਨਿਭਾਈ ਹੈ।

ਈਰਾਨ ਨੇ 200 ਡ੍ਰੋਨ ਦਾਗੇ ਜਿਨ੍ਹਾਂ ਨੂੰ ਇਜ਼ਰਾਈਲ ਤੱਕ ਪਹੁੰਚਣ ਵਿਚ 7-8 ਘੰਟੇ ਲੱਗ ਗਏ ਜਿਸ ਨਾਲ ਇਜ਼ਰਾਈਲ ਅਤੇ ਉਸ ਦੇ ਸਹਿਯੋਗੀਆਂ ਨੂੰ ਉਨ੍ਹਾਂ ਨੂੰ ਆਕਾਸ਼ ਵਿਚ ਹੀ ਨਸ਼ਟ ਕਰਨ ਲਈ ਕਾਫ਼ੀ ਸਮਾਂ ਮਿਲਿਆ। ਇਜ਼ਰਾਈਲ ਦੀ ਸੁਰੱਖਿਆ ਲਈ ਅਮਰੀਕਾ, ਬ੍ਰਿਟੇਨ, ਫਰਾਂਸ ਅਤੇ ਜਾਰਡਨ ਨੇ ਇਨ੍ਹਾਂ ਡ੍ਰੋਨਾਂ ਨੂੰ ਸੁੱਟ ਲਿਆ। ਰੂਸ ਇਨ੍ਹਾਂ ਡ੍ਰੋਨਾਂ ਦੀ ਵਰਤੋਂ ਬੈਲਿਸਟਿਕ ਮਿਜ਼ਾਈਲਾਂ ਦੀ ਸੁਰੱਖਿਆ ਲਈ ਹਵਾਈ ਸੁਰੱਖਿਆ ਲਈ ਕਰ ਰਿਹਾ ਹੈ ਤੇ ਈਰਾਨ ਦਾ ਇਰਾਦਾ ਪ੍ਰਤੀਤ ਹੁੰਦਾ ਹੈ ਕਿ ਨਾਗਰਿਕ ਬੁਨਿਆਦੀ ਢਾਂਚੇ ਦੇ ਨੁਕਸਾਨ ਨੂੰ ਰੋਕਿਆ ਜਾਵੇ।



ਇਜ਼ਰਾਈਲ ਤੇ ਉਸ ਦੇ ਵਫ਼ਾਦਾਰ ਸਹਿਯੋਗੀਆਂ ਨੇ ਇਕ ਰਾਤ ਵਿਚ ਇਨ੍ਹਾਂ ਡ੍ਰੋਨਾਂ ਨੂੰ ਨਸ਼ਟ ਕਰਕੇ 1 ਬਿਲੀਅਨ ਡਾਲਰ ਦਾ ਨੁਕਸਾਨ ਕੀਤਾ। ਈਰਾਨ ਨੇ ਲੋਕਾਂ ਨੂੰ ਨੁਕਸਾਨ ਨਾ ਪਹੁੰਚਾਉਣ ਲਈ ਜਾਣਬੁੱਝ ਕੇ ਇਜ਼ਰਾਈਲ ਦੇ ਸਾਬਕਾ ਏਅਰਬੇਸ ਨੂੰ ਨਿਸ਼ਾਨਾ ਬਣਾਇਆ ਜੋ ਕਾਮਯਾਬ ਸਾਬਿਤ ਹੋਇਆ ਹੈ। ਇਹ ਇਜ਼ਰਾਈਲ ਅਤੇ ਦੁਨੀਆ ਨੂੰ ਇਕ ਸਖ਼ਤ ਸੰਦੇਸ਼ ਭੇਜਦਾ ਹੈ। ਇਹ ਕਹਿੰਦਾ ਹੈ ਕਿ ਇਜ਼ਰਾਈਲ ਈਰਾਨੀ ਫ਼ੌਜੀ ਕਰਮਚਾਰੀਆਂ ਅਤੇ ਦੂਤਾਵਾਸਾਂ ’ਤੇ ਹਮਲਾ ਕਰ ਕੇ ਅੰਤਰਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਕਰ ਰਿਹਾ ਹੈ। ਕੌਮਾਂਤਰੀ ਪ੍ਰਕਿਰਿਆਵਾਂ ਨੇ ਇਜ਼ਰਾਈਲ ਦੇ ਅੰਤਰਰਾਸ਼ਟਰੀ ਕਾਨੂੰਨਾਂ ਦੇ ਪੁਰਾਣੇ ਉਲੰਘਣਾਵਾਂ ਦੇ ਮਾਮਲਿਆਂ ’ਚ ਕੁਝ ਵੀ ਨਹੀਂ ਕੀਤਾ ਤੇ ਯੂਐੱਨਓ ਅਮਰੀਕਾ, ਯੂਕੇ ਅਤੇ ਫਰਾਂਸ ਦੇ ਵੀਟੋ ਕਾਰਨ ਅਪਾਹਜ ਹੈ। ਈਰਾਨ ਨੂੰ ਸਵੈ-ਰੱਖਿਆ ਵਿਚ ਧਾਰਾ 51 ਦੀ ਵਰਤੋਂ ਕਰਨੀ ਪਈ।

ਈਰਾਨ ਨੇ ਦਿਖਾਇਆ ਕਿ ਉਹ ਆਸਾਨੀ ਨਾਲ ਇਜ਼ਰਾਈਲ ਦੀ ਹਵਾਈ ਰੱਖਿਆ ਨੂੰ ਪਾਰ ਕਰ ਸਕਦਾ ਹੈ ਅਤੇ ਟੀਚਿਆਂ ਨੂੰ ਫੁੰਡ ਸਕਦਾ ਹੈ ਜੋ ਉਨ੍ਹਾਂ ਲਈ ਇਕ ਵੱਡਾ ਸੰਦੇਸ਼ ਹੈ। ਈਰਾਨ ਨੇ ਅਮਰੀਕਾ ਨੂੰ ਚਿਤਾਵਨੀ ਦਿੰਦੇ ਹੋਏ ਇਕ ਦਿਨ ਪਹਿਲਾਂ ਹੋਰਮੁਜ਼ ਜਲਡਮੱਧੀ ਵਿਚ ਇਕ ਇਜ਼ਰਾਈਲੀ ਜਹਾਜ਼ ਨੂੰ ਜ਼ਬਤ ਕਰ ਲਿਆ ਤੇ ਅਮਲੇ ਨੂੰ ਹਿਰਾਸਤ ਵਿਚ ਲੈ ਲਿਆ। ਉਸ ਨੇ ਕਿਹਾ ਕਿ ਜੇ ਉਸ ਨੂੰ ਬਦਨਾਮ ਕੀਤਾ ਗਿਆ ਤਾਂ ਅਸੀਂ ਹੋਰਮੁਜ਼ ਸਟ੍ਰੇਟ ਨੂੰ ਸੀਲ ਕਰ ਦੇਵਾਂਗੇ।

ਇਹ ਊਰਜਾ ਦੀਆਂ ਕੀਮਤਾਂ ਵਧਾ ਕੇ ਪੱਛਮ ਦੀ ਆਰਥਿਕਤਾ ਨੂੰ ਤਬਾਹ ਕਰ ਦੇਵੇਗਾ। ਬਾਇਡਨ ਪ੍ਰਸ਼ਾਸਨ ਨੇ ਸਮਝਦਾਰੀ ਦਾ ਸਬੂਤ ਦਿੰਦੇ ਹੋਏ ਇਜ਼ਰਾਈਲ ਨੂੰ ਬੀਤੀ ਰਾਤ ਈਰਾਨੀ ਡ੍ਰੋਨ ਹਮਲੇ ਦਾ ਜਵਾਬ ਨਾ ਦੇਣ ਦੀ ਹਦਾਇਤ ਕੀਤੀ। ਰੂਸ ਨੇ ਦੋ ਦਿਨ ਪਹਿਲਾਂ ਇਕ ਵਿਸ਼ਾਲ ਅੰਤਰ-ਮਹਾਦੀਪੀ ਬੈਲਿਸਟਿਕ ਮਿਜ਼ਾਈਲ ਦਾ ਪ੍ਰੀਖਣ ਕੀਤਾ ਸੀ।

ਖਾੜੀ ਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਈਰਾਨ ’ਤੇ ਹਮਲਾ ਕਰਨ ਲਈ ਆਪਣੀ ਧਰਤੀ ’ਤੇ ਅਮਰੀਕੀ ਟਿਕਾਣਿਆਂ ਦੀ ਵਰਤੋਂ ਕਰਨ ਤੋਂ ਸਪਸ਼ਟ ਇਨਕਾਰ ਕਰ ਦਿੱਤਾ ਗਿਆ। ਇਹ ਮਹੱਤਵਪੂਰਨ ਹੈ ਕਿਉਂਕਿ ਅਮਰੀਕਾ ਅਤੇ ਇਨ੍ਹਾਂ ਦੇਸ਼ਾਂ ਨੇ 1970 ਦੇ ਦਹਾਕੇ ਦੇ ਅਖ਼ੀਰ ਵਿਚ ਯੂਐੱਸਐੱਸਆਰ ਦੀ ਆਰਥਿਕਤਾ ਦਾ ਗਲਾ ਘੁੱਟ ਦਿੱਤਾ ਸੀ। ਚੀਨੀ ਮੀਡੀਆ ਨੇ ਕਿਹਾ ਕਿ ਈਰਾਨ ਨੇ ਇਜ਼ਰਾਈਲ ਵੱਲੋਂ ਉਸ ਦੇ ਦੂਤਘਰ ’ਤੇ ਹਮਲੇ ਦਾ ਚੁੱਪਚਾਪ ਜਵਾਬ ਦਿੱਤਾ ਹੈ। ਚੀਨੀ ਸਰਕਾਰ ਨੇ ਖੇਤਰੀ ਤਣਾਅ ਵਾਧੇ ’ਤੇ ਚਿੰਤਾ ਜ਼ਾਹਰ ਕੀਤੀ ਪਰ ਇਸ ਘਟਨਾ ਦਾ ਵਿਰੋਧ ਨਹੀਂ ਕੀਤਾ ਜੋ ਇਜ਼ਰਾਈਲ, ਅਮਰੀਕਾ ਅਤੇ ਉਸ ਦੇ ਸਹਿਯੋਗੀਆਂ ਲਈ ਇਕ ਗੁਪਤ ਚਿਤਾਵਨੀ ਜਾਪਦੀ ਹੈ। ਚੀਨ ਵਾਂਗ ਭਾਰਤ ਨੇ ਵੀ ਈਰਾਨੀ ਹਮਲੇ ਦੀ ਨਿੰਦਾ ਕੀਤੇ ਬਿਨਾਂ ਇਜ਼ਰਾਈਲ ਤੇ ਉਸ ਦੇ ਹਮਾਇਤੀਆਂ ਨੂੰ ਇਹੀ ਸੰਦੇਸ਼ ਦਿੰਦੇ ਹੋਏ ਖੇਤਰੀ ਤਣਾਅ ਬਾਰੇ ਚਿੰਤਾ ਜ਼ਾਹਰ ਕੀਤੀ ਹੈ। ਇਸ ਹਮਲੇ ਤੋਂ ਇਹ ਵੀ ਸਿੱਧ ਹੋ ਚੁੱਕਾ ਹੈ ਕਿ ਇਜ਼ਰਾਈਲੀ ਹਵਾਈ ਰੱਖਿਆ ਕਮਜ਼ੋਰ ਹੈ। ਇਸ ਤੋਂ ਇਲਾਵਾ, ਇਸ ਦੇ ਸਹਿਯੋਗੀਆਂ ਦੀ ਹਵਾਈ ਰੱਖਿਆ ਅਜਿੱਤ ਨਹੀਂ ਹੈ। ਇਜ਼ਰਾਈਲ ਦੇ ਕੱਟੜਪੰਥੀ ਇਕ ਚੌਰਾਹੇ ’ਤੇ ਹਨ। ਉਨ੍ਹਾਂ ਦੀ ਆਰਥਿਕਤਾ ਅਪਾਹਜ ਹੈ, ਉਨ੍ਹਾਂ ਨੇ ਇਕ ਟੀਚਾ ਪ੍ਰਾਪਤ ਕੀਤੇ ਬਿਨਾਂ ਗਾਜ਼ਾ ਯੁੱਧ ਵਿਚ 6000 ਬੱਚਿਆਂ ਦਾ ਕਤਲ ਕਰ ਦਿੱਤਾ। ਦੁਨੀਆ ਦੇ 80% ਦੇਸ਼ ਇਜ਼ਰਾਈਲ ਨੂੰ ਨਸਲਕੁਸ਼ੀ ਕਰਨ ਵਾਲਾ ਮੁਲਕ ਮੰਨਦੇ ਹਨ। ਇਸ ਮੌਕੇ ’ਤੇ ਵੱਖ-ਵੱਖ ਆਧਾਰਾਂ ’ਤੇ ਜਿੱਤ ਦਾ ਐਲਾਨ ਕਰਨਾ ਅਤੇ ਪਿੱਛੇ ਹਟਣਾ ਇਜ਼ਰਾਈਲ ਦਾ ਸਭ ਤੋਂ ਵਧੀਆ ਵਿਕਲਪ ਹੈ।

ਉਹ ਈਰਾਨੀ ਹਮਲੇ ’ਤੇ ਜਿੱਤ ਦਾ ਦਾਅਵਾ ਕਰ ਸਕਦੇ ਹਨ ਅਤੇ ਲੜਾਈ ਬੰਦ ਕਰ ਸਕਦੇ ਹਨ। ਗਾਜ਼ਾ ਸਿਰਫ਼ ਦਾਅਵਾ ਕਰ ਸਕਦਾ ਹੈ ਕਿ ਉਨ੍ਹਾਂ ਦੀ ਕਾਰਵਾਈ ਨੇ ਹਮਾਸ ਨੂੰ ਨੁਕਸਾਨ ਪਹੁੰਚਾਇਆ ਅਤੇ ਗਾਜ਼ਾ ਛੱਡ ਦਿੱਤਾ। ਬਾਇਡਨ ਪ੍ਰਸ਼ਾਸਨ ਵੀ ਫਸਿਆ ਹੋਇਆ ਹੈ। ਤਾਇਵਾਨ ਯੁੱਧ ਤੋਂ ਪਹਿਲਾਂ ਉਨ੍ਹਾਂ ਦਾ ਮੰਨਿਆ ਗਿਆ ਸਹਿਯੋਗੀ ਇਕ ਤੀਜਾ ਮੋਰਚਾ ਖੋਲ੍ਹਣ ਦੀ ਕੋਸ਼ਿਸ਼ ਕਰ ਰਿਹਾ ਹੈ ਜੋ ਬਾਇਡਨ ਪ੍ਰਸ਼ਾਸਨ ਦੀਆਂ ਯੋਜਨਾਵਾਂ ਨੂੰ ਖ਼ਤਰੇ ਵਿਚ ਪਾ ਕੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਹੋਰ ਵੀ ਵਧਾ ਦੇਵੇਗਾ। ਚੋਣਾਂ ਵਾਲੇ ਸਾਲ ਵਿਚ ਬਾਇਡਨ ਪ੍ਰਸ਼ਾਸਨ ਨੂੰ ਮਹਿੰਗਾਈ ਸੇਕ ਪਹੁੰਚਾ ਰਹੀ ਹੈ। ਮਹਿੰਗਾਈ ਵਧਣ ਨਾਲ ਅਮਰੀਕੀ ਆਰਥਿਕਤਾ ਸੰਕਟ ਵਿਚ ਹੈ। ਰੂਸ ਵਿਰੁੱਧ ਪਾਬੰਦੀਆਂ ਨੇ ਚੀਨ, ਰੂਸ, ਭਾਰਤ ਅਤੇ ਗਲੋਬਲ ਸਾਊਥ ਵੱਲ ਵਿਸ਼ਵ ਅਰਥਵਿਵਸਥਾ ਨੂੰ ਪੁਨਰਗਠਿਤ ਕਰਨ ਤੋਂ ਬਾਅਦ ਜੈਨੇਟ ਯੇਲੇਨ ਚੀਨ ਜਾ ਕੇ ਉਨ੍ਹਾਂ ਨੂੰ ਅਮਰੀਕੀ ਕਰਜ਼ੇ ਨੂੰ ਫਲੋਟ ਕਰਨ ਲਈ ਯੂਐੱਸ ਬਾਂਡ ਖ਼ਰੀਦਣ ਤੇ ਚੀਨੀ ਨਿਰਮਾਤਾਵਾਂ ਦੇ ਕਾਨੂੰਨੀ ਤੌਰ ’ਤੇ ਬਾਹਰ ਨਿਕਲਣ ਦੇ ਰੂਪ ਵਿਚ ਈਵੀ ਉਤਪਾਦਨ ਵਿਚ ਕਟੌਤੀ ਕਰਨ ਲਈ ਬੇਨਤੀ ਕਰਨ ਲਈ ਲਗਾਤਾਰ ਚੀਨ ਜਾ ਰਹੀ ਹੈ।

ਅਮਰੀਕਾ ਦੁਆਰਾ ਨਿਯੰਤਰਿਤ ਪੱਛਮ ਦੀ ਭੂ-ਰਾਜਨੀਤਕ ਅਤੇ ਨਾ ਹੀ ਫ਼ੌਜੀ ਮਸ਼ੀਨ ਅਜਿੱਤ ਹੈ। ਸਸਤੇ ਡ੍ਰੋਨਾਂ ਦਾ ਇਕ ਝੁੰਡ ਉਸ ਫ਼ੌਜ ਨੂੰ ਹਾਵੀ ਕਰ ਸਕਦਾ ਹੈ। ਸਸਤੇ ਡ੍ਰੋਨਾਂ ਨੂੰ ਸ਼ੂਟ ਕਰਨਾ ਪੱਛਮ ਦੀ ਆਰਥਿਕਤਾ ਨੂੰ ਬੁਨਿਆਦੀ ਢਾਂਚੇ ਜਾਂ ਫ਼ੌਜੀ ਨੁਕਸਾਨ ਤੋਂ ਬਿਨਾਂ ਅਪਾਹਜ ਕਰ ਸਕਦਾ ਹੈ। ਏਅਰਬੇਸ ਅਤੇ ਏਅਰ ਡਿਫੈਂਸ ਸਿਸਟਮ ਪੂਰੀ ਸਮਰੱਥਾ ਨਾਲ ਕੰਮ ਕਰ ਰਹੇ ਹਨ ਤਾਂ ਜੋ ਉਹ ਸਸਤੇ ਡ੍ਰੋਨਾਂ ਨੂੰ ਮਾਰਨ ਲਈ ਮਹਿੰਗੀਆਂ ਮਿਜ਼ਾਈਲਾਂ ਖ਼ਰਚ ਕਰਦੇ ਰਹਿਣ। ਚੀਨ, ਰੂਸ ਅਤੇ ਭਾਰਤ ਵਰਗੇ ਸਹਿਯੋਗੀਆਂ ਨੇ ਆਪਣੀ ਵਫ਼ਾਦਾਰੀ ਦਿਖਾਈ ਹੈ।

ਇਹ ਸਹਿਯੋਗੀ ਰਾਜਾਂ ਦੀ ਇਕ ਸਮਾਨਤਾਵਾਦੀ ਬਹੁ-ਧਰੁਵੀ ਸੰਸਾਰ ਬਣਾਉਣ ਦੇ ਗਲੋਬਲ ਸਾਊਥ ਦੇ ਸੰਕਲਪ ਨੂੰ ਮਜ਼ਬੂਤ ਕਰੇਗਾ। ਉਨ੍ਹਾਂ ਦੀਆਂ ਜ਼ੰਜੀਰਾਂ ਨੂੰ ਤੋੜਨਾ ਤੇ ਇਸ ਬਹੁ-ਧਰੁਵੀ ਸੰਸਾਰ ਵਿਚ ਸ਼ਾਮਲ ਹੋਣਾ ਦੇਸ਼ਾਂ ਨੂੰ ਆਰਥਿਕ ਜਾਂ ਫ਼ੌਜੀ ਤੌਰ ’ਤੇ ਇਕੱਲੇ ਨਹੀਂ ਛੱਡੇਗਾ। ਜਿਵੇਂ ਕਿ ਗਾਜ਼ਾ ਵਿਚ ਆਪਣੀ ਜੰਗ ਦੌਰਾਨ ਇਜ਼ਰਾਈਲ ਨੂੰ ਬਦਲਾ ਲੈਣ ਤੋਂ ਬਚਾਉਣ ਦੀ ਅਫ਼ਵਾਹ ਹੈ, ਯੂਐੱਸ, ਯੂਕੇ, ਫਰਾਂਸ ਅਤੇ ਜਾਰਡਨ ਨੇ ਇਜ਼ਰਾਈਲ ਦੀ ਰੱਖਿਆ ਲਈ ਸ਼ਾਬਦਿਕ ਫ਼ੌਜੀ ਕਾਰਵਾਈ ਕੀਤੀ ਹੈ।ਸੰਸਾਰ ਪਰਿਵਰਤਨ ਦੇ ਦੌਰ ਵਿੱਚੋਂ ਲੰਘ ਰਿਹਾ ਹੈ। ਜਿਹੜੇ ਲੋਕ ਬਹੁ-ਧਰੁਵੀ ਸੰਸਾਰ ਦੀ ਰੇਲਗੱਡੀ ’ਤੇ ਨਹੀਂ ਚੜ੍ਹਦੇ, ਉਹ ਪਿੱਛੇ ਰਹਿ ਜਾਣਗੇ ਜੋ ਉਨ੍ਹਾਂ ਦੀ ਖ਼ੁਸ਼ਹਾਲੀ ਤੇ ਵਿਕਾਸ ਲਈ ਵਿਨਾਸ਼ਕਾਰੀ ਹੋਵੇਗਾ। ਨਵੇਂ ਯੁੱਗ ਦੇ ਮੁੱਖ ਸ਼ਬਦ ਸ਼ਾਂਤੀ, ਸਮਾਨਤਾਵਾਦ ਅਤੇ ਸਹਿਯੋਗ ਹਨ। ਇਜ਼ਰਾਈਲ ਪਿਛਲੇ ਕਈ ਸਾਲਾਂ ਤੋਂ ਈਰਾਨ ਦੀਆਂ ਫ਼ੌਜੀ ਸੰਪਤੀਆਂ ਤੇ ਸੀਰੀਆ, ਲੈਬਨਾਨ, ਇਰਾਕ ਤੇ ਕੁਝ ਹੋਰਨਾਂ ਦੇਸ਼ਾਂ ’ਚ ਵਸਦੇ ਬਾਗ਼ੀਆਂ ਨੂੰ ਨਿਸ਼ਾਨਾ ਬਣਾਉਂਦਾ ਆਇਆ ਹੈ।

ਇਜ਼ਰਾਇਲੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਤਾਂ ਸ਼ੁਰੂ ਤੋਂ ਹੀ ਅੱਤਵਾਦੀ ਸੰਗਠਨਾਂ ’ਤੇ ਹਮਲੇ ਕਰਦੇ ਆਏ ਹਨ ਤੇ ਈਰਾਨ ਦਾ ਤਾਜ਼ਾ ਡ੍ਰੋਨ ਤੇ ਮਿਜ਼ਾਈਲ ਹਮਲਾ ਪੂਰੀ ਤਰ੍ਹਾਂ ਜਵਾਬੀ ਕਾਰਵਾਈ ਸੀ। ਉਨ੍ਹਾਂ ਦਾਅਵਾ ਕੀਤਾ ਕਿ ਈਰਾਨ ਦੇ ਹਿੰਸਕ ਹਮਲੇ ਦੇ ਬਾਵਜੂਦ ਇਜ਼ਰਾਈਲ ਆਪਣੀਆਂ ਕਾਰਵਾਈਆਂ ਪਹਿਲਾਂ ਵਾਂਗ ਜਾਰੀ ਰੱਖੇਗਾ। ਅਜਿਹੇ ਹਾਲਾਤ ਦੇ ਆਧਾਰ ’ਤੇ ਕੌਮਾਂਤਰੀ ਸਿਆਸੀ ਘਟਨਾਕ੍ਰਮਾਂ ਦੇ ਮਾਹਿਰਾਂ ਦਾ ਵਿਚਾਰ ਹੈ ਕਿ ਇੰਜ ਇਜ਼ਰਾਈਲ ਤੇ ਮੱਧ-ਪੂਰਬੀ ਇਸਲਾਮਿਕ ਦੇਸ਼ਾਂ ਵਿਚਾਲੇ ਟਕਰਾਅ ਹੋਰ ਵੀ ਵਧ ਸਕਦਾ ਹੈ। ਸੰਯੁਕਤ ਰਾਸ਼ਟਰ ਨੂੰ ਜੰਗੀ ਪੱਧਰ ’ਤੇ ਆਪਣੀ ਵਿਚੋਲਗੀ ਦੀ ਭੂਮਿਕਾ ਨਿਭਾਉਂਦੇ ਹੋਏ ਇਸ ਸਾਰੇ ਮਾਮਲੇ ਨੂੰ ਸ਼ਾਂਤ ਕਰਵਾਉਣਾ ਚਾਹੀਦਾ ਹੈ।

# ਈਰਾਨ ਅਤੇ ਇਜ਼ਰਾਈਲ- ਫੌਜੀ ਤਾਕਤ ਪੱਖੋਂ ਕੌਣ ਕਿੰਨੇ ਪਾਣੀ 'ਚ

ਸ਼ਨੀਵਾਰ 13 ਅਪ੍ਰੈਲ ਦੀ ਰਾਤ ਤੋਂ ਇਜ਼ਰਾਈਲ 'ਤੇ ਈਰਾਨ ਦੇ ਸ਼ੁਰੂ ਹੋਏ ਮਿਜ਼ਾਈਲ ਅਤੇ ਡਰੋਨ ਹਮਲਿਆਂ ਨੇ ਇੱਕ ਵਾਰ ਫਿਰ ਮੱਧ ਪੂਰਬ ਵਿੱਚ ਵੱਡੇ ਪੱਧਰ ਦੇ ਤਣਾਅ ਦਾ ਖੌਫ਼ ਪੈਦਾ ਕਰ ਦਿੱਤਾ ਹੈ। ਹਾਲਾਂਕਿ ਇਸ ਨਾਲ ਇਜ਼ਰਾਈਲ ਵਿੱਚ ਕੋਈ ਵੱਡਾ ਜਾਨੀ ਨੁਕਸਾਨ ਨਹੀਂ ਹੋਇਆ, ਪਰ 300 ਤੋਂ ਵੱਧ ਵਿਸਫੋਟਕ ਮਿਜ਼ਾਇਲਾਂ ਦੀ ਬਾਛੜ ਨੇ ਦੂਰੀ ਤੋਂ ਹਮਲਾ ਕਰਨ ਦੀ ਈਰਾਨ ਦੀ ਸਮਰੱਥਾ ਦਾ ਪ੍ਰਦਰਸ਼ਨ ਜ਼ਰੂਰ ਕੀਤਾ ਹੈ।

ਲੰਬੇ ਸਮੇਂ ਤੋਂ ਚੱਲਿਆ ਆ ਰਿਹਾ ਇਹ ਟਕਰਾਅ ਹੋਰਾਂ ਵੱਲੋਂ ਉਕਸਾਇਆ ਗਿਆ ਹੈ ਜੋ




ਸਿੱਧੇ ਤੌਰ ’ਤੇ ਖ਼ੁਦ ਇਸ ਵਿੱਚ ਸ਼ਾਮਲ ਨਹੀਂ ਹਨ। ਇਸ ਕਾਰਨ ਇਹ ਟਕਰਾਅ ਡੂੰਘਾ ਹੋ ਗਿਆ ਹੈ ਜਿਸ ਵਿੱਚ ਈਰਾਨ ਦੇ ਸਹਿਯੋਗੀ ਸਮੂਹਾਂ ਨੇ ਇਜ਼ਰਾਈਲ ’ਤੇ ਹਮਲੇ ਕੀਤੇ ਅਤੇ ਈਰਾਨ ’ਤੇ ਹੋਏ ਹਮਲੇ ਲਈ ਵਿਆਪਕ ਤੌਰ 'ਤੇ ਇਜ਼ਰਾਈਲ ਜ਼ਿੰਮੇਵਾਰ ਹੈ। ਇਜ਼ਰਾਈਲ ਪਹਿਲਾਂ ਹੀ ਗਾਜ਼ਾ ਵਿੱਚ ਜੰਗ ਜਾਰੀ ਰੱਖਣ ਲਈ ਵਚਨਬੱਧ ਹੈ ਅਤੇ ਲੇਬਨਾਨੀ ਸਮੂਹ ਹਿਜ਼ਬੁੱਲ੍ਹਾ ਨਾਲ ਵਧ ਰਹੀ ਸੀਮਾ ਪਾਰ ਲੜਾਈ ਦਾ ਵੀ ਸਾਹਮਣਾ ਕਰ ਰਿਹਾ ਹੈ, ਇਸ ਲਈ ਉਸ ਨੂੰ ਅੱਗੇ ਵਧਣ ਨਾਲ ਖ਼ਤਰਾ ਪੈਦਾ ਹੋ ਸਕਦਾ ਹੈ। ***(ਬਾਕੀ ਸਫਾ 14 ‘ਤੇ)***

# ਸਿਆਸੀ ਪਾਰਟੀਆਂ ਦੇ ਨਾਅਰੇ ਅਤੇ ਜੁਮਲੇ

ਚੰਡੀਗੜ੍ਹ– ਲੋਕ ਸਭਾ ਚੋਣਾਂ ਦੇ ਪ੍ਰਚਾਰ ’ਚ ‘ਚੋਣ ਨਾਅਰੇ’ ਇੱਕ ਨਿਆਰਾ ਰੰਗ ਹੀ ਨਹੀਂ ਭਰਦੇ ਸਗੋਂ ਲੋਕ ਉਮੀਦਾਂ ਨੂੰ ਵੀ ਜਗਾਉਂਦੇ ਹਨ। ਨਾਅਰੇ ਹੀ ਹਨ ਜਿਹੜੇ ਧਰਵਾਸ ਬੰਨ੍ਹਦੇ ਹਨ। ਤਾਹੀਂ ਸਿਆਸੀ ਧਿਰਾਂ ਦਾ ਪੂਰਾ ਤਾਣ ਖਿੱਚਪਾਊ ਨਾਅਰੇ ਘੜਨ ’ਤੇ ਲੱਗਦਾ ਹੈ। ਪੰਜਾਬ ਵਿੱਚ ਹਰ ਚੋਣ ’ਚ ਨਵਾਂ ਨਾਅਰਾ ਗੂੰਜਿਆ ਹੈ। ਭਾਜਪਾ ਨੇ ਹੁਣ ‘ਇਸ ਵਾਰ, 400 ਪਾਰ’ ਦਾ ਨਾਅਰਾ ਦਿੱਤਾ ਹੈ ਜਦੋਂਕਿ ਕਾਂਗਰਸ ਨੇ ‘ਹਾਥ ਬਦਲੇਗਾ ਹਾਲਾਤ’ ਦਾ ਨਾਅਰਾ ਦਿੱਤਾ ਹੈ। ਪੰਜਾਬ ’ਚ ‘ਆਪ’ ਦਾ ਨਾਅਰਾ ਹੈ, ‘ਸੰਸਦ ’ਚ ਵੀ ਭਗਵੰਤ ਮਾਨ, ਖ਼ੁਸ਼ਹਾਲ ਪੰਜਾਬ ਤੇ ਵਧੇਗੀ ਸ਼ਾਨ’।

ਬਹੁਤੇ ਸਿਆਸੀ ਨਾਅਰੇ ਅਜਿਹੇ ਹਨ ਜਿਨ੍ਹਾਂ ਨੂੰ ਹਰ ਸਿਆਸੀ ਨੇਤਾ ਆਪਣੇ ਨਾਮ ਨਾਲ ਫਿੱਟ ਕਰ ਲੈਂਦਾ ਹੈ। ਮਿਸਾਲ ਵਜੋਂ ,‘ਦੇਸ਼ ਕਾ ਨੇਤਾ ਕੈਸਾ ਹੋ..’, ਜਿੱਤੂਗਾ ਬਈ ਜਿੱਤੂਗਾ..’ ਅਤੇ ‘..ਤੇਰੀ ਸੋਚ ’ਤੇ ਪਹਿਰਾ ਦਿਆਂਗੇ ਠੋਕ ਕੇ’। ਪੁਰਾਣੇ ਵੇਲਿਆਂ ਵਿੱਚ ਚੋਣ ਨਾਅਰਿਆਂ ’ਚ ਪੰਥਕ ਦਿੱਖ ਵਾਲੇ ਨਾਅਰੇ ਗੂੰਜਦੇ ਸਨ ਜਿਵੇਂ ‘ਝੂਲਤੇ ਨਿਸ਼ਾਨ ਰਹੇ ਪੰਥ ਮਹਾਰਾਜ ਕੇ’, ‘ਦੇਗ ਤੇਗ਼ ਫ਼ਤਹਿ, ਪੰਥ ਕੀ ਜੀਤ’, ‘ਜਿੱਤੇਗਾ ਵੀ ਜਿੱਤੇਗਾ ਤੱਕੜੀ ਵਾਲਾ ਜਿੱਤੇਗਾ।’ ਮੌਜੂਦਾ ਅਕਾਲੀ ਸਿਆਸਤ ‘ਰਾਜ ਨਹੀਂ ਸੇਵਾ’ ਮਗਰੋਂ ਹੁਣ ‘ਸਾਡਾ ਵੀਰ ਸੁਖਬੀਰ’ ਤੱਕ ਪਹੁੰਚ ਗਈ ਹੈ।



ਪੰਜਾਬ ਵਿੱਚ ਅਕਾਲੀ ਦਲ ਅਤੇ ਜਨ ਸੰਘ (ਚੋਣ ਨਿਸ਼ਾਨ ਦੀਵਾ) ਦਾ ਗੱਠਜੋੜ ਹੁੰਦਾ ਸੀ ਤਾਂ ਉਦੋਂ ਕਾਂਗਰਸੀਆਂ ਦਾ ਅਕਾਲੀਆਂ ਖ਼ਿਲਾਫ਼ ਇੱਕ ਨਾਅਰਾ ਹੁੰਦਾ ਸੀ, ‘ਤੱਕੜੀ ਦੇ ਵਿੱਚ ਦੀਵਾ ਫਸਾ ਕੇ ਲੈਣ ਆਉਣਗੇ ਵੋਟਾਂ ਨੂੰ; ਪਾਓ ਨਾ ਵੀ, ਪਾਓ ਨਾ।’ ਪਹਿਲੀ ਲੋਕ ਸਭਾ ਚੋਣ ਹੋਈ ਤਾਂ ਕਾਂਗਰਸ ਨੇ ਨਾਅਰਾ ਦਿੱਤਾ ‘ਸਥਾਈ, ਅਸੰਪਰਦਾਇਕ ਤੇ ਪ੍ਰਗਤੀਸ਼ੀਲ ਸਰਕਾਰ ਕੇ ਲੀਏ ਕਾਂਗਰਸ’। ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਪਹਿਲਾਂ ਚੋਣਾਂ ਤੋਂ ਹਟ ਕੇ ਨਾਅਰਾ ਪ੍ਰਚੱਲਤ ਕੀਤਾ, ‘ਹਿੰਦੀ ਚੀਨੀ, ਭਾਈ ਭਾਈ’। ਜਨ ਸੰਘ ਨੇ 1962 ਵਿੱਚ ਨਹਿਰੂ ਦੀ ਵਿਦੇਸ਼ ਨੀਤੀ ’ਤੇ ਤਨਜ਼ ਕੀਤਾ, ‘ਵਾਹ ਰੇ ਨਹਿਰੂ ਤੇਰੀ ਮੌਜ, ਘਰ ਮੇ ਹਮਲਾ, ਬਾਹਰ ਫ਼ੌਜ’। ਲਾਲ ਬਹਾਦਰ ਸ਼ਾਸਤਰੀ ਦਾ ਨਾਅਰਾ ਅੱਜ ਵੀ ਮਕਬੂਲ ਹੈ, ‘ਜੈ ਜਵਾਨ, ਜੈ ਕਿਸਾਨ।’

1967 ਦੀਆਂ ਚੋਣਾਂ ਵਿੱਚ ਜਨ ਸੰਘ ਨੇ ਵੋਟਰਾਂ ਨੂੰ ਕਾਂਗਰਸ ਤੇ ਤੰਬਾਕੂ ਛੱਡਣ ਦਾ ਸਲਾਹਮਈ ਨਾਅਰਾ ਦਿੱਤਾ, ‘ਜਨ ਸੰਘ ਕੋ ਵੋਟ ਦੋ, ਬੀੜੀ ਪੀਨਾ ਛੋੜ ਦੋ, ਬੀੜੀ ਮੇ ਤੰਬਾਕੂ ਹੈ, ਕਾਂਗਰਸ ਵਾਲਾ ਡਾਕੂ ਹੈ।’ ਕਾਂਗਰਸ ਨੇ 1971 ਵਿਚ ‘ਗ਼ਰੀਬੀ ਹਟਾਓ, ਇੰਦਰਾ ਲਿਆਓ’ ਦਾ ਨਾਅਰਾ ਦਿੱਤਾ। ਜਨ ਸੰਘ ਨੇ ਮੋੜਵਾਂ ਨਾਅਰਾ ਦਿੱਤਾ, ‘ਦੇਖੋ ਇੰਦਰਾ ਕਾ ਯੇ ਖੇਲ, ਖਾ ਗਈ ਰਾਸ਼ਨ, ਪੀ ਗਈ ਤੇਲ’। ਜਨਤਾ ਪਾਰਟੀ ਨੇ 1975 ਵਿਚ ਨਾਅਰਾ ਦਿੱਤਾ, ‘ਇੰਦਰਾ ਹਟਾਓ, ਦੇਸ਼ ਬਚਾਓ’। ਬਿਹਾਰ ’ਚ ਇੱਕ ਨਾਅਰਾ ਬਹੁਤ ਗੂੰਜਿਆ, ‘ਜਬ ਤੱਕ ਰਹੇਗਾ ਸਮੋਸੇ ਮੇ ਆਲੂ, ਤਬ ਤੱਕ ਰਹੇਗਾ ਬਿਹਾਰ ਮੇ ਲਾਲੂ।’

ਬਸਪਾ ਦਾ ਨਾਅਰਾ ਰਿਹਾ ਹੈ, ‘ਚੱਲੇਗਾ ਹਾਥੀ ਉੱਡੇਗੀ ਧੂਲ, ਨਾ ਰਹੇਗਾ ਹਾਥ, ਨਾ ਰਹੇਗਾ ਕਮਲ ਕਾ ਫੂਲ।’ ਉੱਤਰ ਪ੍ਰਦੇਸ਼ ਵਿੱਚ ਦੋ ਨਾਅਰੇ ਸਮਾਜਵਾਦੀ ਪਾਰਟੀ ਦੇ ਵੋਟਰਾਂ ’ਚ ਪ੍ਰਚੱਲਤ ਹੋਏ, ‘ਵਿਕਾਸ ਦਾ ਪਹੀਆ, ਅਖਿਲੇਸ਼ ਭਈਆ’ ਅਤੇ ‘ਵਿਕਾਸ ਕੀ ਚਾਬੀ, ਡਿੰਪਲ ਭਾਬੀ।’ ਦੇਖਿਆ ਜਾਵੇ ਤਾਂ ਇਹ ਨਾਅਰੇ ਹੀ ਹਨ ਜੋ ਲੋਕਾਈ ਦੇ ਦਰਦ ਦਾ ਪ੍ਰਗਟਾਅ ਕਰਦੇ ਹਨ ਅਤੇ ਇਨ੍ਹਾਂ ਜ਼ਰੀਏ ਨੇਤਾ ਲੋਕ ਇੱਕ ਦੂਜੇ ਦੀ ਚੀਰ ਫਾੜ ਕਰਦੇ ਹਨ। ਚੋਣਾਂ ਮੌਕੇ ਸਿਆਸੀ ਧਿਰਾਂ ਵੱਲੋਂ ਵਿਸ਼ੇਸ਼ ਨਾਅਰੇ ਘੜੇ ਜਾਂਦੇ ਹਨ ਜੋ ਲੋਕ ਮਨਾਂ ’ਤੇ ਸਿੱਧਾ ਪ੍ਰਭਾਵ ਛੱਡਣ।

ਕਾਂਗਰਸ ਨੇ 1984 ਵਿਚ ਨਾਅਰਾ ਦਿੱਤਾ, ‘ਜਬ ਤੱਕ ਸੂਰਜ ਚਾਂਦ ਰਹੇਗਾ, ਇੰਦਰਾ ਤੇਰਾ ਨਾਮ ਰਹੇਗਾ।’ ਜਦੋਂ ਇੰਦਰਾ ਗਾਂਧੀ 1978 ਵਿੱਚ ਚਿਕਮਗਲੂਰ ਦੀ ਜ਼ਿਮਨੀ ਚੋਣ ਜਿੱਤੀ ਸੀ, ਉਦੋਂ ਨਾਅਰਾ ਗੂੰਜਿਆ ਸੀ, ‘ਏਕ ਸ਼ੇਰਨੀ, ਸੌ ਲੰਗੂਰ, ਚਿਕਮਗਲੂਰ ਚਿਕਮਗਲੂਰ।’ 2019 ਦੀਆਂ ਲੋਕ ਸਭਾ ਚੋਣਾਂ ’ਚ ਕਾਂਗਰਸ ਨੇ ਕਿਹਾ ਸੀ ,‘ਅਬ ਹੋਗਾ ਨਿਆਂ’। ਹੁਣ ਇੰਡੀਆ ਗੱਠਜੋੜ ਦਾ ਸਰਬ ਸਾਂਝਾ ਨਾਅਰਾ ਹੈ, ‘ਦੇਸ਼ ਤੇ ਸੰਵਿਧਾਨ ਬਚਾਓ, ਭਾਜਪਾ ਹਰਾਓ।’ 2014 ਵਿਚ ਭਾਜਪਾ ਨੇ ਨਾਅਰਾ ਦਿੱਤਾ, ‘ਅਬ ਕੀ ਬਾਰ ਮੋਦੀ ਸਰਕਾਰ’ ਤੇ ‘ਅੱਛੇ ਦਿਨ ਆਨੇ ਵਾਲੇ ਹੈਂ।’

ਭਾਜਪਾ ਨੇ 2019 ਵਿੱਚ ਕਿਹਾ, ‘ਫਿਰ ਏਕ ਬਾਰ, ਮੋਦੀ ਸਰਕਾਰ’। 1991 ਵਿਚ ਭਾਜਪਾ ਦਾ ਨਾਅਰਾ ਸੀ, ‘ਸਭ ਕੋ ਪਰਖਾ, ਹਮਕੋ ਪਰਖੋ। ਇਵੇਂ ਨਿਊਕਲੀਅਰ ਟੈਸਟ ਕਰਨ ਮਗਰੋਂ ਭਾਜਪਾ ਨੇ ਗੂੰਜ ਪਾਈ ਸੀ, ‘ਜੈ ਜਵਾਨ ਜੈ ਕਿਸਾਨ ਜੈ ਵਿਗਿਆਨ’। ‘ਸ਼ਾਈਨਿੰਗ ਇੰਡੀਆ’ ਦਾ ਨਾਅਰਾ ਤਾਂ ਜਲਵਾ ਨਹੀਂ ਦਿਖਾ ਸਕਿਆ ਸੀ। ਕਾਂਗਰਸ ਨੇ 2009 ਵਿੱਚ ਜ਼ੋਰਦਾਰ ਨਾਅਰਾ ਦਿੱਤਾ ਸੀ, ‘ਸੋਨੀਆ ਨਹੀਂ ਯੇ ਆਂਧੀ ਹੈ, ਦੂਸਰੀ ਇੰਦਰਾ ਗਾਂਧੀ ਹੈ।’

**ਆ ਗਿਆ ਬਰਨਾਲਾ**

ਕਿਸਾਨ ਧਿਰਾਂ ਦੇ ਨਾਅਰੇ ਜੋਸ਼ਮਈ ਹੁੰਦੇ ਰਹੇ ਹਨ ਜੋ ਇੱਕ ਲੈਅ ਵਿੱਚ ਵੀ ਹੁੰਦੇ ਸਨ। ਕਿਸਾਨਾਂ ਦਾ ਇੱਕ ਨਾਅਰਾ ਸਿਖਰ ’ਤੇ ਰਿਹਾ। ‘ਸਾਲ ਚੁਰਾਸੀ ਦੇਣਾ ਕੱਟ ਚੁਰਾਸੀ ਨੂੰ, ਕਣਕ ਤੇ ਕਰਜ਼ਾ ਨਹੀਂ ਦੇਣਾ, ਚੋਰਾਂ ਦੀ ਮਾਸੀ ਨੂੰ।’ ਕਿਸਾਨਾਂ ਨੇ ਕਰਜ਼ੇ ਨਾ ਮੋੜਨ ਅਤੇ ਕੇਂਦਰ ਨੂੰ ਕਣਕ ਨਾ ਦੇਣ ਦੀ ਗੱਲ ਆਖੀ ਸੀ। ਜਦੋਂ ਸੁਰਜੀਤ ਸਿੰਘ ਬਰਨਾਲਾ ਕਿਸਾਨਾਂ ਦੀਆਂ ਆਸਾਂ ’ਤੇ ਖਰੇ ਨਾ ਉੱਤਰੇ ਤਾਂ ਧਰਨਿਆਂ ਵਿੱਚ ਨਾਅਰਾ ਗੂੰਜਿਆ, ‘ਆ ਗਿਆ ਬਰਨਾਲਾ, ਕਰਾ ਲਓ ਮੰਗਾਂ ਪੂਰੀਆਂ।’ ਜਦੋਂ ਦੇਸ਼ ਵਿਚ ਤੇਲ ਦੀ ਕਮੀ ਆਈ ਤਾਂ ਪੰਜਾਬ ਵਿੱਚ ਕਿਸਾਨਾਂ ਦੇ ਨਾਅਰੇ ਦੀ ਗੂੰਜ ਪਈ ਸੀ, ‘ਇੰਦਰਾ ਤੇਰੀ ਸੜਕ ’ਤੇ, ਖ਼ਾਲੀ ਢੋਲ ਖੜਕਦੇ।’

## ਹਵਾਈ ਸਫਰ ਦੌਰਾਨ 12 ਸਾਲ ਤੱਕ ਦੇ ਬੱਚਿਆਂ ਨੂੰ ਮਾਪਿਆਂ ਦੇ ਨਾਲ ਮਿਲੇਗੀ ਸੀਟ

ਨਵੀਂ ਦਿੱਲੀ– ਹਵਾਬਾਜ਼ੀ ਰੈਗੂਲੇਟਰ ਡੀਜੀਸੀਏ ਨੇ ਹਵਾਈ ਕੰਪਨੀਆਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਹੈ ਕਿ ਸਫ਼ਰ ਦੌਰਾਨ 12 ਸਾਲ ਤੱਕ ਦੇ ਬੱਚਿਆਂ ਨੂੰ ਘੱਟੋ–ਘੱਟ ਉਨ੍ਹਾਂ ਦੇ ਮਾਪਿਆਂ ਜਾਂ ਸਰਪ੍ਰਸਤਾਂ ਵਿੱਚੋਂ ਇੱਕ ਦੇ ਨਾਲ ਸੀਟਾਂ ਅਲਾਟ ਕੀਤੀਆਂ ਜਾਣ।

ਅਜਿਹੇ ਕਈ ਮਾਮਲੇ ਸਾਹਮਣੇ ਆਏ ਹਨ ਜਿਥੇ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸਫ਼ਰ ਦੌਰਾਨ ਉਨ੍ਹਾਂ ਦੇ ਮਾਤਾ–ਪਿਤਾ ਜਾਂ ਸਰਪ੍ਰਸਤਾਂ ਦੇ ਨਾਲ ਸੀਟ ਅਲਾਟ ਨਹੀਂ ਕੀਤੀ ਗਈ। ਡਾਇਰੈਕਟੋਰੇਟ ਜਨਰਲ ਆਫ ਸਿਵਲ ਏਵੀਏਸ਼ਨ (ਡੀਜੀਸੀਏ) ਨੇ ਬਿਆਨ ਵਿੱਚ ਕਿਹਾ, ‘ਏਅਰਲਾਈਨਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ 12 ਸਾਲ ਤੱਕ ਦੇ ਬੱਚਿਆਂ ਨੂੰ ਇਕ ਹੀ ਪੀਐੱਨਆਰ ’ਤੇ ਯਾਤਰਾ ਕਰ ਰਹੇ ਉਨ੍ਹਾਂ ਦੇ ਮਾਤਾ–ਪਿਤਾ/ਸਰਪ੍ਰਸਤਾਂ ਵਿੱਚੋਂ ਇੱਕ ਦੇ ਨਾਲ ਰੱਖਿਆ ਜਾਵੇ ਤੇ ਇਸ ਦਾ ਰਿਕਾਰਡ ਕਾਇਮ ਰੱਖਿਆ ਜਾਣਾ ਚਾਹੀਦਾ ਹੈ।

## ਵਿਦੇਸ਼ੀ ਨਿਵੇਸ਼ਕਾਂ ’ਤੇ ਰਿਹਾਇਸ਼ੀ ਜਾਇਦਾਦ ਖ਼ਰੀਦਣ ’ਤੇ ਲਾਈ ਪਾਬੰਦੀ ਕੈਨੇਡਾ ਨੇ ਵਧਾਈ

ਓਟਾਵਾ– ਕੈਨੇਡਾ ਸਰਕਾਰ ਨੇ ਵਿਦੇਸ਼ੀ ਨਿਵੇਸ਼ਕਾਂ ’ਤੇ ਦੇਸ਼ ਵਿਚ ਰਿਹਾਇਸ਼ੀ ਜਾਇਦਾਦ ਖ਼ਰੀਦਣ ’ਤੇ ਲਾਈ ਪਾਬੰਦੀ ਦੋ ਹੋਰ ਸਾਲਾਂ ਲਈ ਵਧਾ ਦਿੱਤਾ ਹੈ। ਇਹ ਪਾਬੰਦੀ 1 ਜਨਵਰੀ, 2023 ਤੋਂ ਪਹਿਲਾਂ ਤੋਂ ਲਾਗੂ ਹੈ ਤੇ ਹੁਣ ਇਸ ਨੂੰ 1 ਜਨਵਰੀ, 2027 ਤੱਕ ਅੱਗੇ ਵਧਾ ਦਿੱਤਾ ਗਿਆ ਹੈ। ਸਰਕਾਰ ਨੇ ਇਹ ਐਲਾਨ ਅਗਲੇ ਵਿੱਤੀ ਵਰ੍ਹੇ 2024–25 ਦੇ ਸਾਲਾਨਾ ਬਜਟ ਦੀਆਂ ਤਜਵੀਜ਼ਾਂ ’ਚ ਕੀਤਾ ਹੈ। ਦਰਅਸਲ, ਪਿਛਲੇ ਕੁਝ ਸਮੇਂ ਦੌਰਾਨ ਅਜਿਹੀਆਂ ਰਿਪੋਰਟਾਂ ਆਈਆਂ ਸਨ ਕਿ ਵਿਦੇਸ਼ੀ ਵਿਦਿਆਰਥੀਆਂ ਤੇ ਕੁਝ ਹੋਰਨਾਂ ਨੂੰ ਵੱਡੇ ਸ਼ਹਿਰਾਂ ’ਚ ਰਹਿਣ ਲਈ ਘਰ ਉਪਲਬਧ ਨਹੀਂ ਹੋ ਰਹੇ। ਉਸ ਸਮੱਸਿਆ ਨੂੰ ਹੱਲ ਕਰਨ ਲਈ ਪਾਬੰਦੀ ਦਾ ਐਲਾਨ ਕੀਤਾ ਗਿਆ ਹੈ। ਹੁਣ ਕੈਨੇਡਾ ’ਚ ਕੋਈ ਵੀ ਵਿਦੇਸ਼ੀ ਨਿਵੇਸ਼ਕ ਕੰਪਨੀ ਤੇ ਵਿਅਕਤੀ ਮੁਨਾਫ਼ਾ ਕਮਾਉਣ ਲਈ ਰਿਹਾਇਸ਼ੀ ਜਾਇਦਾਦ ਨਹੀਂ ਖ਼ਰੀਦ ਸਕੇਗਾ। ਕੈਨੇਡੀਅਨ ਨਾਗਰਿਕਾਂ ਤੇ ਪਰਮਾਨੈਂਟ ਰੈਜ਼ੀਡੈਂਟਸ (ਪੀਆਰ ਪ੍ਰਾਪਤ ਵਿਦੇਸ਼ੀਆਂ) ’ਤੇ ਇਸ ਪਾਬੰਦੀ ਦਾ ਕੋਈ ਅਸਰ ਨਹੀਂ ਪਵੇਗਾ। ਇੱਥੇ ਵਰਨਣਯੋਗ ਹੈ ਕਿ ਉਪ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫ਼ਰੀਲੈਂਡ ਵੱਲੋਂ ਪੇਸ਼ ਕੀਤੇ 39।8 ਅਰਬ ਡਾਲਰ ਘਾਟੇ ਦੇ ਬਜਟ ’ਚ ਅਗਲੇ ਪੰਜ ਸਾਲਾਂ ਲਈ 53 ਅਰਬ ਡਾਲਰ ਦੇ ਨਵੇਂ ਖ਼ਰਚੇ ਸ਼ਾਮਲ ਕੀਤੇ ਗਏ ਹਨ। ਇਸ ਬਜਟ ਨੂੰ ਰਿਹਾਇਸ਼ੀ ਮਕਾਨਾਂ ਤੇ ਹੋਰ ਇਮਾਰਤਾਂ ਦੀ ਉਸਾਰੀ ’ਤੇ ਕੇਂਦ੍ਰਿਤ ਕਰਾਰ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਨੇ ਮੁਸਲਿਮ ਭਾਈਚਾਰੇ ਲਈ ’ਹਲਾਲ ਮਾਰਗੇਜ ਯੋਜਨਾ’ ਵੀ ਸ਼ੁਰੂ ਕੀਤੀ ਹੈ, ਤਾਂ ਜੋ ਇਸ ਭਾਈਚਾਰੇ ਦੇ ਮੈਂਬਰ ਵੀ ਕੈਨੇਡਾ ’ਚ ਮਕਾਨ ਖ਼ਰੀਦ ਸਕਣ। ਦਰਅਸਲ, ਹਲਾਲ ਮਾਰਗੇਜ ਨੂੰ ਇਸਲਾਮਿਕ ਸ਼ਰੀਅਤ ਮੁਤਾਬਕ ਤਿਆਰ ਕੀਤਾ ਗਿਆ ਹੈ, ਜਿਸ ਅਧੀਨ ਵਿਆਜ ਲੈਣ–ਦੇਣ ’ਤੇ ਮੁਕੰਮਲ ਪਾਬੰਦੀ ਹੁੰਦੀ ਹੈ। ਸੋਸ਼ਲ ਮੀਡੀਆ ’ਤੇ ਇਸ ਯੋਜਨਾ ਦਾ ਇਹ ਆਖ ਕੇ ਵਿਰੋਧ ਵੀ ਹੋ ਰਿਹਾ ਹੈ ਕਿ ਅਜਿਹਾ ਐਲਾਨ ਸਿਰਫ਼ ਸਮਾਜ ਦੇ ਇੱਕ ਵਰਗ ਨੂੰ ਲਾਭ ਪਹੁੰਚਾਉਣ ਲਈ ਕੀਤਾ ਗਿਆ ਹੈ। ਕੈਨੇਡਾ ਦੇ ਕੁਝ ਵਿੱਤੀ ਸੰਸਥਾਨਾਂ ’ਚ ਪਹਿਲਾਂ ਹੀ ਅਜਿਹੀਆਂ ਸੁਵਿਧਾਵਾਂ ਮੌਜੂਦ ਹਨ।

## ਕਾਂਗਰਸ ਨੇ ਪੰਜਾਬ ’ਚ 6 ਹੋਰ ਉਮੀਦਵਾਰ ਐਲਾਨੇ

### ਅਕਾਲੀ ਦਲ ਵੱਲੋਂ ਬਠਿੰਡਾ ਤੋਂ ਹਰਸਿਮਰਤ ਕੌਰ ਬਾਦਲ ਹੀ ਲੜੇਗੀ ਚੋਣ

ਚੰਡੀਗੜ੍ਹ– ਕਾਂਗਰਸ ਪਾਰਟੀ ਦੀ ਕੇਂਦਰੀ ਚੋਣ ਕਮੇਟੀ ਨੇ ਦੂਜੀ ਸੂਚੀ ਜਾਰੀ ਕਰਕੇ ਪੰਜਾਬ ਦੇ ਦੋ ਰਾਖਵੇਂ ਲੋਕ ਸਭਾ ਹਲਕਿਆਂ ਤੋਂ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ।





ਪਹਿਲੀ ਸੂਚੀ ਵਿਚ ਛੇ ਉਮੀਦਵਾਰ ਐਲਾਨੇ ਗਏ ਸਨ। ਦੇਰ ਸ਼ਾਮ ਜਾਰੀ ਸੂਚੀ ਅਨੁਸਾਰ ਕਾਂਗਰਸ ਨੇ ਹਲਕਾ ਫ਼ਰੀਦਕੋਟ (ਰਾਖਵਾਂ) ਤੋਂ ਅਮਰਜੀਤ ਕੌਰ ਸਾਹੋਕੇ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ ਜਦੋਂ ਕਿ ਹਲਕਾ ਹੁਸ਼ਿਆਰਪੁਰ (ਰਾਖਵਾਂ) ਤੋਂ ਯਾਮਿਨੀ ਗੋਮਰ ਨੂੰ ਉਮੀਦਵਾਰ ਬਣਾਇਆ ਹੈ। ਕਾਂਗਰਸ ਪਾਰਟੀ ਨੇ ਦੂਜੀ ਸੂਚੀ ਵਿਚ ਦੋ ਮਹਿਲਾਵਾਂ ਨੂੰ ਟਿਕਟਾਂ ਦੇ ਕੇ ਉਨ੍ਹਾਂ ਦੀ ਭਾਗੀਦਾਰੀ ਯਕੀਨੀ ਬਣਾਈ ਹੈ। ਪਾਰਟੀ ਨੇ ਫ਼ਰੀਦਕੋਟ ਹਲਕੇ ਤੋਂ ਮੌਜੂਦਾ ਸੰਸਦ ਮੈਂਬਰ ਮੁਹੰਮਦ ਸਦੀਕ ਦੀ ਟਿਕਟ ਕੱਟ ਦਿੱਤੀ ਹੈ ਅਤੇ ਉਪਰੋਕਤ ਦੋਵੇਂ ਹਲਕਿਆਂ ਤੋਂ ਦਲ ਬਦਲੂ ਨੇਤਾਵਾਂ ਨੂੰ ਉਮੀਦਵਾਰ ਬਣਾਇਆ ਹੈ। ਫ਼ਰੀਦਕੋਟ ਹਲਕੇ ਤੋਂ ਪਾਰਟੀ ਨੇ ਸਥਾਨਕ ਉਮੀਦਵਾਰ ਨੂੰ ਤਰਜੀਹ ਦਿੱਤੀ ਹੈ। ਅਮਰਜੀਤ ਕੌਰ ਸਾਹੋਕੇ ਦਾ ਪਿੰਡ ਸਾਹੋਕੇ ਹੈ ਜੋ ਕਿ ਮਹਾਨ ਕਵੀ ਬਾਬੂ ਰਜਬ ਅਲੀ ਦਾ ਜੱਦੀ ਪਿੰਡ ਹੈ। ਕਾਂਗਰਸ ਨੇ ਪੰਜਾਬ ਦੇ ਚਾਰੋਂ ਰਾਖਵੇਂ ਹਲਕਿਆਂ ਤੋਂ ਟਿਕਟਾਂ ਦੀ ਵੰਡ ਦਾ ਕੰਮ ਮੁਕੰਮਲ ਕਰ ਲਿਆ ਹੈ। ਪਹਿਲੀ ਸੂਚੀ ਵਿਚ ਕਾਂਗਰਸ ਨੇ ਜਲੰਧਰ ਤੋਂ ਚਰਨਜੀਤ ਚੰਨੀ, ਸੰਗਰੂਰ ਤੋਂ ਸੁਖਪਾਲ ਸਿੰਘ ਖਹਿਰਾ, ਬਠਿੰਡਾ ਤੋਂ ਜੀਤ ਮਹਿੰਦਰ ਸਿੱਧੂ, ਪਟਿਆਲਾ ਤੋਂ ਡਾ। ਧਰਮਵੀਰ ਗਾਂਧੀ, ਅੰਮ੍ਰਿਤਸਰ ਤੋਂ ਗੁਰਜੀਤ ਸਿੰਘ ਔਜਲਾ ਤੇ ਫ਼ਤਿਹਗੜ੍ਹ ਸਾਹਿਬ ਤੋਂ ਅਮਰ ਸਿੰਘ ਨੂੰ ਉਮੀਦਵਾਰ ਐਲਾਨਿਆ ਹੈ।

ਸ਼੍ਰੋਮਣੀ ਅਕਾਲੀ ਦਲ ਕਾਂਗਰਸ ਦੇ ਸੀਨੀਅਰ ਆਗੂ ਮਹਿੰਦਰ ਸਿੰਘ ਕੇਪੀ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਤੋਂ ਫੌਰੀ ਮਗਰੋਂ ਜਲੰਧਰ ਤੋਂ ਉਮੀਦਵਾਰ ਐਲਾਨ ਦਿੱਤਾ ਗਿਆ। ਇਸੇ ਤਰ੍ਹਾਂ ਦੋਆਬੇ ਦੀ ਦੂਜੀ ਰਾਖਵੀਂ ਸੀਟ ਹੁਸ਼ਿਆਰਪੁਰ ਤੋਂ ਸਾਬਕਾ ਮੰਤਰੀ ਸੋਹਣ ਸਿੰਘ ਠੰਡਲ ਨੂੰ ਉਮੀਦਵਾਰ ਬਣਾਇਆ ਗਿਆ ਹੈ। ਲੁਧਿਆਣਾ ਤੋਂ ਰਣਜੀਤ ਸਿੰਘ ਢਿੱਲੋਂ, ਫਿਰੋਜ਼ਪੁਰ ਤੋਂ ਨਰਦੇਵ ਸਿੰਘ (ਬੌਬੀ ਮਾਨ) ਤੇ ਬਠਿੰਡਾ ਤੋਂ ਬੀਬਾ ਹਰਸਿਮਰਤ ਕੌਰ ਬਾਦਲ ਨੂੰ ਉਮੀਦਵਾਰ ਐਲਾਨਿਆ ਗਿਆ ਹੈ। ਚੰਡੀਗੜ੍ਹ ਤੋਂ ਸਾਬਕਾ ਡਿਪਟੀ ਮੇਅਰ ਹਰਦੀਪ ਸਿੰਘ ਸੈਣੀ ਨੂੰ ਪਾਰਟੀ ਨੇ ਚੋਣ ਮੈਦਾਨ ਵਿੱਚ ਉਤਾਰਿਆ ਹੈ। ਸ੍ਰੀ ਖਡੂਰ ਸਾਹਿਬ ਹਲਕੇ ਤੋਂ ਅਜੇ ਕਿਸੇ ਵੀ ਆਗੂ ਨੂੰ ਉਮੀਦਵਾਰ ਨਹੀਂ ਬਣਾਇਆ ਗਿਆ।



# ਸੰਪਾਦਕੀ

## ਚੋਣਾਂ ਦਾ ਚਰਚਾ ਅਤੇ ਘੱਟ ਵੋਟਿੰਗ

ਭਾਰਤ ਵਿਚ ਲੋਕ ਸਭਾ ਚੋਣਾਂ ਦੇ ਪਹਿਲੇ ਗੇੜ ਦੀਆਂ ਵੋਟਾਂ ਪੈ ਚੁੱਕੀਆਂ ਹਨ। ਸਿਆਸੀ ਪਾਰਟੀਆਂ ਦੀ ਚਿੰਤਾ ਇਹ ਹੈ ਕਿ ਇਸ ਵਾਰ ਵੋਟ ਪ੍ਰਤੀਸ਼ਤ ਬਹੁਤ ਘੱਟ ਹੈ। 60 ਤੋਂ 65 ਫੀਸਦੀ ਤੱਕ ਲੋਕੀ ਵੋਟ ਪਾ ਰਹੇ ਹਨ। ਹਾਲਾਂਕਿ ਇਸ ਘਟਦੀ ਵੋਟ ਪ੍ਰਤੀਸ਼ਤਤਾ ਨੂੰ ਲੈ ਕੇ ਸਿਆਸੀ ਪਾਰਟੀਆਂ ਆਪੋ-ਆਪਣੇ ਅੰਦਾਜ਼ੇ ਲਗਾ ਰਹੀਆਂ ਹਨ, ਪਰ ਹੁਣ ਤੱਕ ਦਾ ਤਜਰਬਾ ਇਹੀ ਕਹਿੰਦਾ ਹੈ ਕਿ ਜਦੋਂ ਵੋਟ ਘੱਟ ਪੈਂਦੀ ਹੈ ਤਾਂ ਇਹ ਸੱਤਾ ਵਿਚ ਤਬਦੀਲੀ ਦਾ ਸੰਕੇਤ ਨਹੀਂ ਹੁੰਦਾ। ਪਿਛਲੀਆਂ 2019 ਦੀਆਂ ਚੋਣਾਂ ਵਿਚ ਭਾਜਪਾ ਨੂੰ 37.95 ਫੀਸਦੀ, ਜਦਕਿ ਉਹਨਾਂ ਦੇ ਗੱਠਜੋੜ ਨੂੰ 45 ਫੀਸਦੀ ਵੋਟ ਮਿਲੀ ਸੀ। ਕਾਂਗਰਸ ਨੂੰ 19.31 ਫੀਸਦੀ ਵੋਟ ਮਿਲੇ ਸਨ। ਸੀਟਾਂ ਦਾ ਫਰਕ ਰਿਹਾ ਕਿ ਭਾਜਪਾ 284 ਤੋਂ 303 ਤੇ ਪਹੁੰਚ ਗਈ ਅਤੇ ਕਾਂਗਰਸ 52 ਸੀਟਾਂ ਹੀ ਜਿੱਤ ਸਕੀ। ਇਸ ਤੋਂ ਪਹਿਲਾਂ 2014 ਵਿਚ ਭਾਜਪਾ ਨੂੰ 38.5 ਫੀਸਦੀ ਵੋਟ ਮਿਲੀ ਸੀ, ਜਦਕਿ ਕਾਂਗਰਸ ਨੂੰ 19.3 ਫੀਸਦੀ ਵੋਟ ਮਿਲੀ ਸੀ। ਭਾਜਪਾ 282 ਸੀਟਾਂ ਜਿੱਤੀ ਸੀ ਅਤੇ ਕਾਂਗਰਸ 44 ਸੀਟਾਂ। ਇਸ ਤੋਂ ਪਹਿਲਾਂ 2009 ਦੀਆਂ ਚੋਣਾਂ ਵਿਚ ਕਾਂਗਰਸ ਨੂੰ 26.45 ਫੀਸਦੀ ਵੋਟ ਮਿਲੀ ਸੀ, ਜਦਕਿ ਭਾਜਪਾ ਨੂੰ 22.16 ਫੀਸਦੀ। ਸੀਟਾਂ ਦਾ ਅੰਤਰ ਕਾਂਗਰਸ ਨੂੰ 145 ਸੀਟਾਂ ਅਤੇ ਭਾਜਪਾ ਨੂੰ 138 ਸੀਟਾਂ ਮਿਲੀਆਂ ਸਨ। ਵੋਟ ਪ੍ਰਤੀਸ਼ਤਤਾ ਦਾ ਇਹ ਗਰਾਫ ਦੱਸਦਾ ਹੈ ਕਿ ਵੋਟ ਫੀਸਦੀ ਜੇਕਰ ਘਟਦੀ ਹੈ ਤਾਂ ਇਹ ਕਿਸ ਪਾਰਟੀ ਦੀ ਘਟੇਗੀ, ਜ਼ਾਹਿਰ ਹੈ ਅੱਜ ਦੇ ਸਮੇਂ ਵਿਚ ਵਿਰੋਧੀ ਪਾਰਟੀ ਨੂੰ ਵੋਟ ਦੇਣ ਵਾਲਿਆਂ ਦੀ ਗਿਣਤੀ ਘਟੇਗੀ ਕਿਉਂਕਿ ਵਿਰੋਧੀ ਪਾਰਟੀਆਂ ਜਿਸ ਤਰੀਕੇ ਨਾਲ ਚੋਣ ਲੜ ਰਹੀਆਂ ਹਨ, ਉਹ ਤਰੀਕਾ ਬੇਹੱਦ ਥੱਕਿਆ-ਥਕਾਇਆ ਅਤੇ ਹਾਰ ਮੰਨਣ ਵਾਲਾ ਨਜ਼ਰ ਆ ਰਿਹਾ ਹੈ। ਵਿਰੋਧੀ ਪਾਰਟੀਆਂ ਦਾ ਗੱਠਜੋੜ ਖਿੰਡ-ਪੁੰਡ ਰਿਹਾ ਨਜ਼ਰ ਆ ਰਿਹਾ ਹੈ। ਕਿਸੇ ਸੂਬੇ ਵਿਚ ਗੱਠਜੋੜ ਹੈ ਅਤੇ ਕਿਸੇ ਵਿਚ ਨਹੀਂ ਹੈ। ਜਿਹੜੇ ਸੂਬਿਆਂ ਵਿਚ ਸੀਟਾਂ ਦੀ ਵੰਡ ਹੋਈ ਵੀ ਹੈ, ਉਥੇ ਵੀ ਵਿਸ਼ਵਾਸ ਦੀ ਕਮੀ ਨਜ਼ਰ ਆ ਰਹੀ ਹੈ। ਅਜਿਹੀ ਸਥਿਤੀ ਵਿਚ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਘੱਟ ਵੋਟ ਪ੍ਰਤੀਸ਼ਤਤਾ ਦਾ ਵਿਰੋਧੀ ਧਿਰ ਨੂੰ ਫਾਇਦਾ ਹੋ ਸਕਦਾ ਹੈ।

ਇਸ ਦੀ ਇਕ ਤਾਜ਼ਾ ਉਦਾਹਰਣ 2022 ਦੀਆਂ ਪੰਜਬ ਵਿਧਾਨ ਸਭਾ ਚੋਣਾਂ ਤੋਂ ਲਈ ਜਾ ਸਕਦੀ ਹੈ।ਇਹਨਾਂ ਚੋਣਾਂ ਵਿਚ ਪੰਜਾਬ ਵਾਸੀਆਂ ਨੇ ਚੁੱਪ-ਗੜੁੱਪ ਤਰੀਕੇ ਨਾਲ 70 ਫੀਸਦੀ ਤੋਂ ਜ਼ਿਆਦਾ ਵੋਟ ਪਾਈ। ਨਤੀਜੇ ਕੀ ਆਏ, ਆਮ ਆਦਮੀ ਪਾਰਟੀ 22 ਤੋਂ ਸਿੱਧੀ 92 ਤੇ ਪਹੁੰਚ ਗਈ ਅਤੇ ਬਾਕੀ ਪਾਰਟੀਆਂ ਦਾ ਖੀਸਾ ਹੀ ਖਾਲੀ ਰਹਿ ਗਿਆ। ਸਿਰਫ ਕਾਂਗਰਸ, ਜੋ ਪਹਿਲਾਂ ਸੱਤਾ ਵਿਚ ਸੀ 18 ਕੁ ਸੀਟਾਂ ਜਿੱਤ ਸਕੀ। ਬਾਕੀ ਸੂਬਿਆਂ ਵਿਚ ਵੀ ਅਜਿਹਾ ਹੀ ਰੁਝਾਨ ਦੇਖਿਆ ਗਿਆ ਹੈ। ਜਦੋਂ ਸੱਤਾ ਦੀ ਤਬਦੀਲੀ ਹੋਣੀ ਹੁੰਦੀ ਹੈ ਤਾਂ ਜਨਤਾ ਤਬਦੀਲੀ ਲਿਆਉਣ ਦੇ ਲਈ ਵੱਡੇ ਪੱਧਰ ਤੇ ਵੋਟਿੰਗ ਕਰਦੀ ਹੈ ਅਤੇ ਜਦੋਂ ਜਨਤਾ ਦਾ ਰੁਝਾਨ ਸੱਤਾ ਬਦਲਣ ਵੱਲ ਨਾ ਨਜ਼ਰ ਆਵੇ ਤਾਂ ਵੋਟ ਪ੍ਰਤੀਸ਼ਤਤਾ ਘਟਦੀ ਹੈ। ਇਸ ਵਾਰ ਕੋਈ ਬਦਲਵਾਂ ਕਰਿਸ਼ਮਾ ਹੋ ਜਾਵੇ ਤਾਂ ਕੁਝ ਕਿਹਾ ਨਹੀਂ ਜਾ ਸਕਦਾ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Sub Office - Bakersfield (CA)
209 Weedpatch HWY, Bakersfield (CA)
Manmit Saggu 661-900-7357
Tanjit Saggu 661-761-8795

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people asociated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.


# ਸ਼ਰਾਬ ਕਾਰਨ ਪੰਜਾਬੀਆਂ ਦਾ ਹੋ ਰਿਹਾ ਹੈ ਵੱਡਾ ਨੁਕਸਾਨ

**ਮੋਹਨ ਸ਼ਰਮਾ**

ਨਸ਼ਿਆਂ ਕਾਰਨ ਲੋਕਾਂ ਦੀ ਹਾਲਤ ਕੱਖੋਂ ਹੌਲੀ ਅਤੇ ਪਾਣੀਓਂ ਪਤਲੀ ਹੋ ਗਈ ਹੈ। ਪੰਜਾਬ ਦੇ ਪਿੰਡੇ 'ਤੇ ਪਈ ਨਸ਼ਿਆਂ ਰੂਪੀ ਗਰਦ ਨੇ ਰੰਗਲੇ ਪੰਜਾਬ ਦੀ ਵਿਲੱਖਣਤਾ ਨੂੰ ਹੀ ਗ੍ਰਹਿਣ ਲਾ ਦਿੱਤਾ ਹੈ। ਪੰਜਾਬ ਦੀ ਅੰਦਾਜ਼ਨ ਤਿੰਨ ਕਰੋੜ ਦੀ ਆਬਾਦੀ 'ਚੋਂ 68.84% ਲੋਕ ਪਿੰਡਾਂ 'ਚ ਰਹਿੰਦੇ ਹਨ।

ਪਿੰਡਾਂ ਵਿਚ ਥਾਂ-ਥਾਂ ਖੁੱਲ੍ਹੇ ਸ਼ਰਾਬ ਦੇ ਠੇਕਿਆਂ ਨੇ ਜਿੱਥੇ ਲੋਕਾਂ ਦੀ ਆਰਥਿਕਤਾ ਨੂੰ ਬੁਰੀ ਤਰ੍ਹਾਂ ਖੋਰਾ ਲਾਇਆ ਹੈ, ਉੱਥੇ ਹੀ ਲੁੱਟਾਂ-ਖੋਹਾਂ, ਠੱਗੀਆਂ, ਨਾਜਾਇਜ਼ ਕਬਜ਼ਿਆਂ, ਬਲਾਤਕਾਰਾਂ, ਕਤਲ ਤੇ ਘਰਾਂ ਅੰਦਰ ਬੈਠਿਆਂ 'ਤੇ ਹੀ ਚੱਲ ਰਹੇ ਹਥਿਆਰਾਂ ਨੇ ਪੰਜਾਬੀਆਂ ਨੂੰ ਹਿੰਸਕ, ਝੂਠੇ ਅਤੇ ਸ਼ਰਾਰਤੀ ਬਣਾ ਕੇ ਰੱਖ ਦਿੱਤਾ ਹੈ।

ਸ਼ਰਾਬ ਕਾਰਨ ਹੀ ਜਿੱਥੇ ਕਿਰਤੀਆਂ ਦੇ ਹੱਕਾਂ 'ਤੇ ਦਿਨ-ਦਿਹਾੜੇ ਡਾਕਾ ਪੈ ਰਿਹਾ ਹੈ, ਉੱਥੇ ਹੀ ਘਰਾਂ ਵਿਚ ਸੱਥਰਾਂ ਕਾਰਨ ਇਹ ਸਵਾਲ ਵੀ ਧੁਖ ਰਹੇ ਹਨ ਕਿ ਇਹ ਕਿਹੋ ਜਿਹਾ ਵਿਕਾਸ ਹੈ ਜਿਸ ਨੇ ਮਨੁੱਖੀ ਸੁੱਖ-ਚੈਨ ਖੋਹ ਕੇ ਲੋਰੀਆਂ ਨੂੰ ਵਿਰਲਾਪ ਵਿਚ ਅਤੇ ਕਹਿਕਹਿਆਂ ਨੂੰ ਕੀਰਨਿਆਂ ਵਿਚ ਬਦਲ ਦਿੱਤਾ ਹੈ। ਪਿੰਡਾਂ ਵਿਚ ਹਰ ਰੋਜ਼ ਅੰਦਾਜ਼ਨ 2-3 ਨਸ਼ੇੜੀਆਂ ਦੇ ਸਿਵੇ ਬਲਣੇ, 18-20 ਰੋਜ਼ਾਨਾ ਤਲਾਕ ਦੇ ਕੇਸ ਦਰਜ ਹੋਣੇ, ਨਿੱਤ ਔਸਤਨ 16 ਦੁਰਘਟਨਾਵਾਂ ਵਿੱਚੋਂ 11 ਮੌਤਾਂ ਹੋਣੀਆਂ ਤੇ 18-20 ਮਾਪਿਆਂ ਦਾ ਆਪਣੀ ਔਲਾਦ ਨੂੰ ਚੱਲ-ਅਚੱਲ ਜਾਇਦਾਦਾਂ ਤੋਂ ਬੇਦਖ਼ਲ ਕਰਨ ਦੀਆਂ ਖ਼ਬਰਾਂ ਨਾਲ ਉਦਾਸ ਪੰਜਾਬ ਦੀ ਤਸਵੀਰ ਸਾਡੇ ਸਾਹਮਣੇ ਆ ਜਾਂਦੀ ਹੈ। ਦੁਨੀਆ ਨੂੰ ਜੀਣ-ਥੀਣ ਦਾ ਚੱਜ ਸਿਖਾਉਣ ਵਾਲਾ ਇਹ ਖਿੱਤਾ ਅੱਜ ਨੈਤਿਕਤਾ, ਸਦਾਚਾਰ, ਉੱਚ ਆਦਰਸ਼, ਸਹਿਣਸ਼ੀਲਤਾ ਅਤੇ ਸ਼ਰਾਫ਼ਤ ਤੋਂ ਸੱਖਣਾ ਨਜ਼ਰ ਆ ਰਿਹਾ ਹੈ। ਸ਼ਰਾਬ ਦੀ ਜ਼ਿਆਦਾ ਵਰਤੋਂ ਕਾਰਨ ਹੀ ਬਹੁਤ ਸਾਰੇ ਪੰਜਾਬੀ ਨਕਾਰਾ, ਨਿਕੰਮੇ, ਲਾਪਰਵਾਹ, ਵਹਿਸ਼ੀ, ਕਮਜ਼ੋਰ ਅਤੇ ਮਾਨਸਿਕ ਤਣਾਅ ਦਾ ਸ਼ਿਕਾਰ ਹੋਣ ਦੇ ਨਾਲ-ਨਾਲ ਊਰਜਾ ਅਤੇ ਰਚਨਾਤਮਕ ਪ੍ਰਤਿਭਾ ਨੂੰ ਵੀ ਨਸ਼ਟ ਕਰ ਰਹੇ ਹਨ। ਸ਼ਰਾਬ ਕਾਰਨ ਹੀ ਸ਼ਰਾਬੀਆਂ ਵੱਲੋਂ ਪਤਨੀਆਂ 'ਤੇ ਹੋ ਰਹੇ ਤਸ਼ੱਦਦਾਂ ਵਿਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ। ਅੰਦਾਜ਼ਨ 84% ਸ਼ਰਾਬੀਆਂ ਦੀਆਂ ਪਤਨੀਆਂ ਵਿਧਵਾਵਾਂ ਵਰਗਾ ਜੀਵਨ ਬਤੀਤ ਕਰਦੀਆਂ ਆਪਣੇ-ਆਪ ਨੂੰ ਨਾ ਜਿਊਂਦਿਆਂ ਵਿਚ ਅਤੇ ਨਾ ਹੀ ਮਰਿਆਂ ਵਿਚ ਸ਼ਾਮਲ ਸਮਝਦੀਆਂ ਹਨ। ਦੂਜੇ ਪਾਸੇ ਸ਼ਰਾਬ ਨਾਲ ਜੁੜੇ ਸਨਅਤੀ ਘਰਾਣਿਆਂ ਨੇ ਔਰਤ ਨੂੰ ਇਕ ਵਸਤੂ ਵਜੋਂ ਪ੍ਰਯੋਗ ਕਰਕੇ ਇਸ਼ਤਿਹਾਰਬਾਜ਼ੀ ਰਾਹੀਂ ਉਸ ਦਾ ਚੀਰਹਰਨ ਕੀਤਾ ਹੈ।



'ਪੰਜਾਬਣ ਰਸ ਭਰੀ', 'ਹੀਰ ਸੌਂਫੀ', 'ਜਲਵਾ' ਆਦਿ ਸ਼ਰਾਬ ਦੀਆਂ ਬੋਤਲਾਂ ਦੇ ਨਾਂ ਰੱਖ ਕੇ ਉਸ ਔਰਤ ਦਾ ਮਜ਼ਾਕ ਉਡਾਇਆ ਹੈ ਜਿਹੜੀ ਔਰਤ ਨਸ਼ਿਆਂ ਕਾਰਨ ਸਿਵਿਆਂ ਦੇ ਰਾਹ ਪਏ ਪੁੱਤ ਦੀ ਚਿੰਤਾ ਵਿਚ ਪਿੰਜਰ ਹੋ ਗਈ ਹੈ। ਸੱਜ ਵਿਆਹੀ ਦੁਖਿਆਰੀ ਕੁੜੀ ਸ਼ਰਾਬੀ ਪਤੀ ਤੋਂ ਪੋਟਾ-ਪੋਟਾ ਦੁਖੀ ਹੋ ਕੇ ਸਿਰਜੇ ਸੁਪਨਿਆਂ ਦੀ ਮੌਤ ਵੀਰਾਨ ਅੱਖਾਂ ਨਾਲ ਵੇਖ ਰਹੀ ਹੈ।

ਭਲਾ ਉਸ ਔਰਤ ਦੀ ਨੁਮਾਇਸ਼ ਲਗਾ ਕੇ ਸ਼ਰਾਬ ਸਨਅਤ ਵੱਲੋਂ ਉਸ ਨਾਲ ਕੋਝਾ ਮਜ਼ਾਕ ਨਹੀਂ ਕੀਤਾ ਜਾ ਰਿਹਾ? ਸ਼ਰਾਬ ਅਤੇ ਹੋਰ ਮਾਰੂ ਨਸ਼ਿਆਂ ਕਾਰਨ ਬਲਾਤਕਾਰ ਦੀਆਂ ਵਾਰਦਾਤਾਂ ਵਿਚ 33%, ਅਗਵਾ ਅਤੇ ਉਧਾਲਣ ਦੀਆਂ ਵਾਰਦਾਤਾਂ ਵਿਚ 18%, ਲੁੱਟਾਂ-ਖੋਹਾਂ ਵਿਚ 27%, ਸੰਨ੍ਹ ਲਾਉਣ ਦੀਆਂ ਘਟਨਾਵਾਂ ਵਿਚ 21% ਦਾ ਵਾਧਾ ਹੋਣਾ ਬਹੁਤ ਹੀ ਚਿੰਤਾ ਵਾਲੀ ਗੱਲ ਹੈ।

ਪਿਛਲੇ ਸਤਾਰਾਂ ਸਾਲਾਂ ਵਿਚ ਬੀਅਰ ਦੀ ਖਪਤ ਵਿਚ 209%, ਅੰਗਰੇਜ਼ੀ ਸ਼ਰਾਬ ਵਿਚ 147% ਅਤੇ ਦੇਸੀ ਸ਼ਰਾਬ ਦੀ ਵਰਤੋਂ ਵਿਚ 97% ਦਾ ਵਾਧਾ ਹੋਣਾ ਪੰਜਾਬ ਦੀ 'ਤਰੱਕੀ' ਦੀ ਮੂੰਹ ਬੋਲਦੀ ਤਸਵੀਰ ਹੈ। ਸ਼ਰਾਬ ਪੰਜਾਬ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਨਸ਼ਾ ਹੈ। ਇਸ ਦੀ ਖਪਤ ਰਾਹੀਂ 10 ਹਜ਼ਾਰ ਕਰੋੜ ਰੁਪਿਆ ਇਕੱਠਾ ਕਰਕੇ ਉਸ ਪੈਸੇ ਰਾਹੀਂ ਪੰਜਾਬ ਦੇ ਵਿਕਾਸ ਦਾ ਦਾਅਵਾ ਕਰਨਾ ਹਾਸੋਹੀਣੀ ਗੱਲ ਹੈ। ਦਰਅਸਲ, ਸ਼ਰਾਬ ਕਾਰਨ ਪਿੰਡਾਂ ਦੀ ਹਾਲਤ ਇਸ ਤਰ੍ਹਾਂ ਦੀ ਬਣੀ ਹੋਈ ਹੈ : 'ਪਿੰਡਾਂ ਵਿਚ ਰਹੇ ਨਾ ਏਕੇ, ਥਾਂ-ਥਾਂ ਗਲੀ-ਗਲੀ ਵਿਚ ਠੇਕੇ। ਬੰਦਾ ਜਿਹੜੇ ਪਾਸੇ ਵੇਖੇ, ਰੰਗ ਗੁਲਾਬੀ ਹੁੰਦਾ ਹੈ। ਹੁਣ ਤਾਂ ਆਥਣ ਵੇਲੇ, ਸਾਰਾ ਪਿੰਡ ਸ਼ਰਾਬੀ ਹੁੰਦਾ ਹੈ।' ਸ਼ਰਾਬ ਕਾਰਨ ਲੋਕਾਂ ਦੀ ਤਰਸਮਈ ਹਾਲਤ ਨੂੰ ਵੇਖ ਕੇ ਸੰਗਰੂਰ ਦੀਆਂ ਸਮਾਜ ਸੇਵੀ ਸ਼ਖ਼ਸੀਅਤਾਂ ਅੱਗੇ ਆਈਆਂ। ਇਨ੍ਹਾਂ 'ਚ ਡਾ. ਏ.ਐਸ. ਮਾਨ, ਬਲਦੇਵ ਸਿੰਘ ਗੋਸਲ ਅਤੇ ਪ੍ਰਹਿਲਾਦ ਸਿੰਘ ਸ਼ਾਮਲ ਹਨ।

ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 40-ਏ ਅਧੀਨ ਉਨ੍ਹਾਂ ਵੱਲੋਂ ਪੰਜਾਬ ਦੀਆਂ ਪੰਚਾਇਤਾਂ ਨੂੰ ਪ੍ਰੇਰਨਾ ਦੇ ਕੇ ਆਪੋ-ਆਪਣੇ ਪਿੰਡ 'ਚ ਸ਼ਰਾਬ ਦੇ ਠੇਕੇ ਨਾ ਖੋਲ੍ਹਣ ਲਈ ਮਤੇ ਪਵਾਉਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਵੱਲੋਂ ਸ਼ਰਾਬ ਦੇ ਠੇਕਿਆਂ ਵਿਰੁੱਧ ਮਤੇ ਪਵਾਉਣ ਦੀ ਲਹਿਰ ਸਮੁੱਚੇ ਪੰਜਾਬ ਵਿਚ ਫੈਲ ਗਈ।

ਆਬਕਾਰੀ ਵਿਭਾਗ ਨੂੰ ਉਨ੍ਹਾਂ ਦਾ ਇਹ ਸਾਰਥਕ ਉਪਰਾਲਾ ਵਿਹੁ ਵਾਂਗ ਲੱਗਿਆ। ਆਬਕਾਰੀ ਕਮਿਸ਼ਨਰ ਵੱਲੋਂ ਮਤੇ ਪਾਉਣ ਵਾਲੀਆਂ ਪੰਚਾਇਤਾਂ ਨੂੰ ਚੰਡੀਗੜ੍ਹ ਆਪਣੇ ਦਫ਼ਤਰ ਵਿਚ ਬੁਲਾਕੇ ਮਤੇ ਵਾਪਸ ਲੈਣ ਦੇ ਨਾਲ-ਨਾਲ ਮਤਿਆਂ ਵਿਚ ਕੋਈ ਨਾ ਕੋਈ ਨੁਕਸ ਕੱਢ ਕੇ ਮਤੇ ਰੱਦ ਕਰਨੇ ਸ਼ੁਰੂ ਕਰ ਦਿੱਤੇ। ਫਿਰ ਵੀ ਇਹ ਸਿਰੜੀ ਸ਼ਖ਼ਸੀਅਤਾਂ ਪੰਜਾਬ ਦੇ 632 ਪਿੰਡਾਂ ਵਿਚ ਸ਼ਰਾਬ ਦੇ ਠੇਕੇ ਬੰਦ ਕਰਵਾਉਣ ਵਿਚ ਸਫਲ ਹੋ ਗਈਆਂ ਸਨ। ਇਸ ਸਬੰਧ ਵਿਚ ਉਨ੍ਹਾਂ ਨੂੰ ਹਾਈ ਕੋਰਟ ਦੀ ਸ਼ਰਨ ਵੀ ਲੈਣੀ ਪਈ। ਕਾਸ਼! ਇਸ ਜ਼ਿਲ੍ਹੇ 'ਚੋਂ ਉੱਠੀ ਲਹਿਰ ਸਮੁੱਚੇ ਪੰਜਾਬ ਵਿਚ ਵੀ ਪੈਰ ਪਸਾਰਦੀ। ਪੰਜਾਬ ਨੂੰ ਨਸ਼ਿਆਂ ਦੇ ਕੋਹੜ ਤੋਂ ਬਚਾਉਣ ਲਈ ਪਿੰਡ-ਪਿੰਡ ਤੇ ਸ਼ਹਿਰ-ਸ਼ਹਿਰ ਜਾਗੋ ਕੱਢੀ ਜਾਂਦੀ।

ਦੂਜੇ ਪਾਸੇ ਜਿਹੜੇ ਪਿੰਡਾਂ ਵਿਚ ਸ਼ਰਾਬ ਦੇ ਠੇਕੇ ਬੰਦ ਹੋਏ, ਉਨ੍ਹਾਂ ਪਿੰਡਾਂ ਵਿਚ ਨੇੜੇ-ਤੇੜੇ ਦੇ ਪਿੰਡਾਂ ਨਾਲ ਸਬੰਧਤ ਸ਼ਰਾਬ ਦੇ ਠੇਕੇਦਾਰਾਂ ਨੇ ਵੇਲੇ-ਕੁਵੇਲੇ ਸ਼ਰਾਬ ਦੀ ਸਪਲਾਈ ਸ਼ੁਰੂ ਕਰ ਦਿੱਤੀ। ਹਰਿਆਣੇ ਵਿੱਚੋਂ 800 ਰੁਪਏ ਪ੍ਰਤੀ ਸ਼ਰਾਬ ਦੀ ਪੇਟੀ ਲਿਆ ਕੇ 1000/- ਰੁਪਏ ਪ੍ਰਤੀ ਪੇਟੀ ਵੀ ਬਲੈਕ ਵਿਚ ਵਿਕਣੀ ਸ਼ੁਰੂ ਹੋ ਗਈ। ਸਰਕਾਰ ਵੱਲੋਂ ਬਲੈਕ ਵਿਚ ਵਿਕਦੀ ਸ਼ਰਾਬ ਨੂੰ ਨਾ ਰੋਕਣ ਕਾਰਨ ਠੇਕੇ ਬੰਦ ਕਰਨ ਵਾਲੀ ਮੁਹਿੰਮ ਦਮ ਤੋੜ ਗਈ।

ਇਸ ਤਰ੍ਹਾਂ ਹੀ ਇਕ ਹੋਰ ਸਮਾਜ ਸੇਵਕ ਹਰਮਨ ਸਿੱਧੂ ਨੇ ਨੈਸ਼ਨਲ ਹਾਈਵੇਅਜ਼ ਅਤੇ ਸੂਬਾਈ ਰਾਜਮਾਰਗਾਂ 'ਤੇ ਖੁੱਲ੍ਹੇ ਸ਼ਰਾਬ ਦੇ ਠੇਕਿਆਂ ਵਿਰੁੱਧ ਹਾਈ ਕੋਰਟ ਦਾ ਸਹਾਰਾ ਲੈਂਦਿਆਂ ਦਲੀਲ ਦਿੱਤੀ ਕਿ ਇਸ ਨਾਲ ਦੁਰਘਟਨਾਵਾਂ ਵਿਚ ਵਾਧਾ ਹੁੰਦਾ ਹੈ। ਹਾਈ ਕੋਰਟ ਨੇ ਸ਼ਰਾਬ ਦੇ ਠੇਕੇ ਕੌਮੀ ਤੇ ਸੂਬਾਈ ਰਾਜਮਾਰਗਾਂ ਤੋਂ ਦੂਰ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ। ਰਾਸ਼ਟਰੀ ਮਾਰਗਾਂ ਤੇ ਤਾਂ ਇਨ੍ਹਾਂ ਹੁਕਮਾਂ ਦੀ ਪਾਲਣਾ ਹੋ ਗਈ ਪਰ ਪੰਜਾਬ ਦੇ ਰਾਜਮਾਰਗਾਂ 'ਤੇ ਬਹੁਤ ਸਾਰੇ ਠੇਕੇ ਫਿਰ ਵੀ ਖੁੱਲ੍ਹੇ ਰਹੇ। ਸ਼ੈਰੀ ਸਿੱਧੂ ਵੱਲੋਂ ਰਿਵਾਈਜ਼ਡ ਪਟੀਸ਼ਨ ਪਾਉਣ 'ਤੇ 30 ਨਵੰਬਰ 2015 ਨੂੰ ਅਦਾਲਤ ਨੇ ਇਹ ਕਹਿ ਕੇ ਸਰਕਾਰ ਨੂੰ ਫਟਕਾਰ ਲਾਈ ਕਿ ਜੇਕਰ ਸਰਕਾਰ ਨੂੰ ਸ਼ਰਾਬ ਰਾਹੀਂ ਮਾਲੀਆ ਉਗਰਾਹੁਣ ਦਾ ਲਾਲਚ ਹੈ ਤਾਂ ਫਿਰ ਸਕੱਤਰੇਤ ਵਿਚ ਵੀ ਸ਼ਰਾਬ ਦਾ ਠੇਕਾ ਖੋਲ੍ਹ ਦਿੱਤਾ ਜਾਵੇ। ਪੰਜਾਬ ਦੀਆਂ ਹਰ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਚੋਣਾਂ ਵਿਚ ਜਿੱਥੇ ਵਾਅਦਿਆਂ ਤੇ ਦਾਅਵਿਆਂ ਦੀ ਗੱਲ ਕਰ ਕੇ ਸਿਆਸੀ ਆਗੂ ਤਰ੍ਹਾਂ-ਤਰ੍ਹਾਂ ਦੇ ਸਬਜ਼ਬਾਗ ਵਿਖਾਉਂਦੇ ਹਨ ਉੱਥੇ ਹੀ ਵੋਟਰਾਂ ਨੂੰ ਭਰਮਾਉਣ ਲਈ ਨਸ਼ੇ, ਖ਼ਾਸ ਕਰਕੇ ਸ਼ਰਾਬ ਦੀਆਂ ਪੇਟੀਆਂ ਪਿੰਡ ਦੇ ਮੋਹਤਬਰ ਵਿਅਕਤੀਆਂ ਦੇ ਘਰ ਪਹਿਲਾਂ ਹੀ ਰੱਖ ਦਿੱਤੀਆਂ ਜਾਂਦੀਆਂ ਹਨ। ਪੰਜਾਬ ਦੇ 12581 ਪਿੰਡਾਂ ਵਿਚ ਮੁਫ਼ਤ ਦੀ ਵੰਡੀ ਇਸ ਸ਼ਰਾਬ ਕਾਰਨ ਜੇ ਇਕ ਪਿੰਡ ਵਿਚ 25 ਨਵੇਂ ਸ਼ਰਾਬੀ ਪੈਦਾ ਹੋ ਜਾਣ ਤਾਂ ਅੰਦਾਜ਼ਨ ਤਿੰਨ ਲੱਖ ਨਵੇਂ ਨਸ਼ੇੜੀਆਂ ਦੀ ਫ਼ੌਜ ਖੜ੍ਹੀ ਹੋ ਜਾਵੇਗੀ। ਅਠਾਰਵੀਂ ਲੋਕ ਸਭਾ ਦੀਆਂ ਹੋ ਰਹੀਆਂ ਚੋਣਾਂ ਵਿਚ ਸੂਝਵਾਨ ਤੇ ਸੁਚੇਤ ਲੋਕਾਂ ਨੇ ਇਸ ਨਾਅਰੇ ਰਾਹੀਂ ਆਵਾਜ਼ ਬੁਲੰਦ ਕੀਤੀ ਹੈ: 'ਨਾ ਲਓ ਬੋਤਲ, ਨਾ ਲਓ ਨੋਟ, ਚੰਗੇ ਲੋਕਾਂ ਨੂੰ ਪਾਵੋ ਵੋਟ।' ਪੰਜਾਬ ਵਿਚ ਇਕ ਸਮੇਂ ਕੰਧਾਂ 'ਤੇ ਲਿਖੇ ਨਾਅਰੇ 'ਪਾਪਾ ਜੀ ਨਾ ਪੀਓ ਸ਼ਰਾਬ, ਮੈਨੂੰ ਲੈ ਦਿਓ ਇਕ ਕਿਤਾਬ' ਦਾ ਕਾਫ਼ੀ ਅਸਰ ਹੋਇਆ ਸੀ। ਰਾਜਨੀਤਕ ਲੋਕਾਂ ਨੂੰ ਗੰਭੀਰ ਹੋ ਕੇ ਇਹ ਵੀ ਸੋਚਣਾ ਚਾਹੀਦਾ ਹੈ ਕਿ ਵਿਕਾਸ ਨਿਰ੍ਹਾ ਗਲੀਆਂ-ਨਾਲੀਆਂ, ਸੜਕਾਂ, ਪੁਲ, ਫਲਾਈਓਵਰ ਬਣਾਉਣ ਨਾਲ ਨਹੀਂ ਹੁੰਦਾ। ਜੇਕਰ ਇਨ੍ਹਾਂ ਦੀ ਵਰਤੋਂ ਕਰਨ ਵਾਲੇ ਹੀ ਨਸ਼ਿਆਂ ਕਾਰਨ ਸਿਵਿਆਂ ਦੇ ਰਾਹ ਪੈ ਗਏ, ਫਿਰ ਅਜਿਹੇ ਵਿਕਾਸ ਦੀ ਅਹਿਮੀਅਤ ਹੀ ਕੀ ਹੈ?

ਬਹੁ-ਪੱਖੀ ਅਤੇ ਬਹੁ-ਪਰਤੀ ਸਮੱਸਿਆਵਾਂ ਵਿਚ ਘਿਰੇ ਪੰਜਾਬ ਦੀ ਸਥਿਤੀ ਇਸ ਤਰ੍ਹਾਂ ਦੀ ਹੈ ਜਿਵੇਂ ਗੁਬਾਰਾ ਅਣਗਿਣਤ ਸੂਈਆਂ ਦੀ ਨੋਕ 'ਤੇ ਖੜ੍ਹਾ ਹੋਵੇ। ਸਾਨੂੰ ਗੰਭੀਰ ਹੋ ਕੇ ਚਿੰਤਨ ਕਰਨ ਦੀ ਲੋੜ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ 1801 ਤੋਂ 1839 ਤੱਕ ਰਾਜ ਕਰਦਿਆਂ ਪ੍ਰਾਂਤ ਦਾ ਸਰਬਪੱਖੀ ਵਿਕਾਸ ਕੀਤਾ। ਕੀ ਉਨ੍ਹਾਂ ਵੱਲੋਂ ਸ਼ਰਾਬ ਦੇ ਠੇਕੇ ਖੋਲ੍ਹ ਕੇ ਪੰਜਾਬ ਦਾ ਵਿਕਾਸ ਕੀਤਾ ਗਿਆ ਸੀ? ਜੇ ਗੁਜਰਾਤ, ਮਨੀਪੁਰ, ਮਿਜ਼ੋਰਮ, ਨਾਗਾਲੈਂਡ, ਬਿਹਾਰ, ਕੇਂਦਰ ਸ਼ਾਸਿਤ ਪ੍ਰਦੇਸ਼ ਲਕਸ਼ਦੀਪ ਵਿਚ ਪੂਰਨ ਸ਼ਰਾਬਬੰਦੀ ਹੋ ਸਕਦੀ ਹੈ ਤਾਂ ਪੰਜਾਬ ਵਿਚ ਕਿਉਂ ਨਹੀਂ?

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਕਰਮਵੀਰ ਸਿੰਘ ਬੈਂਸ, ਯੂਬਾ ਸਿਟੀ
(2) ਅਵਤਾਰ ਸਿੰਘ ਸਹੋਤਾ
(3) ਗੁਰਨਾਮ ਸਿੰਘ ਪੰਮਾ
(4) ਜਸਵੀਰ ਸਿੰਘ ਕੁਲਾਰ
(5) ਗੁਰਚਰਨ ਸਿੰਘ ਮਾਨ
(6) ਭੁਪਿੰਦਰ ਸਿੰਘ ਪਦਮ
(7) ਪਰਮਪਾਲ ਸਿੰਘ
(8) ਸ. ਮਹਿੰਗਾ ਸਿੰਘ ਸਰਪੰਚ
(9) ਕੁਲਦੀਪ ਸਿੰਘ ਅਟਵਾਲ
(10) ਸੁਰਜੀਤ ਸਿੰਘ ਅਟਵਾਲ
(11) ਗੁਰਵਿੰਦਰ ਸਿੰਘ ਮਾਵੀ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਕਸ਼ਮੀਰ ਸਿੰਘ ਧੁੱਗਾ
(15) ਬਲਦੇਵ ਸਿੰਘ ਮਾਨ
(16) ਰਾਜ ਬਡਵਾਲ
(17) ਰਣਬੀਰ ਸਿੰਘ, ਬੇਕਰਸਫੀਲਡ

# Pardes Times TV
## A Youtube Show

ਪਰਦੇਸ ਟਾਇਮਜ਼ ਤੁਹਾਡੇ ਲਈ ਪੰਜਾਬੀ ਮਾਂ-ਬੋਲੀ 'ਚ ਇਕ ਯੂ-ਟਿਊਬ ਸ਼ੋਅ ਲੈ ਕੇ ਆਉਂਦਾ ਹੈ, ਜੋ ਪੰਜਾਬੀਆਂ ਨੂੰ ਉਨ੍ਹਾਂ ਦੀ ਬੋਲੀ ਨਾਲ ਜੋੜਦਾ ਹੈ। ਸ਼ੋਅ ਵੇਖਣ ਲਈ **Pardestimes tv** ਨੂੰ ਸਬਸਕ੍ਰਾਈਬ ਕਰੋ।

**www.pardestimes.com** 510-938-7771


# ਅਰਵਿੰਦ ਕੇਜਰੀਵਾਲ ਤੇ ਕੇ. ਕਵਿਤਾ ਨੂੰ ਅਦਾਲਤ ਤੋਂ ਝਟਕਾ, ਹੁਣ 7 ਮਈ ਤੱਕ ਵਧੀ ਦੋਵਾਂ ਦੀ ਨਿਆਂਇਕ ਹਿਰਾਸਤ



ਨਵੀਂ ਦਿੱਲੀ- ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਆਬਕਾਰੀ ਨੀਤੀ ਘੁਟਾਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿੱਚ ਮੰਗਲਵਾਰ ਨੂੰ ਇੱਕ ਵਾਰ ਫਿਰ ਝਟਕਾ ਲੱਗਾ ਹੈ। ਅਦਾਲਤ ਨੇ ਜੇਲ੍ਹ ਅਧਿਕਾਰੀਆਂ ਨੂੰ ਕੇਜਰੀਵਾਲ ਅਤੇ ਕੇ। ਕਵਿਤਾ 7 ਮਈ ਨੂੰ ਦੁਪਹਿਰ 2 ਵਜੇ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਕੀਤੀ ਜਾਵੇ।

ਕੇਜਰੀਵਾਲ ਨੂੰ 21 ਮਾਰਚ ਨੂੰ ਕੀਤਾ ਗਿਆ ਸੀ ਗ੍ਰਿਫਤਾਰ ਜ਼ਿਕਰਯੋਗ ਹੈ ਕਿ ਆਬਕਾਰੀ ਨੀਤੀ ਮਾਮਲੇ 'ਚ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ 2 ਘੰਟੇ ਦੀ ਪੁੱਛਗਿੱਛ ਤੋਂ ਬਾਅਦ 21 ਮਾਰਚ ਦੀ ਸ਼ਾਮ ਨੂੰ ਮੁੱਖ ਮੰਤਰੀ ਕੇਜਰੀਵਾਲ ਨੂੰ ਗ੍ਰਿਫਤਾਰ ਕੀਤਾ ਸੀ। ਉਦੋਂ ਤੋਂ ਉਹ ਹਿਰਾਸਤ 'ਚ ਹੈ।


## ਅੱਜ ਹੀ ਆਪਣਾ ਫ਼ੋਨ ਠੀਕ ਕਰਵਾਓ

**CELL PHONE REPAIR BY SYCAMORE TECH**

**Location: 6170 Thornton Avenue Suite C, Newark, CA, 94560**

ਸੈਕਿੰਡ ਹੈਂਡ ਮੋਬਾਇਲ ਫੋਨ ਲੈਣਾ ਹੋਵੇ
ਮੋਬਾਇਲ ਦੀ ਤੁਰੰਤ ਅਤੇ ਉਸੇ ਦਿਨ (Same Day Repair) ਰਿਪੇਅਰ ਕਰਵਾਉਣੀ ਹੋਵੇ
ਸਾਡੇ ਨਾਲ ਜ਼ਰੂਰ ਸੰਪਰਕ ਕਰੋ ਜੀ:

**Phone: 510-894-9607**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 10.00 ਵਜੇ ਤੋਂ ਸ਼ਾਮੀ 7 ਵਜੇ ਤੱਕ, ਸ਼ਨਿਚਰਵਾਰ ਨੂੰ ਸਵੇਰੇ 10.30 ਤੋਂ ਸ਼ਾਮੀ 5 ਵਜੇ ਤੱਕ, ਐਤਵਾਰ ਬੰਦ

**Services We Offer:**
* iPhone and iPad Repair
* Samsung Phones Repair
* PC and Mac Repair
* Sell Unlocked Phones
* Screen/LCD Replacement
* Battery and Charging Issue
* Back Glass and Camera Lens
* Water Damaged and Locked Phones

10% Off



CELL PHONE REPAIR BY SYCAMORE TECH

**Same Day Repair.**
**Get Your Phone Fixed Today!**
www.sycamoretechca.com





'ਪਰਦੇਸ ਟਾਇਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ ਸੰਪਰਕ ਕਰੋ: **510-938-7771** **shaadi@pardestimes.com**

### ਲੜਕੀ ਦੀ ਲੋੜ

33 ਸਾਲਾ, ਕੱਦ 5 ਫੁੱਟ 11 ਇੰਚ, ਜੱਟ ਸਿੱਖ, ਆਈ. ਟੀ. ਇੰਜੀਨੀਅਰ ਸਰਕਾਰੀ ਨੌਕਰੀ ਕਰਦੇ ਲੜਕੇ ਲਈ, ਯੋਗ ਲੜਕੀ ਦੀ ਲੋੜ ਹੈ। ਪਿਤਾ ਗਜ਼ਟਿਡ ਅਫਸਰ ਸਨ ਭਾਰਤ 'ਚ। ਸੰਪਰਕ ਕਰੋ 510-453-7302, (ਇੰਡੀਆ) 91-98766-96721, san.mag09@gmail.com

### ਲੜਕੀ ਦੀ ਲੋੜ

ਹਿੰਦੂ ਲੜਕਾ, ਕੱਦ 5 ਫੁੱਟ 11 ਇੰਚ, ਗਰਗ ਗੋਤਰ, 34 ਸਾਲਾ MS in Mechanical Engg ਕੀਤੀ ਹੋਈ, ਮਕੈਨੀਕਲ ਇੰਜੀਨੀਅਰ ਦੇ ਤੌਰ ਤੇ ਕੈਲੇਫੋਰਨੀਆ 'ਚ ਕੰਮ ਕਰਦੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕਾ ਐਚ1ਬੀ ਵੀਜ਼ਾ ਤੇ ਕੰਮ ਕਰਦਾ ਹੈ। ਹੋਰ ਜਾਣਕਾਰੀ ਲਈ 559-644-7129 ਤੇ ਜਾਂ abhishek.garg4003@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਵਰ ਦੀ ਲੋੜ

31 ਸਾਲਾ 'ਸੱਗੂ' ਰਾਮਗੜ੍ਹੀਆ ਲੜਕੀ, ਜੋ ਐਮ. ਡੀ. ਹੈ, ਕੱਦ 5 ਫੁੱਟ 3 ਇੰਚ ਹੈ। ਕਨੇਡੀਅਨ ਸਿਟੀਜ਼ਨ ਜੋ ਕੈਲੇਫੋਰਨੀਆ 'ਚ ਡਾਕਟਰ ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ- ਤਰਲੋਚਨ ਸਿੰਘ ਸੱਗੂ 416-886-9197 saggutarlochan@yahoo.com

### ਵਰ ਦੀ ਲੋੜ

33 ਸਾਲਾ ਕੱਦ 5 ਫੁੱਟ 4 ਇੰਚ, ਨਿਊਯਾਰਕ ਵਿਖੇ ਅਟਾਰਨੀ ਦੇ ਤੌਰ ਤੇ ਕੰਮ ਕਰਦੀ ਸਿੱਖ ਲੜਕੀ, ਜਿਸਨੇ ਬੀ. ਐਸ. ਸੀ., ਸਾਈਕਲੌਜੀ ਤੇ ਜੇ. ਡੀ. ਐਲ ਐਲ ਬੀ ਦੀ ਸਿੱਖਿਆ ਹਾਸਲ ਕੀਤੀ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ 315-395-2585 Rimmi.kailey@gmail.com

### ਕੰਨਿਆ ਦੀ ਲੋੜ

ਅਮਰੀਕਨ ਨਾਗਰਿਕ ਸਿੱਖ ਮੁੰਡਾ, ਜਨਮ 1984, ਕੱਦ 5 ਫੁੱਟ 10 ਇੰਚ, ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ।
ਸੰਪਰਕ +1 (510) 200-1772

### ਵਰ ਦੀ ਲੋੜ

33 ਸਾਲਾ, ਲੜਕੀ, ਕੱਦ 5 ਫੁੱਟ 5 ਇੰਚ, ਜਿਸਨੇ Bachelor of Science in Commerce: Finance Major, Economics and Management Information Systems minors from Santa Clara University ਅਤੇ Apple Company ਲਈ Internet Software Engineer ਦੇ ਤੌਰ ਤੇ ਕੰਮ ਕਰਦੀ ਵਾਸਤੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਹੋਰ ਜਾਣਕਾਰੀ ਲਈ ਫੋਨ 408-835-0202 ਜਾਂ ਈਮੇਲ 8350202@gmail.com

# ਦੁਬਈ ਤੇ ਓਮਾਨ ਜਿਹੇ ਦੇਸ਼ਾਂ 'ਚ ਭਾਰੀ ਬਰਸਾਤ

ਦੁਬਈ ਤੇ ਓਮਾਨ ਜਿਹੇ ਦੇਸ਼ਾਂ 'ਚ ਬੀਤੇ ਦਿਨੀਂ ਭਾਰੀ ਵਰਖਾ ਨਾਲ ਜਿਹੋ ਜਿਹੇ ਹਾਲਾਤ ਪੈਦਾ ਹੋ ਗਏ ਹਨ, ਉਹ ਸਾਰੀ ਦੁਨੀਆ ਵੇਖ ਰਹੀ ਹੈ। ਅਜਿਹਾ ਬੇਮੌਸਮੀ ਤੇ ਤੂਫ਼ਾਨੀ ਮੀਂਹ ਸਿਰਫ਼ ਮੱਧ-ਪੂਰਬ ਲਈ ਹੀ ਨਹੀਂ ਸਗੋਂ ਸਮੁੱਚੇ ਵਿਸ਼ਵ ਲਈ ਖ਼ਤਰੇ ਦੀ ਘੰਟੀ ਹੈ। ਚੌਵੀ ਘੰਟਿਆਂ 'ਚ 254 ਮਿਲੀਮੀਟਰ ਪੱਧਰ ਦੀ ਵਰਖਾ ਪੈਣ ਤੇ ਬੇਹਿਸਾਬ ਝੱਖੜ ਝੁੱਲਣ ਤੋਂ ਇਹ ਪਤਾ ਲੱਗਦਾ ਹੈ ਕਿ ਮਨੁੱਖ ਨੇ ਕਿਸ ਹੱਦ ਤੱਕ ਕੁਦਰਤ ਨਾਲ ਛੇੜਛਾੜ ਕੀਤੀ ਹੋਈ ਹੈ ਜਿਸ ਦੇ ਨਤੀਜੇ ਹੁਣ ਸਾਹਮਣੇ ਆਉਣ ਲੱਗੇ ਹਨ। ਉਂਜ ਅਜਿਹੇ ਹਾਲਾਤ ਲਈ 'ਕਲਾਊਡ ਸੀਡਿੰਗ' ਨੂੰ ਵੀ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। ਇਹ ਸਮੁੰਦਰੀ ਸਤ੍ਹਾ ਦਾ ਪੱਧਰ ਵਧਣ ਦਾ ਮਾਮਲਾ ਵੀ ਹੋ ਸਕਦਾ ਹੈ। 'ਨੈਸ਼ਨਲ ਏਅਰੋਨੌਟਿਕਸ ਐਂਡ ਸਪੇਸ ਐਡਮਿਨਿਸਟ੍ਰੇਸ਼ਨ' ਭਾਵ ਨਾਸਾ ਦੇ ਵਿਗਿਆਨੀ ਤੇ ਹੋਰ ਮਾਹਿਰ ਪਿਛਲੇ ਕਈ ਸਾਲਾਂ ਤੋਂ ਇਹ ਚਿਤਾਵਨੀ ਦਿੰਦੇ ਆ ਰਹੇ ਹਨ ਕਿ ਜਿਸ ਹਿਸਾਬ ਨਾਲ ਇਸ ਦੁਨੀਆ ਦੇ 800 ਕਰੋੜ ਤੋਂ ਵੱਧ ਲੋਕ ਠੋਸ ਕੂੜਾ-ਕਰਕਟ ਨਦੀਆਂ-ਨਾਲ਼ਿਆਂ 'ਚ ਵਹਾਉਂਦੇ ਜਾ ਰਹੇ ਹਨ, ਉਹ ਸਾਰਾ ਕਚਰਾ ਜਦੋਂ ਅਖ਼ੀਰ ਸਮੁੰਦਰਾਂ 'ਚ ਡਿੱਗਦਾ ਹੈ ਤਾਂ ਉਸ ਦਾ ਪੱਧਰ ਉੱਚਾ ਹੋਣਾ ਸੁਭਾਵਕ ਹੈ। ਇਹ ਇਕ ਭੂਗੋਲਿਕ ਤੇ ਵਿਗਿਆਨਕ ਤੱਥ ਹੈ ਕਿ ਦੁਨੀਆ ਦੇ ਸਾਰੇ ਸਮੁੰਦਰ ਆਪਸ 'ਚ ਜੁੜੇ ਹੋਏ ਹਨ ਜਿਸ ਕਾਰਨ ਪਾਣੀ ਦਾ ਪੱਧਰ ਹਰ ਥਾਂ ਇੱਕੋ ਜਿਹਾ ਰਹਿੰਦਾ ਹੈ। ਜੇ ਇਹ ਪੱਧਰ ਉੱਚਾ ਹੁੰਦਾ ਹੈ ਤਾਂ ਕੈਨੇਡੀਅਨ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਸੁੰਦਰ ਤਟੀ ਮਹਾਨਗਰ ਵੈਨਕੂਵਰ ਅਤੇ ਭਾਰਤ 'ਚ ਸਮੁੰਦਰੀ ਕੰਢਿਆਂ ਲਾਗਲੇ ਕੁਝ ਸ਼ਹਿਰਾਂ ਸਮੇਤ ਦੁਨੀਆ ਦੇ ਹੋਰ ਕਈ ਅਜਿਹੇ ਨਗਰ ਤੇ ਆਬਾਦੀਆਂ ਪਾਣੀ 'ਚ ਡੁੱਬਣ ਲੱਗ ਪੈਣਗੀਆਂ। ਹੁਣ ਦੁਬਈ ਦੇ ਜਿਹੜੇ ਖ਼ੌਫ਼ਨਾਕ ਦ੍ਰਿਸ਼ ਸਭ ਨੇ ਵੇਖੇ ਹਨ, ਉਹ ਸਮੁੰਦਰੀ ਕੰਢਿਆਂ 'ਤੇ ਵਸੇ ਨਗਰਾਂ ਲਈ ਖ਼ਤਰੇ ਦੀ ਘੰਟੀ ਹੀ ਹਨ। ਇਹ ਸੰਸਾਰਕ ਤਪਸ਼ ਵਧਣ ਦਾ ਨਤੀਜਾ ਹੀ ਹੈ। ਨਾਸਾ ਵਿਗਿਆਨੀਆਂ ਮੁਤਾਬਕ ਧਰਤੀ 'ਤੇ ਸਮੁੰਦਰੀ ਪਾਣੀ ਦਾ ਪੱਧਰ ਸਾਲ 2006 ਤੋਂ 2015 ਤੱਕ 3.6 ਮਿਲੀਮੀਟਰ ਦੀ ਦਰ ਨਾਲ ਵਧਿਆ ਸੀ। ਇਹ ਪੱਧਰ ਧਰਤੀ ਦੀ ਵਧੇਰੇ ਤਪਸ਼ ਕਾਰਨ ਉੱਤਰੀ ਤੇ ਦੱਖਣੀ ਧਰੁਵਾਂ 'ਤੇ ਬਰਫ਼ ਦੇ ਗਲੇਸ਼ੀਅਰ ਤੇਜ਼ੀ ਨਾਲ ਪਿਘਲਣ ਕਾਰਨ ਵੀ ਵਧਦਾ ਹੈ। ਇਹ ਇਕ ਵਿਗਿਆਨਕ ਸੱਚਾਈ ਹੈ ਕਿ ਜੇ ਪਰਬਤਾਂ ਤੇ ਧਰੁਵਾਂ 'ਤੇ ਮੌਜੂਦ ਸਾਰੀ ਬਰਫ਼ ਪਿਘਲ ਜਾਵੇ ਤਾਂ ਸਮੁੰਦਰ 'ਚ ਪਾਣੀ ਦਾ ਪੱਧਰ ਲਗਪਗ 230 ਫੁੱਟ ਤੱਕ ਵਧ ਜਾਵੇਗਾ ਜਿਸ ਕਾਰਨ ਤਟੀ ਨਗਰ ਹੀ ਨਹੀਂ ਸਗੋਂ ਦੁਨੀਆ ਦੇ ਹੋਰ ਬਹੁਤ ਸਾਰੇ ਸ਼ਹਿਰ, ਕਸਬੇ ਤੇ ਪਿੰਡ ਵੀ ਡੁੱਬ ਜਾਣਗੇ।



### ਪੰਜਾਬ ਦੇ 13 ਲੋਕ ਸਭਾ ਹਲਕਿਆਂ 'ਤੇ ਇਕ ਝਾਤ

# ਪੰਜਾਬ ਦੀ ਰਾਜਨੀਤੀ 'ਚੋਂ ਗਾਇਬ ਹੋਏ ਪੁਰਾਣੇ ਮੁੱਦੇ, ਨਵੇਂ ਕੋਈ ਉਭਰ ਨਹੀਂ ਪਾ ਰਹੇ







ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਉੱਤੇ ਚੋਣਾਂ ਆਖ਼ਰੀ ਗੇੜ ਵਿੱਚ 1 ਜੂਨ ਨੂੰ ਹੋਣਗੀਆਂ। ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਜਿੱਥੇ ਇਹ ਚੋਣਾਂ ਆਮ ਆਦਮੀ ਪਾਰਟੀ ਦੇ ਲਈ ਅਗਨ ਪ੍ਰੀਖਿਆ ਹੋਣਗੀਆਂ, ਉੱਥੇ ਹੀ ਕਾਂਗਰਸ ਅਤੇ ਪੰਜਾਬ ਦੀ ਖੇਤਰੀ ਪਾਰਟੀ ਅਕਾਲੀ ਦਲ ਵੀ ਆਪਣੇ ਆਪ ਨੂੰ ਸਾਬਤ ਕਰਨ ਦੀ ਕੋਸ਼ਿਸ਼ ਕਰੇਗੀ। ਪੰਜਾਬ ਦੀ ਹਰੇਕ ਸੀਟ ਉੱਤੇ ਚੋਣਾਂ ਨੂੰ ਵੱਖੋ-ਵੱਖਰੇ ਫੈਕਟਰ ਪ੍ਰਭਾਵਿਤ ਕਰਦੇ ਹਨ ਅਤੇ ਹਰੇਕ ਹ਼ਲਕੇ ਨਾਲ ਵੱਖਰੇ-ਵੱਖਰੇ ਦਿਲਚਸਪ ਤੱਥ ਜੁੜੇ ਹੋਏ ਹਨ, ਇਸ ਰਿਪੋਰਟ ਵਿੱਚ ਅਸੀਂ ਹਰੇਕ ਸੀਟ ਦੇ ਇੱਕ ਰੋਚਕ ਤੱਥ ਬਾਰੇ ਗੱਲ ਕਰਾਂਗੇ -

**ਸੰਗਰੂਰ: ਵਹਾਅ ਦੇ ਉਲਟ ਨਤੀਜੇ**

ਸੰਗਰੂਰ ਪੰਜਾਬ ਦੀਆਂ ਸਭ ਤੋਂ ਵੱਧ ਦਿਲਚਸਪ ਲੋਕ ਸਭਾ ਸੀਟਾਂ ਵਿੱਚੋਂ ਇੱਕ ਹੈ। ਇਸ ਦਾ ਇੱਕ ਕਾਰਨ ਇਹ ਵੀ ਹੈ ਕਿ ਪੰਜਾਬ ਦਾ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਭਗਵੰਤ ਮਾਨ ਇੱਥੋਂ ਦੋ ਵਾਰੀ ਚੰਗੀ ਬਹੁਮਤ ਨਾਲ ਲੋਕ ਸਭਾ ਮੈਂਬਰ ਚੁਣੇ ਜਾ ਚੁੱਕੇ ਸਨ ਪਰ ਪੰਜਾਬ ਵਿੱਚ 'ਆਪ' ਸਰਕਾਰ ਬਣਨ ਮਗਰੋਂ ਹੋਈਆਂ ਜ਼ਿਮਨੀ ਚੋਣਾਂ ਵਿੱਚ ਇਹ ਸੀਟ ਪਾਰਟੀ ਦੇ ਹੱਥੋਂ ਖੁਸ ਗਈ। ਇਸ ਸੰਗਰੂਰ ਸੀਟ ਨੂੰ ਆਮ ਆਦਮੀ ਪਾਰਟੀ ਦਾ ਸਿਆਸੀ ਕਿ਼ਲ੍ਹਾ ਮੰਨਿਆ ਜਾਂਦਾ ਸੀ। ਪੰਜਾਬ ਦੇ ਮੁੱਖ ਮੰਤਰੀ, 3 ਮੰਤਰੀ (ਹਰਪਾਲ ਚੀਮਾ, ਅਮਨ ਅਰੋੜਾ ਤੇ ਮੀਤ ਹੇਅਰ) ਇਸੇ ਸੀਟ ਦੇ ਦਾਇਰੇ ਵਿੱਚ ਆਉਂਦੇ ਹਨ। ਭਗਵੰਤ ਮਾਨ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਸਾਲ 2022 ਵਿੱਚ ਨਤੀਜੇ ਆਪ ਪ੍ਰਸ਼ੰਸਕਾਂ ਲਈ ਕਾਫੀ ਹੈਰਾਨੀ ਭਰੇ ਸਨ। ਇਨ੍ਹਾਂ ਚੋਣਾਂ ਵਿੱਚ ਪੰਜਾਬ ਵਿੱਚ ਨਿਗੂਣੇ ਅਧਾਰ ਵਾਲੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਸਿਮਰਨਜੀਤ ਸਿੰਘ ਮਾਨ ਆਪਣੀ ਜਿੱਤ ਦਰਜ ਕਰਨ ਵਿੱਚ ਸਫ਼ਲ ਰਹੇ ਸਨ। ਉਨ੍ਹਾਂ ਦੇ ਚੋਣ ਪ੍ਰਚਾਰ ਵਿੱਚ ਪੰਥਕ ਮੁੱਦੇ ਭਾਰੂ ਰਹੇ ਸਨ। ਪੰਜਾਬ ਯੂਨੀਵਰਸਿਟੀ ਵਿੱਚ ਰਾਜਨੀਤੀ ਸ਼ਾਸਤਰ ਦੇ ਪ੍ਰੋਫ਼ੈਸਰ ਰੌਣਕੀ ਰਾਮ ਨੇ ਇਸ ਜਿੱਤ ਦਾ ਵਿਸ਼ਲੇਸ਼ਣ ਕਰਦਿਆਂ ਯੂਨੀਵਰਸਿਟੀ ਆਫ ਮਿਸ਼ੀਗਨ ਤੋਂ ਛਪਦੇ ਜਰਨਲ 'ਸਿੱਖ ਫੋਰਮੇਸ਼ਨਜ਼' ਲਈ ਲਿਖਿਆ ਸੀ। ਉਨ੍ਹਾਂ ਲਿਖਿਆ ਕਿ ਇਸ ਜਿੱਤ ਦੇ ਪਿੱਛੇ ਸ਼ੁਭਦੀਪ ਸਿੰਘ ਉਰਫ ਸਿੱਧੂ ਮੂਸੇਵਾਲਾ ਦੀ ਮੌਤ ਤੋਂ ਬਾਅਦ ਲੋਕਾਂ ਵਿੱਚ ਪੈਦਾ ਹੋਇਆ ਭਾਵਨਾਤਮਕ ਉਭਾਰ ਵੀ ਇੱਕ ਕਾਰਨ ਸੀ।

ਜੂਨ 2022 ਵਿੱਚ ਹੋਈਆਂ ਜ਼ਿਮਨੀ ਚੋਣਾਂ ਵਿੱਚ ਕੁਲ ਵੋਟਰਾਂ ਵਿੱਚੋਂ ਸਿਰਫ਼ 45 ਫ਼ੀਸਦ ਹੀ ਵੋਟ ਪਾਉਣ ਲਈ ਆਏ ਸਨ। ਸਾਲ 2000 ਤੋਂ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਸੰਗਰੂਰ ਲੋਕ ਸਭਾ ਖੇਤਰ ਦਾ ਇਹ ਰਿਕਾਰਡ ਰਿਹਾ ਹੈ ਕਿ ਇੱਥੋਂ ਗ਼ੈਰ-ਸੱਤਾਧਾਰੀ ਪਾਰਟੀਆਂ ਦੇ ਆਗੂ ਚੋਣ ਜਿੱਤਦੇ ਰਹੇ ਹਨ। ਸਾਲ 2004 ਵਿੱਚ ਜਦੋਂ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਸੀ ਤਾਂ ਉਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਦੇਵ ਸਿੰਘ ਢੀਂਡਸਾ ਇੱਥੋਂ ਚੋਣ ਜਿੱਤੇ ਸਨ। 2007 ਵਿੱਚ ਅਕਾਲੀ ਦਲ ਦੀ ਸਰਕਾਰ ਬਣਨ ਤੋਂ ਬਾਅਦ ਹੋਈਆਂ ਚੋਣਾਂ ਵਿੱਚ ਇੱਥੋਂ ਕਾਂਗਰਸ ਦੇ ਉਮੀਦਵਾਰ ਵਿਜੈ ਇੰਦਰ ਸਿੰਗਲਾ ਨੇ ਜਿੱਤ ਹਾਸਲ ਕੀਤੀ ਸੀ। ਇਸ ਤੋਂ ਬਾਅਦ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੱਕ ਭਗਵੰਤ ਮਾਨ ਲੋਕ ਸਭਾ ਮੈਂਬਰ ਰਹੇ ਪਰ ਆਪ ਦੀ ਜਿੱਤ ਤੋਂ ਬਾਅਦ ਲੋਕ ਸਭਾ ਤੋਂ ਸਿਮਰਨਜੀਤ ਸਿੰਘ ਮਾਨ ਮੈਂਬਰ ਬਣੇ। ਉਹ ਸਾਲ 1999 ਵਿੱਚ ਵੀ ਸੰਗਰੂਰ ਹਲਕੇ ਤੋਂ ਲੋਕ ਸਭਾ ਮੈਂਬਰ ਚੁਣੇ ਗਏ ਸਨ। ਕਾਂਗਰਸ ਪਾਰਟੀ ਨੇ ਇੱਥੋਂ ਸੁਖਪਾਲ ਸਿੰਘ ਖਹਿਰਾ ਨੂੰ ਮੈਦਾਨ ਵਿੱਚ ਉਤਾਰਿਆ ਹੈ, ਉਹ ਪੰਜਾਬ ਵਿੱਚ ਆਪ ਸਰਕਾਰ ਦੀ ਸਖ਼ਤ ਮੁਖ਼ਾਲਫ਼ਤ ਕਰਨ ਵਾਲੇ ਚਿਹਰਿਆਂ ਵਿੱਚੋਂ ਇੱਕ ਹਨ।

**ਫ਼ਿਰੋਜ਼ਪੁਰ: 'ਰਾਇ ਸਿੱਖ ਭਾਈਚਾਰੇ' ਦਾ ਦਬਦਬਾ**

ਫ਼ਿਰੋਜ਼ਪੁਰ ਲੋਕ ਸਭਾ ਹਲਕਾ ਪੰਜਾਬ ਪਾਕਿਸਤਾਨ ਸਰਹੱਦ ਦੇ ਨਾਲ ਲੱਗਦਾ ਹੈ। ਇੱਥੇ ਸਿੱਖਿਆ, ਨੌਕਰੀਆਂ ਅਤੇ ਹੋਰ ਸਹੂਲਤਾਂ ਮੁੱਖ ਮੁੱਦਿਆਂ ਵਿੱਚੋਂ ਇੱਕ ਹਨ। ਇਸ ਹਲਕੇ ਵਿੱਚ ਫਿਰੋਜ਼ਪੁਰ ਸਿਟੀ, ਫਿਰੋਜ਼ਪੁਰ ਰੂਰਲ, ਫ਼ਾਜ਼ਿਲਕਾ, ਗੁਰੂ ਹਰਸਹਾਏ ਅਤੇ ਹੋਰ ਹਲਕੇ ਆਉਂਦੇ ਹਨ। ਇਸ ਹ਼ਲਕੇ ਦੇ ਜਾਣਕਾਰ ਇੱਥੋਂ ਦੇ ਰਾਇ ਸਿੱਖ ਵੋਟਰਜ਼ ਨੂੰ 'ਕਿੰਗ ਮੇਕਰ' ਦਾ ਲਕਬ ਦਿੰਦੇ ਹਨ। ਇਸੇ ਭਾਈਚਾਰੇ ਨਾਲ ਸਬੰਧ ਰੱਖਦੇ ਸ਼ੇਰ ਸਿੰਘ ਘੁਬਾਇਆ ਇੱਥੋਂ ਦੋ ਵਾਰੀ ਲੋਕ ਸਭਾ ਮੈਂਬਰ ਰਹਿ ਚੁੱਕੇ ਹਨ। ਹਿੰਦੁਸਤਾਨ ਟਾਈਮਜ਼ ਦੀ ਰਿਪੋਰਟ ਦੇ ਮੁਤਾਬਕ ਉਨ੍ਹਾਂ ਨੂੰ ਇੱਥੇ ਦਬਦਬਾ ਰੱਖਦੀ ਅਤੇ ਕੁਲ ਆਬਾਦੀ ਦਾ 14 ਫ਼ੀਸਦ ਬਣਦੀ ਰਾਇ ਸਿੱਖ ਵੋਟ ਦਾ ਸਮਰਥਨ ਹਾਸਲ ਸੀ। ਸਾਲ 1985 ਤੋਂ ਬਾਅਦ ਇਸ ਹਲਕੇ ਤੋਂ ਕਾਂਗਰਸ ਇੱਕ ਵੀ ਵਾਰ ਚੋਣ ਨਹੀਂ ਜਿੱਤ ਸਕੀ। ਇੱਥੋਂ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਮੋਹਨ ਸਿੰਘ ਵੀ ਦੋ ਵਾਰੀ ਲੋਕ ਸਭਾ ਚੋਣਾਂ ਜਿੱਤ ਚੁੱਕੇ ਹਨ। ਸਾਲ 1998 ਤੋਂ ਲੈ ਕੇ 2004 ਤੱਕ ਸ਼੍ਰੋਮਣੀ ਅਕਾਲੀ ਦਲ ਦੇ ਜ਼ੋਰਾ ਸਿੰਘ ਮਾਨ ਤਿੰਨ ਵਾਰੀ ਲੋਕ ਸਭਾ ਚੋਣਾਂ ਜਿੱਤੇ ਸਨ। ਸ਼ੇਰ ਸਿੰਘ ਘੁਬਾਇਆ ਦੇ ਅਕਾਲੀ ਦਲ ਛੱਡਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਫਿਰੋਜ਼ਪੁਰ ਲੋਕ ਸਭਾ ਚੋਣਾਂ ਵਿੱਚ ਘੁਬਾਇਆ ਨੂੰ ਹਰਾਇਆ ਸੀ। ਉਸ ਵੇਲੇ ਮੀਡੀਆ ਰਿਪੋਰਟਾਂ ਨੇ ਇਹ ਦਾਅਵਾ ਕੀਤਾ ਸੀ ਕਿ ਬਾਦਲ ਰਾਇ ਸਿੱਖ ਭਾਈਚਾਰੇ ਦੇ ਕੁਝ ਹਿੱਸਿਆਂ ਦਾ ਸਮਰਥਨ ਹਾਸਲ ਕਰਨ ਵਿੱਚ ਸਫ਼ਲ ਰਹੇ ਸਨ। ਸਾਲ 2017 ਵਿੱਚ ਸ਼ੇਰ ਘੁਬਾਇਆ ਦੇ ਪੁੱਤਰ ਦਵਿੰਦਰ ਸਿੰਘ ਘੁਬਾਇਆ ਦੇ 25 ਸਾਲ ਦੀ ਉਮਰ ਵਿੱਚ ਫਾਜ਼ਿਲਕਾ ਤੋਂ ਐੱਮਐੱਲਏ ਬਣਨ ਵਿੱਚ ਵੀ ਨੇ 'ਰਾਇ ਸਿੱਖ'ਵੋਟ ਦੇ ਸਮਰਥਨ ਨੂੰ ਮਹੱਤਵਪੂਰਨ ਦੱਸਿਆ ਗਿਆ ਸੀ। ਉਨ੍ਹਾਂ ਨੇ ਸਾਬਕਾ ਕੈਬਨਿਟ ਮੰਤਰੀ ਸੁਰਜੀਤ ਜਿਆਣੀ ਨੂੰ ਸਿਰਫ਼ 265 ਵੋਟਾਂ ਦੇ ਫ਼ਰਕ ਨਾਲ ਹਰਾਇਆ ਸੀ।

ਇੰਡੀਅਨ ਨੈਸ਼ਨਲ ਲੋਕ ਦਲ ਦੇ ਸੰਸਥਾਪਕ ਅਤੇ ਤਾਊ ਵਜੋਂ ਜਾਣੇ ਜਾਂਦੇ ਦੇਵੀ ਲਾਲ ਨੇ ਸਾਲ 1989 ਵਿੱਚ ਜਿਨ੍ਹਾਂ ਤਿੰਨ ਲੋਕ ਸਭਾ ਸੀਟਾਂ ਤੋਂ ਚੋਣ ਲੜੀ ਸੀ ਉਨ੍ਹਾਂ ਵਿੱਚ ਫ਼ਿਰੋਜ਼ਪੁਰ ਵੀ ਇੱਕ ਸੀ, ਇਸ ਹਲਕੇ ਤੋਂ 1989 ਵਿੱਚ ਧਿਆਨ ਸਿੰਘ ਮੰਡ ਜੇਤੂ ਰਹੇ ਸਨ। ਚੌਧਰੀ ਦੇਵੀ ਲਾਲ ਵੀ ਚੋਣ ਲੜੇ ਸਨ ਭਾਰਤ ਦੇ ਉਪ ਪ੍ਰਧਾਨ ਮੰਤਰੀ ਅਤੇ ਇੰਡੀਅਨ ਨੈਸ਼ਨਲ ਲੋਕ ਦਲ ਦੇ ਸੰਸਥਾਪਕ ਚੌਧਰੀ ਦੇਵੀ ਲਾਲ ਨੇ ਸਾਲ 1989 ਵਿੱਚ ਜਿਨ੍ਹਾਂ ਤਿੰਨ ਲੋਕ ਸਭਾ ਹਲਕਿਆਂ ਤੋਂ ਚੋਣ ਲੜੀ ਉਨ੍ਹਾਂ ਵਿੱਚ ਫਿਰੋਜ਼ਪੁਰ ਵੀ ਇੱਕ ਸੀ। ਚੌਧਰੀ ਦੇਵੀ ਲਾਲ ਅਕਸਰ ਇੱਕ ਤੋਂ ਵੱਧ ਹਲਕਿਆਂ ਤੋਂ ਚੋਣ ਲੜਦੇ ਸਨ, ਉਹ ਫਿਰੋਜ਼ਪੁਰ ਤੋਂ 1989 ਦੀ ਚੋਣ ਹਾਰ ਗਏ ਸਨ।

**ਬਠਿੰਡਾ: ਸਿਆਸੀ 'ਹੌਟ ਸੀਟ'**

ਮਾਲਵਾ ਪੱਟੀ ਦੀ ਜੇਕਰ ਕੋਈ ਅਜਿਹੀ ਸੀਟ ਹੈ ਜਿਸ ਨੂੰ ਸਭ ਤੋਂ ਅਹਿਮ ਮੰਨਿਆ ਜਾਂਦਾ ਹੈ, ਉਹ ਹੈ ਬਠਿੰਡਾ ਲੋਕ ਸਭਾ ਹ਼ਲਕਾ। ਦਰਅਸਲ ਮਾਲਵਾ ਖੇਤਰ ਪੰਜਾਬ ਵਿੱਚ ਆਪਣੇ ਆਕਾਰ ਅਤੇ ਸੀਟਾਂ ਦੀ ਗਿਣਤੀ ਪੱਖੋਂ ਸਭ ਤੋਂ ਵੱਧ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ - ਇਸ ਵਿੱਚ ਬਠਿੰਡਾ, ਫਰੀਦਕੋਟ, ਸੰਗਰੂਰ, ਲੁਧਿਆਣਾ, ਫਿਰੋਜ਼ਪੁਰ ਪਟਿਆਲਾ ਲੋਕ ਸਭਾ ਹਲਕੇ ਪੈਂਦੇ ਹਨ। ਇੱਥੋਂ ਹੀ ਬਾਦਲ ਪਰਿਵਾਰ ਅਤੇ ਮੌਜੂਦਾ ਸੀਐੱਮ ਭਗਵੰਤ ਮਾਨ ਵੀ ਚੋਣਾਂ ਜਿੱਤੇ ਹਨ। ਜਿੱਥੇ ਇਹ ਹ਼ਲਕਾ ਬਾਦਲ ਪਰਿਵਾਰ ਦਾ ਗੜ੍ਹ ਮੰਨਿਆ ਜਾਂਦਾ ਹੈ, ਉੱਥੇ ਹੀ ਹਰਿਆਣਾ ਦੇ ਸਿਰਸਾ ਨਾਲ ਲੱਗਣ ਕਰਕੇ ਇੱਥੇ 'ਡੇਰਾ ਸੱਚਾ ਸੌਦਾ' ਵੀ ਇੱਕ ਫੈਕਟਰ ਮੰਨਿਆ ਜਾਂਦਾ ਹੈ। ਸਾਲ 2007 ਇੱਥੋਂ ਦੇ ਹੀ ਸਲਾਬਤਪੁਰਾ ਵਿਚਲੇ ਡੇਰੇ ਵਿੱਚ ਹੋਏ ਇੱਕ ਸਮਾਗਮ ਵਿੱਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਉੱਤੇ ਸਵਾਂਗ(ਗੁਰੂ ਗੋਬਿੰਦ ਸਿੰਘ ਜੀ ਦੀ ਨਕਲ ਲਗਾਉਣ) ਦੇ ਇਲਜ਼ਾਮ ਲੱਗੇ ਸਨ। ਇਸ ਤੋਂ ਬਾਅਦ ਪੰਜਾਬ ਵਿੱਚ ਵੱਖ-ਵੱਖ ਥਾਵਾਂ ਉੱਤੇ ਹਿੰਸਾ ਦੀਆਂ ਘਟਨਾਵਾਂ ਵੀ ਵਾਪਰੀਆਂ ਸਨ। ਸਮੇਂ-ਸਮੇਂ ਉੱਤੇ ਹੋਰਨਾਂ ਪਾਰਟੀਆਂ ਦੇ ਵੱਡੇ ਆਗੂ ਬਾਦਲ ਪਰਿਵਾਰ ਦੇ ਇਸ ਗੜ੍ਹ ਵਿੱਚ ਆ ਕੇ ਉਨ੍ਹਾਂ ਨੂੰ ਹਰਾਉਣ ਦੀਆਂ ਕੋਸ਼ਿਸ਼ਾਂ ਕਰਦੇ ਰਹੇ ਹਨ। ਇੱਥੋਂ ਬਾਦਲ ਪਰਿਵਾਰ ਦੀ ਨਹੂੰ ਹਰਸਿਮਰਤ ਕੌਰ ਬਾਦਲ ਪਿਛਲੀਆਂ ਤਿੰਨ ਲੋਕ ਸਭਾ ਚੋਣਾਂ ਜਿੱਤ ਚੁੱਕੇ ਹਨ। ਉਨ੍ਹਾਂ ਨੇ 2009 ਦੀਆਂ ਚੋਣਾਂ ਵਿੱਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੁੱਤਰ ਰਣਇੰਦਰ ਸਿੰਘ ਨੂੰ ਹਰਾਇਆ ਸੀ, 2014 ਅਤੇ 2019 ਦੀਆਂ ਆਮ ਚੋਣਾਂ ਵਿੱਚ ਮਨਪ੍ਰੀਤ ਸਿੰਘ ਬਾਦਲ ਅਤੇ ਰਾਜਾ ਵੜਿੰਗ ਹਾਰੇ ਸਨ।

ਇੱਥੋਂ ਲੜਨ ਵਾਲੇ ਚਿਹਰੇ - 1989 ਦੀਆਂ ਆਮ ਚੋਣਾਂ ਵਿੱਚ ਇੱਥੋਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਾਬਾ ਸੁੱਚਾ ਸਿੰਘ ਚੋਣਾਂ ਲੜੇ ਅਤੇ ਜਿੱਤੇ ਸਨ। ਉਹ ਭਾਰਤ ਦੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਕਰਨ ਵਾਲੇ ਬੇਅੰਤ ਸਿੰਘ ਦੇ ਪਿਤਾ ਸਨ। ਇੱਥੋਂ ਹੀ ਭਾਰਤ ਦੇ ਸਾਬਕਾ ਰਾਜਦੂਤ ਰਹਿ ਚੁੱਕੇ ਹਰਿੰਦਰ ਸਿੰਘ ਖਾਲਸਾ ਨੇ 1996 ਵਿੱਚ ਚੋਣ ਲੜੀ ਅਤੇ ਜਿੱਤੀ ਸੀ ਉਹ 2014 ਵਿੱਚ ਅਨੰਦਪੁਰ ਸਾਹਿਬ ਤੋਂ ਆਪ ਵੱਲੋਂ ਐੱਮਪੀ ਵੀ ਬਣੇ ਸਨ। 1999 ਦੀਆਂ ਆਮ ਚੋਣਾਂ ਵਿੱਚ ਇੱਥੋਂ ਕਮਿਊਨਿਸਟ ਪਾਰਟੀ ਆਫ ਇੰਡੀਆ ਦੇ ਆਗੂ ਭਾਨ ਸਿੰਘ ਭੌਰਾ ਵੀ ਚੋਣ ਜਿੱਤੇ ਸਨ। ਇੱਥੋਂ ਦੇ ਹੀ ਮੌੜ ਹਲਕੇ ਵਿੱਚ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 31 ਜਨਵਰੀ ਨੂੰ ਇੱਕ ਮਰੂਤੀ 800 ਕਾਰ ਵਿੱਚ ਲੱਗਿਆ ਬੰਬ ਫਟਣ ਕਾਰਨ ਕੁਲ 7 ਜਣਿਆਂ ਦੀ ਮੌਤ ਹੋ ਗਈ ਸੀ ਅਤੇ 25 ਦੇ ਕਰੀਬ ਲੋਕ ਜ਼ਖ਼ਮੀ ਹੋ ਗਏ ਸਨ। ਇਹ ਬੰਬ ਧਮਾਕਾ ਕਾਂਗਰਸ ਦੇ ਉਮੀਦਵਾਰ ਹਰਮਿੰਦਰ ਸਿੰਘ ਜੱਸੀ ਦੀ ਰੈਲੀ ਨੇੜੇ ਹੋਇਆ ਸੀ। ਹਰਮਿੰਦਰ ਜੱਸੀ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਦੇ ਰਿਸ਼ਤੇਦਾਰ ਹਨ।

**ਹੁਸ਼ਿਆਰਪੁਰ**

ਹੁਸ਼ਿਆਪੁਰ ਲੋਕ ਸਭਾ ਹਲਕਾ ਦੇਸ਼ ਵਿਚਲੀ ਦਲਿਤ ਸਿਆਸਤ ਦੇ ਵੱਡੇ ਆਗੂ ਕਾਂਸ਼ੀ ਰਾਮ ਨੂੰ ਲੋਕ ਸਭਾ ਵਿੱਚ ਭੇਜਣ ਲਈ ਵੀ ਜਾਣਿਆਂ ਜਾਂਦਾ ਹੈ। ਉਨ੍ਹਾਂ ਨੂੰ 'ਬਹੁਜਨ ਨਾਇਕ' ਜਾਂ 'ਮਾਨਿਆਵਰ' ਵਜੋਂ ਜਾਣਿਆ ਜਾਂਦਾ ਹੈ। ਇਸ ਤੋਂ ਪਹਿਲਾਂ ਉਹ ਈਸਟ ਦਿੱਲੀ ਹਲਕੇ ਤੋਂ ਐੱਚਕੇਐੱਲ ਭਗਤ ਅਤੇ ਅਮੇਠੀ ਤੋਂ ਰਾਜੀਵ ਗਾਂਧੀ ਤੋਂ ਚੋਣਾਂ ਹਾਰ ਚੁੱਕੇ ਸਨ। 1996 ਵਿੱਚ ਕਾਂਸ਼ੀਰਾਮ ਨੂੰ ਇੱਥੋਂ 2, 30, 011 ਵੋਟਾਂ ਪਈਆਂ ਸਨ ਉਹ ਕਰੀਬ 11 ਹਜ਼ਾਰ ਵੋਟਾਂ ਦੇ ਫ਼ਰਕ ਨਾਲ ਕਾਂਗਰਸ ਦੇ ਉਮੀਦਵਾਰ ਨੂੰ ਹਰਾ ਕੇ ਲੋਕ ਸਭਾ ਵਿੱਚ ਗਏ ਸਨ। ਅੰਕੜਿਆਂ ਮੁਤਾਬਕ ਇਨ੍ਹਾਂ ਚੋਣਾਂ ਵਿੱਚ 10,36,111 ਵੋਟਰਾਂ ਵਿੱਚੋਂ 5, 93 425 ਲੋਕਾਂ ਨੇ ਹੀ ਵੋਟ ਪਾਈ ਸੀ। ਇਨ੍ਹਾਂ ਚੋਣਾਂ ਦੌਰਾਨ ਹੀ ਹੁਸ਼ਿਆਰਪੁਰ ਦੇ ਰੌਸ਼ਨ ਮੈਦਾਨ ਵਿੱਚ ਉਨ੍ਹਾਂ ਨੇ ਦਲਿਤ ਸਿਆਸਤ ਬਾਰੇ ਯਾਦਗਾਰੀ ਭਾਸ਼ਣ ਵੀ ਦਿੱਤਾ ਸੀ। ਇਹ ਲੋਕ ਸਭਾ ਚੋਣ ਉਸ ਵੇਲੇ ਸ਼੍ਰੋਮਣੀ ਅਕਾਲੀ ਦਲ ਨੇ ਬਹੁਜਨ ਸਮਾਜ ਪਾਰਟੀ ਨਾਲ ਗਠਜੋੜ ਵਿੱਚ ਲੜੀ ਸੀ। ਪਰ 1997 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਕਾਲੀ ਦਲ ਨੇ ਬਸਪਾ ਨਾਲੋਂ ਤੋੜ ਵਿਛੋੜਾ ਕਰਕੇ ਭਾਜਪਾ ਨਾਲ ਚੋਣਾਂ ਲੜ ਕੇ ਸਰਕਾਰ ਬਣਾਈ ਸੀ। ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਭਾਰਤ ਦੇ ਰਾਸ਼ਟਰਪਤੀ ਰਹਿ ਚੁੱਕੇ ਗਿਆਨੀ ਜ਼ੈਲ ਸਿੰਘ, ਪੰਜਾਬ ਦੇ ਸਾਬਕਾ ਮੁੱਖ ਮੰਤਰੀ ਦਰਬਾਰਾ ਸਿੰਘ, ਭਾਰਤ ਦੇ ਰੱਖਿਆ ਮੰਤਰੀ ਰਹੇ ਸਰਦਾਰ ਬਲਦੇਵ ਸਿੰਘ ਵੀ ਜੇਤੂ ਰਹਿ ਚੁੱਕੇ ਹਨ। ਇੱਥੋਂ ਸਾਲ 2014 ਅਤੇ 2019 ਦੀ ਚੋਣ ਭਾਜਪਾ ਦੇ ਉਮੀਦਵਾਰਾਂ ਵਿਜੈ ਸਾਂਪਲਾ ਅਤੇ ਸੋਮ ਪ੍ਰਕਾਸ਼ ਨੇ ਜਿੱਤੀ।

**ਖਡੂਰ ਸਾਹਿਬ: ਪੰਥਕ ਸਿਆਸਤ ਦਾ ਗੜ੍ਹ**

ਖਡੂਰ ਸਾਹਿਬ ਲੋਕ ਸਭਾ ਹਲਕੇ ਵਿੱਚ ਪੰਥਕ ਮਸਲਿਆਂ ਦਾ ਭਾਰੀ ਦਬਦਬਾ ਰਹਿੰਦਾ ਹੈ। ਇਹ ਹਲਕਾ ਸਾਲ 2009 ਵਿੱਚ ਤਰਨਤਾਰਨ ਹਲਕੇ ਦੀ ਥਾਂ ਹੋਂਦ ਵਿੱਚ ਆਇਆ। ਇਹ ਸੀਟ ਪੰਥਕ ਸਿਆਸਤ ਦਾ ਗੜ੍ਹ ਮੰਨੀ ਜਾਂਦੀ ਹੈ। ਇਸ ਹਲਕੇ ਵਿੱਚ ਜੰਡਿਆਲਾ, ਤਰਨਤਾਰਨ, ਖੇਮਕਰਨ, ਪੱਟੀ, ਖਡੂਰ ਸਾਹਿਬ, ਬਾਬਾ ਬਕਾਲਾ ਜਿਹੇ ਹਲਕੇ ਆਉਂਦੇ ਹਨ ਜੋ ਪੰਜਾਬ ਵਿੱਚ ਹਿੰਸਾ ਦੇ ਦੌਰ ਵੇਲੇ ਕਾਫੀ ਪ੍ਰਭਾਵਿਤ ਰਹੇ ਸਨ। 2019 ਵਿੱਚ ਇੱਥੋਂ ਲੋਕ ਸਭਾ ਮੈਂਬਰ ਬਣੇ ਜਸਬੀਰ ਸਿੰਘ ਗਿੱਲ ਦੇ ਪਿਤਾ ਨੂੰ ਸਾਲ 1986 ਵਿੱਚ ਹਮਲਾਵਰਾਂ ਵੱਲੋਂ ਮਾਰ ਦਿੱਤਾ ਗਿਆ ਸੀ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਰਹਿ ਚੁੱਕੇ ਬੀਬੀ ਜਗੀਰ ਕੌਰ ਅਤੇ ਮਨੁੱਖੀ ਹੱਕਾਂ ਦੇ ਕਾਰਕੁਨ ਜਸਵੰਤ ਸਿੰਘ ਖਾਲੜਾ ਦੀ ਪਤਨੀ ਪਰਮਜੀਤ ਕੌਰ ਖਾਲੜਾ ਵੀ ਚੋਣ ਮੈਦਾਨ ਵਿੱਚ ਆਏ ਸਨ। ਪੰਜਾਬ ਏਕਤਾ ਪਾਰਟੀ ਵੱਲੋਂ ਚੋਣ ਲੜੇ ਪਰਮਜੀਤ ਕੌਰ ਨੂੰ ਕਰੀਬ 2,14,489 ਵੋਟਾਂ ਪਈਆਂ ਸਨ। ਤਰਨਤਾਰਨ ਲੋਕ ਸਭਾ ਹਲਕੇ ਸਮੇਂ 1989 ਵਿੱਚ ਹੋਈਆਂ ਚੋਣਾਂ ਵਿੱਚ ਸਿਮਰਨਜੀਤ ਸਿੰਘ ਮਾਨ ਦੇ ਨਾਮ ਇੱਥੋਂ ਹੀ ਜਿੱਤ ਹਾਸਲ ਕੀਤੀ ਸੀ, ਉਦੋਂ ਇਸ ਹਲਕੇ ਦਾ ਨਾਂ ਤਰਨ ਤਾਰਨ ਹੁੰਦਾ ਸੀ ਅਤੇ ਸਿਮਰਨਜੀਤ ਸਿੰਘ ਮਾਨ ਜੇਲ੍ਹ ਵਿੱਚੋਂ ਚੋਣ ਲੜ੍ਹੇ ਸਨ। ਇਹ ਚੋਣ ਸਿਮਰਨਜੀਤ ਸਿੰਘ ਮਾਨ ਨੇ ਰਿਕਾਰਡ (4।80 ਲੱਖ ਦੇ ਕਰੀਬ) ਵੋਟਾਂ ਦੇ ਫ਼ਰਕ ਨਾਲ ਜਿੱਤੀ ਸੀ।

**ਪਟਿਆਲਾ : ਸ਼ਾਹੀ ਘਰਾਣੇ ਦਾ ਗੜ**

ਪਟਿਆਲਾ ਲੋਕ ਸਭਾ ਹਲਕੇ ਉੱਤੇ ਰਵਾਇਤੀ ਤੌਰ ਉੱਤੇ ਕਾਂਗਰਸ ਦਾ ਦਬਦਬਾ ਰਿਹਾ ਹੈ, ਇੱਥੋਂ ਸਾਲ 1952, 57, 62, 67, 71, 80, 91, 99, 2004, 2009, 2019 ਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਦੇ ਉਮੀਦਵਾਰ ਜਿੱਤਦੇ ਰਹੇ ਹਨ। ਇਹ ਹਲਕਾ ਪੰਜਾਬ ਦੇ 'ਪਟਿਆਲਾ ਸ਼ਾਹੀ ਘਰਾਣੇ' ਦਾ 'ਹੋਮ ਗਰਾਊਂਡ' ਹੈ। ਇੱਥੋਂ ਸਾਲ 1967 ਵਿੱਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਮਾਤਾ ਮੋਹਿੰਦਰ ਕੌਰ ਚੋਣਾਂ ਜਿੱਤੇ ਸਨ। ਕੈਪਟਨ ਅਮਰਿੰਦਰ ਸਿੰਘ 1980 ਵਿੱਚ ਇੱਥੋਂ ਹੀ ਲੋਕ ਸਭਾ ਮੈਂਬਰ ਬਣੇ ਸਨ, ਉਨ੍ਹਾਂ ਨੇ 1984 ਵਿੱਚ ਆਪ੍ਰੇਸ਼ਨ ਬਲੂ ਸਟਾਰ ਦੇ ਰੋਸ ਵਿੱਚ ਅਸਤੀਫ਼ਾ ਦੇ ਦਿੱਤਾ ਸੀ। ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਚਾਰ ਵਾਰੀ ਲੋਕ ਸਭਾ ਵਿੱਚ ਕਾਂਗਰਸ ਦੀ ਟਿਕਟ ਉੱਤੇ ਪਟਿਆਲਾ ਹਲਕੇ ਦੀ ਨੁਮਾਇੰਦਗੀ ਕਰ ਚੁੱਕੇ ਹਨ। ਉਹ 2024 ਦੀ ਚੋਣਾਂ ਭਾਜਪਾ ਦੀ ਟਿਕਟ ਉੱਤੇ ਲੜ ਰਹੇ ਹਨ। ਆਪ ਵੱਲੋਂ ਚੋਣ ਲੜਦਿਆਂ ਧਰਮਵੀਰ ਗਾਂਧੀ 2014 ਵਿੱਚ ਚੋਣਾਂ ਜਿੱਤੇ ਸਨ, ਉਹ ਹੁਣ ਕਾਂਗਰਸ ਪਾਰਟੀ ਵਿੱਚ ਹਨ।

**ਅੰਮ੍ਰਿਤਸਰ: ਪੰਜਾਬ ਦੀ 'ਹਾਈ ਪ੍ਰੋਫਾਈਲ' ਸੀਟ**

ਪੰਜਾਬ ਦੀ ਸਭਿਆਚਾਰਕ ਰਾਜਧਾਨੀ ਵਜੋਂ ਜਾਣਿਆ ਜਾਂਦਾ ਅੰਮ੍ਰਿਤਸਰ ਲੋਕ ਸਭਾ ਹਲਕਾ ਕੌਮੀ ਪੱਧਰ ਉੱਤੇ ਅਹਿਮੀਅਤ ਰੱਖਦਾ ਹੈ। 2014 ਅਤੇ 2019 ਵਿੱਚ ਭਾਜਪਾ ਦੀ ਅਗਵਾਈ ਵਾਲੀ ਐੱਨਡੀਏ ਵੱਲੋਂ ਇੱਥੋਂ ਦੋ ਵੱਡੇ ਚਿਹਰੇ - ਅਰੁਣ ਜੇਤਲੀ ਅਤੇ ਹਰਦੀਪ ਸਿੰਘ ਪੁਰੀ ਚੋਣਾਂ ਵਿੱਚ ਉਤਾਰੇ ਗਏ ਸਨ, ਪਰ ਦੋਵਾਂ ਨੂੰ ਹਾਰ ਦਾ ਸਾਹਮਣਾ

**(ਬਾਕੀ ਅਗਲੇ ਸਫੇ 'ਤੇ)**

# ਪੰਜਾਬ ਦੀ ਰਾਜਨੀਤੀ 'ਚੋਂ ਗਾਇਬ ਹੋਏ ਪੁਰਾਣੇ ਮੁੱਦੇ, ਨਵੇਂ ਕੋਈ ਉਭਰ ਨਹੀਂ ਪਾ ਰਹੇ

**(ਸਫਾ 6 ਦੀ ਬਾਕੀ)**

ਕਰਨਾ ਪਿਆ। ਇਸ ਵਾਰੀ ਵੀ ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਰਹਿ ਚੁੱਕੇ ਤਰਨਜੀਤ ਸਿੰਘ ਸੰਧੂ ਭਾਜਪਾ ਦੀ ਟਿਕਟ ਉੱਤੇ ਚੋਣ ਲੜ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੇ ਗੱਠਜੋੜ ਸਮੇਂ ਇਹ ਸੀਟ ਭਾਜਪਾ ਦੇ ਹਿੱਸੇ ਆਉਂਦੀ ਰਹੀ ਹੈ।ਨਵਜੋਤ ਸਿੰਘ ਸਿੱਧੂ ਇੱਥੋਂ ਤਿੰਨ ਵਾਰੀ ਲੋਕ ਸਭਾ ਚੋਣਾਂ ਜਿੱਤ ਚੁੱਕੇ ਹਨ। ਪੰਜਾਬ ਦੇ ਇਤਿਹਾਸ ਦੇ ਨਾਲ-ਨਾਲ ਧਾਰਮਿਕ ਪੱਖੋਂ ਵੀ ਅੰਮ੍ਰਿਤਸਰ ਭਾਰੀ ਮਹੱਤਤਾ ਰੱਖਦਾ ਹੈ। ਵਾਹਗਾ ਬਾਰਡਰ, ਸ੍ਰੀ ਦਰਬਾਰ ਸਾਹਿਬ, ਦੁਰਗਿਆਣਾ ਮੰਦਿਰ ਅਤੇ ਹੋਰ ਕਈ ਇਤਿਹਾਸਕ ਇਮਾਰਤਾਂ ਕਾਰਨ ਇਹ ਸੈਰ-ਸਪਾਟੇ ਦਾ ਵੀ ਕੇਂਦਰ ਹੈ। ਆਜ਼ਾਦੀ ਤੋਂ ਪਹਿਲਾਂ ਜ਼ਲ੍ਹਿਆਂਵਾਲਾ ਬਾਗ਼ ਅਤੇ 1984 'ਚ ਆਪ੍ਰੇਸ਼ਨ ਬਲੂ ਸਟਾਰ ਜਿਹੀਆਂ ਵੱਡੀਆਂ ਘਟਨਾਵਾਂ ਵਾਪਰੀਆਂ। ਸਾਲ 1989 ਨੂੰ ਛੱਡ ਕੇ ਇੱਥੋਂ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂ ਹੀ ਜਿੱਤਦੇ ਰਹੇ ਹਨ। ਇੱਥੋਂ ਕਾਂਗਰਸ ਦੇ ਰਘੂਨੰਦਨ ਲਾਲ ਭਾਟੀਆ ਪੰਜ ਵਾਰੀ ਚੋਣਾਂ ਜਿੱਤ ਚੁੱਕੇ ਹਨ ਉੱਥੇ ਹੀ ਨਵਜੋਤ ਸਿੰਘ ਸਿੱਧੂ ਵੀ ਤਿੰਨ ਵਾਰੀ ਐੱਮਪੀ ਦੀ ਚੋਣ ਜਿੱਤ ਚੁੱਕੇ ਹਨ।

**ਜਲੰਧਰ: ਦਲਿਤ ਸਿਆਸਤ ਦਾ ਕੇਂਦਰ**

ਜਲੰਧਰ ਨੂੰ ਪੰਜਾਬ ਵਿਚਲੀ ਦਲਿਤ ਸਿਆਸਤ ਦਾ ਕੇਂਦਰ ਮੰਨਿਆ ਜਾਂਦਾ ਹੈ। ਇਹ ਪੰਜਾਬ ਦੇ ਚਾਰ ਰਾਖਵਿਆਂ ਹਲਕਿਆਂ ਵਿੱਚੋਂ ਇੱਕ ਹੈ। ਇੱਥੋਂ ਦੀ ਬੂਟਾਂ ਮੰਡੀ ਦਲਿਤ ਪੁਨਰਜਾਗਰਣ ਦਾ ਕੇਂਦਰ ਰਹੀ ਹੈ।ਇਹ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਵੀ ਚਮੜੇ ਦੇ ਵਪਾਰ ਲਈ ਪ੍ਰਸਿੱਧ ਹੈ। ਇੱਥੇ ਸਤੰਬਰ 1951 ਵਿੱਚ ਡਾ ਭੀਮ ਰਾਓ ਅੰਬੇਡਕਰ ਇੱਕ ਦਲਿਤ ਆਗੂ ਦੇ ਘਰ ਜਿਸ ਨੂੰ 'ਕਿਸ਼ਨ ਦਾਸ ਦਾ ਚੌਬਾਰਾ' ਕਿਹਾ ਜਾਂਦਾ ਸੀ ਵਿੱਚ ਰੁਕੇ ਸਨ। ਇੱਥੇ ਉਨ੍ਹਾਂ ਦਾ ਸਵਾਗਤ ਵੱਡੀ ਗਿਣਤੀ ਵਿੱਚ ਲੋਕਾਂ ਵੱਲੋਂ ਭਰੇ ਉਤਸ਼ਾਹ ਨਾਲ ਕੀਤਾ ਗਿਆ ਸੀ। ਇੱਥੋਂ ਸੰਤੋਖ ਸਿੰਘ ਚੌਧਰੀ 2014 ਤੇ 2019 ਵਿੱਚ ਚੋਣਾਂ ਜਿੱਤੇ ਸਨ, ਉਨ੍ਹਾਂ ਦੀ ਮੌਤ ਤੋਂ ਬਾਅਦ 2023 ਵਿੱਚ ਇੱਥੋਂ ਆਪ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੇ ਚੋਣ ਜਿੱਤੀ ਸੀ। ਰਿੰਕੂ ਹੁਣ ਭਾਜਪਾ ਵੱਲੋਂ ਚੋਣ ਲੜ ਰਹੇ ਹਨ। ਕਾਂਗਰਸ ਨੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਇੱਥੋਂ ਚੋਣ ਮੈਦਾਨ ਵਿੱਚ ਉਤਾਰਿਆ ਹੈ। 1962 ਤੋਂ ਲੈ ਕੇ 2004 ਤੱਕ ਫ਼ਿਲੌਰ ਵੀ ਇੱਕ ਪਾਰਲੀਮੈਂਟਰੀ ਸੀਟ ਰਿਹਾ ਹੈ। 2008 ਦੀ ਡੀਲਿਮੀਟੇਸ਼ਨ ਵਿੱਚ ਇਸ ਨੂੰ ਭੰਗ ਕਰ ਦਿੱਤਾ ਗਿਆ ਸੀ।

**ਗੁਰਦਾਸਪੁਰ: ਦੋ ਬਾਲੀਵੁੱਡ ਕਲਾਕਾਰਾਂ ਨੂੰ ਲੋਕ ਸਭਾ ਭੇਜਣ ਵਾਲਾ ਹਲਕਾ**

ਪੰਜਾਬ ਦਾ ਗੁਰਦਾਸਪੁਰ ਲੋਕ ਸਭਾ ਹਲਕਾ ਵਿਨੋਦ ਖੰਨਾ ਅਤੇ ਸੰਨੀ ਦਿਓਲ ਨੂੰ ਲੋਕ ਸਭਾ ਭੇਜਣ ਲਈ ਜਾਣਿਆ ਜਾਂਦਾ ਹੈ। ਇੱਥੋਂ ਵਿਨੋਦ ਖੰਨਾ ਚਾਰ ਵਾਰੀ ਲੋਕ ਸਭਾ ਚੋਣਾਂ ਜਿੱਤ ਚੁੱਕੇ ਸਨ, ਉਹ ਸਾਲ 1998, 1999, 2004 ਅਤੇ 2014 ਵਿੱਚ ਭਾਰਤੀ ਜਨਤਾ ਪਾਰਟੀ ਵੱਲੋਂ ਚੋਣਾਂ ਜਿੱਤੇ ਸਨ। 2019 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਸੰਨੀ ਦਿਓਲ ਨੂੰ ਕੁਲ 5 ਲੱਖ 58 ਹਜ਼ਾਰ ਵੋਟਾਂ ਪਈਆਂ ਸਨ।

ਇਸ ਦੇ ਨਾਲ ਹੀ ਕਾਂਗਰਸ ਪਾਰਟੀ ਵੱਲੋਂ ਸੁਖਬੰਸ ਕੌਰ ਦੇ ਨਾਮ ਇੱਥੋਂ ਪੰਜ ਵਾਰ ਲੋਕ ਸਭਾ ਵਿੱਚ ਚੁਣੇ ਜਾਣ ਦਾ ਰਿਕਾਰਡ ਦਰਜ ਹੈ। ਗੁਰਦਾਸਪੁਰ ਵਿੱਚ ਸੁਜਾਨਪੁਰ, ਭੋਆ, ਪਠਾਨਕੋਟ, ਗੁਰਦਾਸਪੁਰ, ਦੀਨਾਨਗਰ, ਕਾਦੀਆਂ, ਬਟਾਲਾ, ਫਤਿਹਗੜ੍ਹ ਚੂੜੀਆਂ ਵਿਧਾਨ ਸਭਾ ਹਲਕੇ ਪੈਂਦੇ ਹਨ।

**ਫਰੀਦਕੋਟ: ਗਾਇਕਾਂ ਦੇ ਚੋਣ ਮੈਦਾਨ ਵਿੱਚ ਆਉਣ ਨਾਲ ਜਿੱਥੇ ਭਖਿਆ ਅਖਾੜਾ**

ਮਾਲਵਾ ਖਿੱਤੇ ਦਾ ਫਰੀਦਕੋਟ ਹਲਕਾ ਇਨ੍ਹਾਂ ਚੋਣਾਂ ਵਿੱਚ ਇਸ ਕਰਕੇ ਚਰਚਾ ਵਿੱਚ ਹੈ ਕਿਉਂਕਿ ਇੱਥੋਂ ਦੋ ਪਾਰਟੀਆਂ ਵੱਲੋਂ ਗਾਇਕਾਂ ਨੂੰ ਟਿਕਟ ਦਿੱਤੀ ਗਈ ਹੈ। 2019 ਵਿੱਚ ਹੋਈਆਂ ਚੋਣਾਂ ਵਿੱਚ ਮੁਹੰਮਦ ਸਦੀਕ ਇੱਥੋਂ ਲੋਕ ਸਭਾ ਮੈਂਬਰ ਬਣੇ ਸਨ, ਉਹ ਪੰਜਾਬ ਦੇ ਇੱਕ ਪ੍ਰਸਿੱਧ ਲੋਕ ਗਾਇਕ ਹਨ। ਆਮ ਆਦਮੀ ਪਾਰਟੀ ਵੱਲੋਂ ਕਰਮਜੀਤ ਅਨਮੋਲ ਨੂੰ ਉਮੀਦਵਾਰ ਐਲਾਨਿਆ ਗਿਆ ਹੈ ਜਦਕਿ ਭਾਜਪਾ ਵੱਲੋਂ ਹੰਸ ਰਾਜ ਹੰਸ ਚੋਣ ਲੜਨਗੇ।

ਇੰਦਰਾ ਗਾਂਧੀ ਦਾ ਕਤਲ ਕਰਨ ਵਾਲੇ ਬੇਅੰਤ ਸਿੰਘ ਦੇ ਪੁੱਤਰ ਸਰਬਜੀਤ ਸਿੰਘ ਖ਼ਾਲਸਾ ਨੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦਾ ਐਲਾਨ ਕੀਤਾ ਹੈ। ਫਰੀਦਕੋਟ ਲੋਕ ਸਭਾ ਹਲਕਾ ਇੱਕ ਰਾਖਵਾਂ ਹਲਕਾ ਹੈ। ਇਸ ਹਲਕੇ ਵਿੱਚ ਪੇਂਡੂ ਇਲਾਕਿਆਂ ਦਾ ਬੋਲਬਾਲਾ ਹੈ। ਇੱਥੋਂ ਕਈ ਨਾਮੀ ਸਿਆਸਤਦਾਨ ਵੀ ਚੁਣੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਜਗਮੀਤ ਸਿੰਘ ਬਰਾੜ ਅਤੇ ਜਗਦੇਵ ਸਿੰਘ ਖੁੱਡੀਆਂ ਦਾ ਨਾਮ ਆਉਂਦਾ ਹੈ।

ਫਰੀਦਕੋਟ ਹਲਕੇ ਵਿੱਚ ਧਰਮਕੋਟ, ਗਿੱਦੜਬਾਹਾ, ਜੈਤੋਂ, ਕੋਟਕਪਰਾ ਅਤੇ ਮੋਗਾ ਜਿਹੇ ਸਿਆਸੀ ਤੌਰ ਉੱਤੇ ਚਹਿਲ-ਪਹਿਲ ਵਾਲੇ ਹਲਕੇ ਪੈਂਦੇ ਹਨ। ਇਸੇ ਲੋਕ ਸਭਾ ਹਲਕੇ ਵਿੱਚ ਪੈਂਦੇ ਪਿੰਡ ਬਰਗਾੜੀ ਵਿੱਚ ਸਾਲ 2015 ਵਿੱਚ ਬੇਅਦਬੀ ਦੀ ਘਟਨਾ ਵਾਪਰੀ ਸੀ, ਜਿਸ ਦੇ ਇਲਜ਼ਾਮ ਡੇਰਾ ਸੱਚਾ ਸੌਦਾ ਨਾਲ ਸਬੰਧਤ ਲੋਕਾਂ ਉੱਤੇ ਲੱਗੇ ਸਨ। ਬੇਅਦਬੀ ਦੇ ਰੋਸ ਵਿੱਚ ਬਹਿਬਲ ਕਲਾਂ ਵਿੱਚ ਲੱਗੇ ਧਰਨੇ ਵਿੱਚ ਕਥਿਤ ਪੁਲਿਸ ਫਾਇਰਿੰਗ ਵਿੱਚ ਦੋ ਜਣਿਆਂ ਦੀ ਮੌਤ ਹੋ ਗਈ ਸੀ। ਇਸ ਵੇਲੇ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਭਾਈਵਾਲੀ ਵਾਲੀ ਸਰਕਾਰ ਸੀ। ਇਸ ਪੂਰੇ ਘਟਨਾਕ੍ਰਮ ਨੇ ਪੰਜਾਬ ਵਿੱਚ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਗ੍ਰਾਫ ਨੂੰ ਕਾਫੀ ਹੇਠਾਂ ਡੇਗ ਦਿੱਤਾ ਸੀ।

**ਲੁਧਿਆਣਾ: ਪੰਜਾਬ ਦਾ ਸਨਅਤੀ ਕੇਂਦਰ**

ਲੁਧਿਆਣਾ ਪੰਜਾਬ ਦਾ ਸਨਅਤੀ ਸ਼ਹਿਰ ਹੈ, ਇੱਥੋਂ ਦੇ ਸਾਹਨੇਵਾਲ, ਲੁਧਿਆਣਾ ਪੂਰਬੀ, ਲੁਧਿਆਣਾ ਪੱਛਮੀ, ਲੁਧਿਆਣਾ ਦੱਖਣੀ ਅਤੇ ਉੱਤਰੀ ਹਲਕਿਆਂ ਵਿੱਚ ਵੱਡੀ ਗਿਣਤੀ ਵਿੱਚ ਪ੍ਰਵਾਸੀ ਰਹਿੰਦੇ ਹਨ। ਸਾਲ 2022 ਵਿੱਚ ਮੁੱਖ ਮੰਤਰੀ ਹੁੰਦਿਆਂ ਚਰਨਜੀਤ ਸਿੰਘ ਚੰਨੀ ਨੇ ਆਮ ਆਦਮੀ ਪਾਰਟੀ ਨੂੰ ਨਿਸ਼ਾਨਾ ਬਣਾਉਂਦਿਆਂ ਪ੍ਰਵਾਸੀਆਂ ਪ੍ਰਤੀ ਉਨ੍ਹਾਂ ਪ੍ਰਤੀ ਇਤਰਾਜ਼ਯੋਗ ਸ਼ਬਦਾਵਲੀ ਵਰਤੀ ਸੀ, ਇਸ ਦਾ ਲੁਧਿਆਣਾ ਵਿੱਚ ਰਹਿੰਦੇ ਪ੍ਰਵਾਸੀ ਭਾਈਚਾਰੇ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ ਸੀ।

ਲੁਧਿਆਣਾ ਤੋਂ ਸਿੱਖ ਵਿਦਵਾਨ ਰਹੇ ਸਰਦਾਰ ਕਪੂਰ ਸਿੰਘ ਦੇ ਨਾਲ-ਨਾਲ ਅਜੀਤ ਸਿੰਘ ਸਰੱਹਦੀ, ਜਗਦੇਵ ਸਿੰਘ ਤਲਵੰਡੀ, ਗੁਰਚਰਨ ਸਿੰਘ ਗਾਲਿਬ ਜਿਹੇ ਵੱਡੇ ਆਗੂ ਵੀ ਜਿੱਤਦੇ ਰਹੇ ਹਨ। ਹਿੰਦੂ ਬਹੁਗਿਣਤੀ ਵਾਲਾ ਸ਼ਹਿਰੀ ਹਲਕਾ ਹੋਣ ਦੇ ਬਾਵਜੂਦ ਇੱਥੋਂ ਸਾਲ 2009 ਨੂੰ ਛੱਡ ਕੇ ਬਾਕੀ ਸਾਲਾਂ ਵਿੱਚ ਸੰਸਦ ਮੈਂਬਰ ਸਿੱਖ ਸਿੱਖ ਭਾਈਚਾਰੇ ਨਾਲ ਹੀ ਸਬੰਧਤ ਰਹੇ ਹਨ। ਸਾਲ 2009 ਵਿੱਚ ਇੱਥੋਂ ਮਨੀਸ਼ ਤਿਵਾੜੀ ਨੇ ਜਿੱਤ ਹਾਸਲ ਕੀਤੀ ਸੀ। ਇੱਥੋਂ ਦੇ ਸ਼ਹਿਰੀ ਹਲਕਿਆਂ ਵਿੱਚ ਭਾਜਪਾ ਅਤੇ ਕਾਂਗਰਸ ਦਾ ਦਬਦਬਾ ਰਹਿੰਦਾ ਹੈ ਪਰ ਪੇਂਡੂ ਇਲਾਕਿਆਂ ਅਤੇ ਸ਼ਹਿਰ ਵਿਚਲੀ ਸਿੱਖ ਵੋਟ ਹਾਸਲ ਕਰਨ ਵਿੱਚ ਸ਼੍ਰੋਮਣੀ ਅਕਾਲੀ ਦਲ ਸਫ਼ਲ ਹੁੰਦਾ ਰਿਹਾ ਹੈ। ਇਸ ਦੇ ਨਾਲ ਹੀ ਇੱਥੇ ਰਾਮਗੜ੍ਹੀਆ ਸਿੱਖ ਵੋਟਰਜ਼ ਦੀ ਵੀ ਬਹੁਤਾਂਤ ਹੈ, ਜੋ ਇੱਥੋਂ ਦੇ ਗਿੱਲ ਹਲਕੇ ਵਿੱਚ ਲਘੂ ਉਦਯੋਗ ਅਤੇ ਹੋਰ ਕਾਰਖ਼ਾਨਿਆਂ ਨਾਲ ਜੁੜੇ ਹੋਏ ਹਨ। ਮੁੰਜਾਲ ਗਰੁੱਪ, ਏਵਨ ਸਾਈਕਲਜ਼ ਜਿਹੀਆਂ ਵਪਾਰਕ ਕੰਪਨੀਆਂ ਦੇ ਨਾਲ-ਨਾਲ ਭਾਰਤ ਦੇ ਕਈ ਵੱਡੇ ਉਦਯੋਗਿਕ ਚਿਹਰੇ ਇਸ ਸ਼ਹਿਰ ਨਾਲ ਸਬੰਧ ਰੱਖਦੇ ਹਨ।

**ਆਨੰਦਪੁਰ ਸਾਹਿਬ: ਪੰਜਾਬ ਦੀ ਫ਼ਿਰਕੂ ਸਦਭਾਵਨਾ ਦੀ ਮਿਸਾਲ ਮੰਨਿਆ ਜਾਂਦਾ ਹਲਕਾ**

ਇਹ ਹਲਕਾ ਵੀ ਸਾਲ 2009 ਵਿੱਚ ਹੋਂਦ ਵਿੱਚ ਆਇਆ ਸੀ। ਇਹ ਹਲਕਾ ਹੁਸ਼ਿਆਰਪੁਰ ਅਤੇ ਰੋਪੜ ਲੋਕ ਸਭਾ ਵਿਚਲੇ ਹਲਕਿਆਂ ਨੂੰ ਰਲਾ ਕੇ ਬਣਾਇਆ ਗਿਆ ਸੀ। ਪਾਰਲੀਮੈਂਟ ਵਿੱਚ ਦਿੱਤੇ ਆਪਣੇ ਭਾਸ਼ਣ ਵਿੱਚ ਸੰਸਦ ਮੈਂਬਰ ਹੁੰਦਿਆਂ ਭਗਵੰਤ ਮਾਨ ਨੇ ਪੰਜਾਬ ਵਿੱਚ ਫ਼ਿਰਕੂ ਸਦਭਾਵਨਾ ਬਾਰੇ ਇਸ ਹਲਕੇ ਦੀ ਉਦਾਹਰਨ ਦਿੱਤੀ ਸੀ। ਉਨ੍ਹਾਂ ਨੇ ਕਿਹਾ ਸੀ ਕਿ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਨੂੰ ਖਾਲਸਾ ਪੰਥ ਦੀ ਜਨਮ ਭੂਮੀ ਵਜੋਂ ਜਾਣਿਆ ਹੈ ਪਰ ਇੱਥੋਂ ਕਾਂਗਰਸੀ ਆਗੂ ਮਨੀਸ਼ ਤਿਵਾੜੀ ਜੋ ਕਿ ਹਿੰਦੂ ਹਨ ਲੋਕ ਸਭਾ ਤੋਂ ਚੁਣੇ ਗਏ ਹਨ। ਰੋਪੜ ਲੋਕ ਸਭਾ ਹਲਕੇ ਵਿੱਚ ਆਉਂਦੇ ਕਈ ਇਲਾਕੇ ਆਨੰਦਪੁਰ ਸਾਹਿਬ ਵਿੱਚ ਜੋੜੇ ਗਏ ਸਨ। ਰੋਪੜ ਲੋਕ ਸਭਾ ਹਲਕੇ ਤੋਂ ਪੰਜਾਬ ਦੇ ਸਿਆਸੀ ਦ੍ਰਿਸ਼ ਉੱਤੇ ਵੱਡਾ ਮਾਅਰਕਾ ਮਾਰਨ ਵਾਲੇ ਕਈ ਚਿਹਰੇ ਆਏ ਹਨ। ਰੋਪੜ ਲੋਕ ਸਭਾ ਤੋਂ ਹੀ ਭਾਰਤ ਦੇ ਗ੍ਰਹਿ ਮੰਤਰੀ ਰਹੇ ਬੂਟਾ ਸਿੰਘ ਤਿੰਨ ਵਾਰੀ ਲੋਕ ਸਭਾ ਮੈਂਬਰ ਚੁਣੇ ਗਏ ਸਨ। ਇਸ ਹਲਕੇ ਤੋਂ ਹੀ 1989 ਵਿੱਚ ਭਾਰਤ ਦੀ ਪ੍ਰਧਾਨ ਮੰਤਰੀ ਦੇ ਕਤਲ ਦੇ ਦੋਸ਼ੀ ਬੇਅੰਤ ਸਿੰਘ ਦੀ ਪਤਨੀ ਬਿਮਲ ਕੌਰ ਖਾਲਸਾ ਚੋਣਾਂ ਜਿੱਤੇ ਸਨ।

**ਫਤਿਹਗੜ੍ਹ ਸਾਹਿਬ- ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ**

ਇਹ ਲੋਕ ਸਭਾ ਹਲਕਾ ਵੀ ਸਾਲ 2009 ਵਿੱਚ ਹੋਂਦ ਵਿੱਚ ਆਇਆ ਸੀ। ਇਹ ਪੰਜਾਬ ਦੇ ਰਾਖਵੇਂ ਹਲਕਿਆਂ ਵਿਚੋਂ ਇੱਕ ਹੈ। ਹਲਕੇ ਵਿੱਚ ਰਾਮਦਾਸੀਆ ਸਿੱਖ ਵੋਟ ਕਾਫੀ ਮਾਅਨੇ ਰੱਖਦੀ ਹੈ ਅਤੇ ਉਮੀਦਵਾਰਾਂ ਦੀ ਚੋਣ ਅਤੇ ਦਾਅਵੇਦਾਰੀ ਉੱਤੇ ਵੀ ਇਸ ਦਾ ਅਸਰ ਪੈਂਦਾ ਹੈ। ਵੱਖ-ਵੱਖ ਪਾਰਟੀਆਂ ਵੱਲੋਂ ਐਲਾਨੇ ਗਏ ਲੋਕ ਸਭਾ ਉਮੀਦਵਾਰ ਵੀ ਇਸੇ ਜੋੜ ਤੋੜ ਨੂੰ ਧਿਆਨ ਵਿੱਚ ਰੱਖ ਕੇ ਚੁਣੇ ਜਾਂਦੇ ਹਨ।

ਇਸ ਹਲਕੇ ਵਿੱਚ ਖੰਨਾ ਅਤੇ ਮੰਡੀ ਗੋਬਿੰਦਗੜ੍ਹ ਜਿਹੇ ਸ਼ਹਿਰ ਵੀ ਪੈਂਦੇ ਹਨ, ਜਿੱਥੋਂ ਦੀ ਸ਼ਹਿਰੀ ਵੋਟ ਵੀ ਸਿਆਸੀ ਹਿਸਾਬ ਕਿਤਾਬ ਵਿੱਚ ਕਾਫੀ ਮਾਅਨੇ ਰੱਖਦੀ ਹੈ। ਖੰਨਾ ਵਿੱਚ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਪੈਂਦੀ ਹੈ, ਦਿੱਲੀ-ਪੰਜਾਬ ਮੁੱਖ ਕੌਮੀ ਮਾਰਗ ਉੱਤੇ ਹੋਣ ਕਰਕੇ ਇਹ ਇੱਕ ਵੱਡਾ ਵਪਾਰਕ ਕੇਂਦਰ ਰਿਹਾ ਹੈ।

## ਕੈਨੇਡਾ-ਫਿਲਮੀ ਤਰੀਕੇ ਨਾਲ 12 ਅਰਬ ਤੋਂ ਵੱਧ ਦਾ ਸੋਨਾ ਤੇ ਨਕਦੀ ਲੁੱਟੀ

17 ਅਪ੍ਰੈਲ 2023 ਨੂੰਇੱਕ ਕਾਰਗੋ ਜਹਾਜ਼ ਵਿੱਚ ਲਗਭਗ 2 ਕਰੋੜ ਕੈਨੇਡੀਅਨ ਡਾਲਰ ਮੁੱਲ ਦਾ ਸ਼ੁੱਧ ਸੋਨਾ ਜਿਸਦਾ ਵਜ਼ਨ ਚਾਰ ਕੁਇੰਟਲ ਸੀ, ਅਤੇ ਕਰੀਬ 25 ਲੱਖ ਦੀ ਕਈ ਕਿਸਮ ਦੀ ਵਿਦੇਸ਼ੀ ਕਰੰਸੀ ਕੈਨੇਡਾ ਲਿਆਂਦੇ ਗਏ। ਜਿਵੇਂ ਹੀ ਇੱਕ ਕਾਰਗੋ ਜਹਾਜ਼ ਰਾਹੀਂ ਟੋਰਾਂਟੋ ਪੀਅਰਸਨ ਹਵਾਈ ਅੱਡੇ ਉੱਤੇ ਪਹੁੰਚੇ ਲੁੱਟ ਲਏ ਗਏ। ਇਸ ਲੁੱਟ ਦੀ ਭਾਰਤੀ ਰੁਪਏ ਵਿੱਚ ਕੀਮਤ 12 ਅਰਬ 15 ਕਰੋੜ ਰੁਪਏ ਬਣਦੀ ਹੈ। ਸੀਬੀਸੀ ਕੈਨੇਡਾ ਮੁਤਾਬਕ ਪੀਲ ਰੀਜਨਲ ਪੁਲਿਸ ਮੁਖੀ ਨਿਸ਼ਾਨ ਦੁਰਾਈਅੱਪਾ ਨੇ ਬੁੱਧਵਾਰ ਨੂੰ ਪ੍ਰੈਸ ਕਾਨਫਰੰਸ ਵਿੱਚ ਕਿਹਾ, "ਕਹਾਣੀ ਜਿੰਨੀ ਸਨਸਨੀਖੇਜ਼ ਹੈ ਅਤੇ ਸ਼ਾਇਦ ਜਿਵੇਂ ਅਸੀਂ ਮਜ਼ਾਕ ਵਿੱਚ ਕਹਿੰਦੇ ਹਾਂ ਨੈਟਫਲਿਕਸ ਦੇ ਕਿਸੇ ਲੜੀਵਾਰ ਫਿਲਮੀ ਵਰਗੀ ਹੈ।" ਮੁੱਖ ਜਾਂਚ ਕਰਤਾ ਡਿਟੈਕਟਿਵ ਸਾਰਜੈਂਟ ਮਾਈਕ ਮੈਵਿਟੀ ਨੇ ਇਸ ਦਲੇਰਾਨਾ ਲੁੱਟ ਨੂੰ ਕੈਨੇਡੀਅਨ ਇਤਿਹਾਸ ਦੀ ਸਭ ਤੋਂ ਵੱਡੀ ਲੁੱਟ ਕਰਾਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਇਸ ਲੁੱਟ ਨੂੰ ਅੰਜਾਮ ਦੇਣ ਵਿੱਚ ਏਅਰ ਕੈਨੇਡਾ ਦੇ ਦੋ ਮੁਲਾਜ਼ਮਾਂ ਨੇ ਸਾਥ ਦਿੱਤਾ। ਬੁੱਧਵਾਰ ਨੂੰ ਨਿਸ਼ਾਨ ਦੁਰਾਈਅੱਪਾ ਨੇ ਦੱਸਿਆ ਕਿ ਇਸ ਸੰਬੰਧ ਵਿੱਚ ਅਮਰੀਕਾ ਦੇ ਸ਼ਰਾਬ, ਤੰਬਾਕੂ, ਫਾਇਰ ਆਰਮ ਅਤੇ ਧਮਾਕੇਖੇਜ਼ ਸਮੱਗਰੀ (ਏਟੀਐੱਫ) ਨਾਲ ਮਿਲਾ ਕੇ ਕੀਤੀ ਸਾਂਝੀ ਤਫ਼ਤੀਸ਼ ਤੋਂ ਬਾਅਦ ਗ੍ਰਿਫ਼ਤਾਰੀਆਂ ਅਤੇ 19 ਇਲਜ਼ਾਮ ਤਿਆਰ ਕੀਤੇ ਗਏ ਹਨ। ਇਸ ਤੋਂ ਇਲਾਵਾ ਵੱਡੀ ਮਾਤਰਾ ਵਿੱਚ ਫਾਇਰ ਆਮਰ ਜੋ ਕਿ ਕੈਨੇਡਾ ਪਹੁੰਚਾਏ ਜਾਣੇ ਸਨ, ਫੜੇ ਹਨ। ਉਨ੍ਹਾਂ ਨੇ ਅੱਗੇ ਕਿਹਾ ਕਿ ਇਸ ਲੁੱਟ ਨੂੰ ਅੰਜਾਮ ਦੇਣ ਵਾਲਾ ਬਹੁਤ ਹੀ ਧਿਆਨ ਨਾਲ ਵਿਉਂਤਿਆ ਹੋਇਆ ਅਤੇ ਚੰਗੀ ਤਰ੍ਹਾਂ ਸੰਗਠਿਤ ਅਪਰਾਧੀਆਂ ਦਾ ਸਮੂਹ ਹੈ। ਜਿਸ ਵਿੱਚ ਕੈਨੇਡਾ ਦੇ ਅੰਦਰੋਂ ਵੀ ਅਤੇ ਬਾਹਰੋਂ ਵੀ ਅਪਰਾਧੀ ਸ਼ਾਮਲ ਹਨ।

ਬਰੈਂਪਟਨ ਵਾਸੀ ਪਰਮਪਾਲ ਸਿੱਧੂ (54), ਜੋ ਕਿ ਗੋਦਾਮ ਵਿੱਚ ਕੰਮ ਕਰਦੇ ਸੀ। ਉਨ੍ਹਾਂ ਨੂੰ 5000 ਡਾਲਰ ਤੋਂ ਜ਼ਿਆਦਾ ਦੀ ਲੁੱਟ ਅਤੇ ਇੰਡਿਕਟੇਬਲ ਅਪਰਾਧ (ਗੰਭੀਰ ਅਪਰਾਧ) ਦੀ ਸਾਜਿਸ਼ ਦੇ ਇਲਜ਼ਾਮ ਤਹਿਤ ਗ੍ਰਿਫਤਾਰ ਕਰ ਲਿਆ ਗਿਆ ਹੈ। ਜਦਕਿ ਬਰੈਂਪਟਨ ਦੇ ਹੀ ਸਿਮਰ ਪ੍ਰੀਤ ਪਨੇਸਰ (31) ਲਈ ਦੇਸ ਵਿਆਪੀ ਗ੍ਰਿਫ਼ਤਾਰੀ ਵਰੰਟ ਜਾਰੀ ਕੀਤਾ ਗਿਆ ਹੈ।

ਡਿਟੈਕਟਿਵ ਸਾਰਜੈਂਟ ਮਾਈਕ ਮੈਵਿਟੀ ਨੇ ਦੱਸਿਆ ਕਿ ਪਨੇਸਰ ਉਸ ਗੋਦਾਮ ਵਿੱਚ ਮੈਨੇਜਰ ਸੀ, (ਜਿੱਥੋਂ ਚੋਰੀ ਹੋਈ)। ਉਸੇ ਨੇ ਪੁਲਿਸ ਨੂੰ ਲੁੱਟ ਤੋਂ ਬਾਅਦ ਸਾਰੀ ਥਾਂ ਦੀ ਇੱਕ "ਫੇਰੀ" ਲਵਾਈ ਸੀ। ਸੀਬੀਸੀ ਦੀ ਖ਼ਬਰ ਮੁਤਾਬਕ ਪਨੇਸਰ ਨੇ ਪਿਛਲੀਆਂ ਗਰਮੀਆਂ ਵਿੱਚ ਏਅਰ ਕੈਨੇਡਾ ਤੋਂ ਅਸਤੀਫ਼ਾ ਦੇ ਦਿੱਤਾ ਸੀ।

ਸੀਬੀਸੀ ਦੀ ਖ਼ਬਰ ਮੁਤਾਬਕ ਉਸੇ ਸ਼ਾਮ (17 ਅਪ੍ਰੈਲ 2023 ਨੂੰ) ਬਰਿੰਕਸ ਕੈਨੇਡਾ ਨਾਮ ਦੀ ਕੰਪਨੀ ਨੇ ਇਹ ਸੋਨਾ ਅਤੇ ਨਗਦੀ ਹਵਾਈ ਅੱਡੇ ਤੋਂ ਲੈ ਕੇ ਜਾਣਾ ਸੀ। ਜਿਉਂ ਹੀ ਇੱਕ ਕਾਰਗੋ ਜਹਾਜ਼ ਵਿੱਚ ਲਗਭਗ 2 ਕਰੋੜ ਕੈਨੇਡੀਅਨ ਡਾਲਰ ਮੁੱਲ ਦਾ ਸ਼ੁੱਧ ਸੋਨਾ ਜਿਸਦਾ ਵਜ਼ਨ ਚਾਰ ਕੁਇੰਟਲ ਸੀ, ਅਤੇ ਕਰੀਬ 25 ਲੱਖ ਦੀ ਕਈ ਕਿਸਮ ਦੀ ਵਿਦੇਸ਼ੀ ਕਰੰਸੀ ਇੱਕ ਕਾਰਗੋ ਜਹਾਜ਼ ਰਾਹੀਂ ਟੋਰਾਂਟੋ ਪੀਅਰਸਨ ਹਵਾਈ ਅੱਡੇ ਉੱਤੇ ਪਹੁੰਚੇ। ਹਵਾਈ ਅੱਡੇ ਦੇ ਕਾਰਗੋ ਕੰਪਾਊਂਡ ਤੋਂ ਚੋਰੀ ਕਰ ਲਏ ਗਏ।

TANVIR Tour & Travels FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
IRS e-file
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days Weekends/Evenings (Year Round Service) Resonalbe Rates Call for Appointment
CTEC California Tax Education Council Registered Tax Preparer

CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com

# ਛੱਕ ਛੱਕ ਗੱਡੀ ਚਲਦੀ ਜਾਂਦੀ, ਆਉਂਦੇ-ਜਾਂਦੇ ਸ਼ਹਿਰ- ਭਾਗ (3)



ਬਲਬੀਰ ਸਿੰਘ ਐਮ.ਏ.
510-938-7771

ਸਲੋਵਾਕੀਆ ਦੀ ਰਾਜਧਾਨੀ ਤੋਂ ਅਸੀਂ ਅਗਲੀ ਸਵੇਰ ਬੁੱਢਾਪੈਸਟ-ਹੰਗਰੀ ਲਈ ਰੇਲ ਗੱਡੀ ਰਾਹੀਂ ਜਾਣ ਵਾਸਤੇ ਰੇਲਵੇ ਸਟੇਸ਼ਨ ’ਤੇ ਪਹੁੰਚ ਕੇ ਟਿਕਟ ਖਿੜਕੀ ’ਤੇ ਜਾ ਖੜ੍ਹੇ ਹੋਏ ਤੇ ਟਿਕਟ ਜਾਣ ਦੀ ਤੇ ਵਾਪਸ ਆਉਣ ਦੀ ਟਿਕਟ ਸਾਰਿਆਂ ਵਾਸਤੇ ਖਰੀਦੀ ਤਾਂ ਪਤਾ ਲੱਗਾ, ਸਿਰਫ 19 ਯੂਰੋ ਦੀ ਟਿਕਟ ਇਕ ਯਾਤਰੀ ਦੀ ਸੀ ਤੇ ਰੇਲ ਗੱਡੀ ਦਾ ਪੈਂਡਾ 127 ਮੀਲ ਸੀ ਇਕ ਪਾਸੇ ਦਾ (204 ਕਿਲੋਮੀਟਰ)।

ਅਸੀਂ ਦੋ ਘੰਟੇ ’ਚ ਪਹੁੰਚ ਕੇ ਜਦੋਂ ਬਾਹਰ ਨਿਕਲੇ ਤਾਂ ਉਥੋਂ ਕੁਝ ਕੁ ਦੂਰੀ ਤੱਕ ਅਸੀਂ ਦੁਕਾਨਾਂ ਦੇ ਬੋਰਡ ਪੜ੍ਹਦੇ-ਪੜ੍ਹਦੇ ਕਾਫੀ ਦੂਰ ਨਿਕਲ ਗਏ ਤੇ ਫਿਰ ਉਥੇ ਇਕ ਚਰਚ ਨੁਮਾ ਬਿਲਡਿੰਗ ਵੇਖੀ, ਜੋ 6-7 ਸੌ ਸਾਲ ਪੁਰਾਣੀ ਸੀ। ਬਨਾਵਟ ਤੋਂ ਪਤਾ ਲੱਗਦਾ ਸੀ ਕਿ ਉਸ ਵੇਲੇ ਦੇ ਲੋਕ ਕਿੰਨੇ ਕਲਾਕ੍ਰਿਤੀਆਂ ਨਾਲ ਪਿਆਰ ਕਰਦੇ ਸਨ ਤੇ ਉਹਨਾਂ ਨੂੰ ਕੰਧਾਂ ਤੇ ਉੱਕਰ ਦਿੰਦੇ ਸਨ।

ਉਥੇ ਹੀ ਗਲੀ ’ਚ ਇਕ ਲੋਹੇ ਦਾ ਬਣਿਆ ਆਦਮ ਕੱਦ ਮਨੁੱਖੀ ਢਾਂਚੇ ਵਾਲੇ ਬੁੱਤ ਨਾਲ ਹਰ ਰਾਹ ਜਾਂਦਾ ਇਨਸਾਨ ਫੋਟੋ ਜ਼ਰੂਰ ਖਿਚਵਾਉਂਦਾ ਸੀ।

ਉਥੋਂ ਅਸੀਂ ਬੱਸ ਟੂਰ ਰਾਹੀਂ ਸਾਰਾ ਸ਼ਹਿਰ ਸਿਰਫ ਦੋ ਘੰਟੇ ’ਚ ਦੇਖਿਆ ਤੇ ਇਕ ਪੀਜ਼ਾ ਹੱਟ ਤੇ ਪੀਜ਼ਾ ਖਾ ਕੇ ਵਾਪਸ ਸਲੋਵਾਕੀਆ ਆਉਣ ਲਈ ਰੇਲ ਗੱਡੀ ਸਟੇਸ਼ਨ ’ਤੇ ਪਹੁੰਚ ਗਏ।

ਉਥੇ ਸ਼ਾਮੀ 5.30 ਦੀ ਰੇਲ ਫੜ੍ਹ ਕੇ ਵਾਪਸ ਸਲੋਵਾਕੀਆ ਦੇ ਸ਼ਹਿਰ ਬਰਾਟੀਸਲਾਵਾ ਪਹੁੰਚੇ। ਜ਼ਿੰਦਗੀ ਦੇ ਇਹਨਾਂ ਦਿਨਾਂ ’ਚ ਯੂਰਪ ਦੇ 5-6 ਦੇਸ਼ਾਂ ਦੇ ਸ਼ਹਿਰਾਂ ’ਚ ਜਾ ਕੇ ਬਹੁਤ ਹੀ ਜਾਣਕਾਰੀ ’ਚ ਵਾਧਾ ਹੋਇਆ।

ਹਫਤੇ ਦੇ ਖਤਮ ਹੋਣ ਤੋਂ ਪਹਿਲਾਂ ਪਹਿਲਾਂ ਅਸੀਂ ਇਕ ਦਿਨ ਸਵੇਰੇ-ਸਵੇਰੇ ਸਾਢੇ ਸੱਤ ਵਜੇ ਹੀ ਰੇਲ ਗੱਡੀ ਪਕੜ ਕੇ ਚੈਕ ਰਿਪਬਲਿਕ ਵੱਲ ਨੂੰ ਚਾਲੇ ਪਾ ਦਿੱਤੇ। ਪਹਿਲਾ ਸ਼ਹਿਰ ਸਿਰਫ 76 ਮੀਲ ਹੈ (122 ਕਿਲੋਮੀਟਰ)। ਉਥੇ ਪਹੁੰਚਣ ਲਈ ਗੱਡੀ ਸਿਰਫ ਤਿੰਨ ਚਾਰ ਸਟੇਸ਼ਨਾਂ ’ਤੇ ਹੀ ਰੁਕਦੀ ਹੈ। ਬਰਨੋ ਸ਼ਹਿਰ ’ਚ ਰੇਲਵੇ ਸਟੇਸ਼ਨ ਤੋਂ ਬਾਹਰ ਨਿਕਲ ਕੇ ਸੜਕ ਪਾਰ ਕਰਕੇ ਬਾਜ਼ਾਰ ’ਚ ਵੜੇ। ਏਨੀਆਂ ਸੋਹਣੀਆਂ ਤੇ ਪੁਰਾਣੀਆਂ ਇਮਾਰਤਾਂ ਵੇਖ ਕੇ ਮਨ ਅਸ਼-ਅਸ਼ ਕਰ ਰਿਹਾ ਸੀ।

ਯੂਰਪੀ ਦੇਸ਼ਾਂ ਨੇ ਆਪਣੇ ਪੁਰਖਾਂ ਦੀ ਸਭਿਅਤਾ ਪੂਰੀ ਤਰ੍ਹਾਂ ਨਾਲ ਸੰਭਾਲੀ ਹੋਈ ਹੈ ਤੇ ਇਕ ਸਾਡੇ ਪੰਜਾਬ ’ਚ ਫਤਿਹਗੜ੍ਹ ਸਾਹਿਬ ਦਾ ਠੰਡਾ ਬੁਰਜ ਜੋ ਸਾਰੇ ਦਾ ਸਾਰਾ ਅਸਲੀਅਤ ਤੋਂ ਨਕਲ ਬਣਾ ਕੇ ਰੱਖ ਦਿੱਤਾ। ਸਾਹਿਬਜਾਦਿਆਂ ਦੇ ਪੈਰਾਂ ਦੇ ਨਿਸ਼ਾਨਾਂ ਵਾਲੀ ਜਗ੍ਹਾ ਵੀ ਪੱਕੀਆਂ ਟਾਇਲਾਂ ਲਾ ਕੇ ਨਵਿਆ ਦਿੱਤੀਆਂ ਸੀ। ਇਹਨਾਂ ਅੱਜ ਦੇ ਨਵੇਂ ਦਿਮਾਗਾਂ ਦੀਆਂ ਪੁੱਠੀਆਂ ਸੋਚਾਂ ਨੇ ਸਾਡੇ ਪੁਰਾਣੇ ਸਭਿਆਚਾਰ ਨੂੰ ਸੰਭਾਲਣ ਦੀ ਬਜਾਏ ਸਾਰੇ ਵਾਤਾਵਰਣ ਦੀਆਂ ਹੀ ਧੱਜੀਆਂ ਉਡਾ ਦਿੱਤੀਆਂ। ਅੱਜ ਤੋਂ 100 ਸਾਲ ਬਾਅਦ ਸਿੱਖਾਂ ਦੇ ਬੱਚੇ ਪੁੱਛਣਗੇ ਕਿ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ ’ਚ ਰੱਖਿਆ ਸੀ ਪਰ ਉਹ ਹੈ ਕਿੱਥੇ? ਉਦੋਂ ਉਹ ਨੌਜਵਾਨ ਅੱਜ ਦੇ ਇਹਨਾਂ ਸਿੱਖਾਂ ਨੂੰ ਲਾਅਨਤਾਂ ਪਾਉਣਗੇ।


ਖੈਰ ਅਸੀਂ ਸ਼ਾਮ ਤੱਕ ਇਕ ਪੁਰਾਣਾ ਚਰਚ ਵੇਖ ਕੇ ਤੇ ਐਨੀਆਂ ਸੋਹਣੀਆਂ ਤੇ ਪੁਰਾਣੀਆਂ ਇਮਾਰਤਾਂ ਵੇਖ ਕੇ ਮਨ ਗਦ-ਗਦ ਕਰ ਉਠਿਆ। ਮੈਂ ਆਪਣੇ ਸਾਰੇ ਪੜ੍ਹਨ ਵਾਲਿਆਂ ਨੂੰ ਬੇਨਤੀ ਕਰਾਂਗਾ ਕਿ ਧਾਰਮਿਕ ਸਥਾਨ ਵੇਖਣ ਦੇ ਨਾਲ-ਨਾਲ ਐਸੇ ਦੇਸ਼ਾਂ ਦੇ ਉਹ ਸੋਹਣੇ ਮਹੱਲ/ਇਮਾਰਤਾਂ ਜ਼ਰੂਰ ਇਕ ਵਾਰ ਵੇਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਥੋਂ ਵਾਪਸ ਆ ਕੇ ਅਸੀਂ ਉਸੇ ਹਫਤੇ ਉਥੋਂ ਵਿਆਨਾ (ਆਸਟ੍ਰੀਆ) ਬੱਸ ਰਾਹੀਂ ਆ ਗਏ ਤੇ ਉਥੋਂ ਵਾਪਸ ਸਾਨ ਫਰਾਂਸਿਸਕੋ ਲਈ ਚੱਲ ਪਏ। ਇਸ ਵਾਰੀ ਦੇ 5 ਦੇਸ਼ਾਂ ਦੇ ਦੌਰੇ ਨਾਲ ਇੰਨੀ ਜਾਣਕਾਰੀ ’ਚ ਵਾਧਾ ਹੋਇਆ, ਜੋ ਮੈਂ ਤੁਹਾਡੇ ਨਾਲ ਵੀ ਸਾਂਝਾ ਕਰਕੇ ਆਪਣੇ ਪਾਠਕਾਂ ਦੀ ਜਾਣਕਾਰੀ ’ਚ ਵਾਧਾ ਕਰਨਾ ਚਾਹੁੰਦਾ ਹਾਂ।

***(ਯੂਰਪ ਦਾ ਸਫਰ ਸਮਾਪਤ ਹੈ ਜੀ)***

























# ਜ਼ਮਾਨਤ ਦੀਆਂ ਚੁਣੌਤੀਆਂ ਤੇ ਬੁਨਿਆਦੀ ਹੱਕ



**ਰਣਬੀਰ ਸਿੰਘ**

ਫੌਜਦਾਰੀ ਨਿਆਂ ਢਾਂਚੇ ਤਹਿਤ ਜ਼ਮਾਨਤ ਮਹਿਜ਼ ਵਿਧੀਵਤ ਕਾਰਜ ਤੋਂ ਕਿਤੇ ਵਧ ਕੇ ਹੈ। ਇਹ ਕਿਸੇ ਮੁਲਜ਼ਮ ਨੂੰ ਕਾਨੂੰਨੀ ਕਾਰਵਾਈ ਖਿਲਾਫ਼ ਉਸ ਦੀ ਨਿੱਜੀ ਆਜ਼ਾਦੀ ਦੀ ਰਾਖੀ ਲਈ ਢਾਲ ਮੁਹੱਈਆ ਕਰਾਉਂਦੀ ਹੈ। ਇਸ ਵਿਚਾਰ ਦਾ ਹਰੇਕ ਨੂੰ ਨਿਆਂ ਦੇਣ ਦੀਆਂ ਕੋਸ਼ਿਸ਼ਾਂ ਨਾਲ ਗਹਿਰਾ ਅਤੇ ਅਟੁੱਟ ਰਿਸ਼ਤਾ ਹੈ ਜੋ ਸੰਵਿਧਾਨ ਦੀ ਧਾਰਾ 21 ਦੇ ਮੂਲ ਭਾਵ ਮੁਤਾਬਿਕ ਵੀ ਪੂਰੀ ਤਰ੍ਹਾਂ ਢੁਕਵਾਂ ਹੈ। ਇਹ ਜਿਊਣ ਤੇ ਵਿਅਕਤੀਗਤ ਆਜ਼ਾਦੀ ਦੇ ਹੱਕ ਨੂੰ ਪਵਿੱਤਰ ਮੰਨਦਾ ਹੈ ਜਿਨ੍ਹਾਂ ਨੂੰ ਸਿਰਫ਼ ਕਾਨੂੰਨ ਦੁਆਰਾ ਸੁਝਾਈ ਕਾਰਵਾਈ ਨਾਲ ਸੀਮਤ ਕੀਤਾ ਜਾ ਸਕਦਾ ਹੈ। ਜ਼ਮਾਨਤ ਯਕੀਨੀ ਬਣਾਉਂਦੀ ਹੈ ਕਿ ਲੋਕਾਂ ਨੂੰ ਮੁਕੱਦਮੇ ਦੀ ਸੁਣਵਾਈ ਤੋਂ ਪਹਿਲਾਂ ਗ਼ੈਰ-ਵਾਜਿਬ ਢੰਗ ਨਾਲ ਜੇਲ੍ਹ 'ਚ ਨਾ ਰੱਖਿਆ ਜਾਵੇ; ਇਉਂ ਇਹ ਵਿਅਕਤੀਗਤ ਆਜ਼ਾਦੀ ਦਾ ਇਨਸਾਫ਼ ਦੀ ਮੰਗ ਨਾਲ ਤਵਾਜ਼ਨ ਬਿਠਾਉਂਦੀ ਹੈ। ਮੁਕੱਦਮੇ ਤੋਂ ਪਹਿਲਾਂ ਹਿਰਾਸਤ 'ਚ ਰੱਖਣ ਦੇ ਕਿਸੇ ਸ਼ਖ਼ਸ 'ਤੇ ਗੰਭੀਰ ਨਾਂਹ ਪੱਖੀ ਅਸਰ ਪੈ ਸਕਦੇ ਹਨ। ਜ਼ਮਾਨਤ ਇਨ੍ਹਾਂ ਸੰਭਾਵੀ ਬੇਇਨਸਾਫ਼ੀਆਂ ਨੂੰ ਘਟਾਉਣ ਵਿਚ ਮਦਦ ਕਰ ਸਕਦੀ ਹੈ।

ਭਾਰਤ 'ਚ ਜ਼ਮਾਨਤ ਮਨਜ਼ੂਰ ਕਰਨ ਸਬੰਧੀ ਕਾਨੂੰਨ ਅਪਰਾਧਾਂ ਨੂੰ ਜ਼ਮਾਨਤੀ ਤੇ ਗ਼ੈਰ-ਜ਼ਮਾਨਤੀ, ਦੋ ਸ਼੍ਰੇਣੀਆਂ ਵਿੱਚ ਵੰਡਦਾ ਹੈ। ਇਹ ਨਿਆਂਇਕ ਫ਼ੈਸਲਿਆਂ ਤੇ ਉਨ੍ਹਾਂ ਸ਼ਰਤਾਂ ਦਾ ਆਧਾਰ ਵੀ ਬਣਦਾ ਹੈ ਜਿਨ੍ਹਾਂ ਤਹਿਤ ਜ਼ਮਾਨਤ ਦਿੱਤੀ ਜਾ ਸਕਦੀ ਹੈ। ਜ਼ਮਾਨਤੀ ਅਪਰਾਧਾਂ ਲਈ ਮੁਲਜ਼ਮ ਨੂੰ ਫ਼ੌਜਦਾਰੀ ਦੰਡ ਵਿਧਾਨ (ਸੀਆਰਪੀਸੀ) ਦੀ ਧਾਰਾ 436 ਤਹਿਤ ਜ਼ਮਾਨਤ ਲੈਣ ਦਾ ਹੱਕ ਹੈ ਬਸ਼ਰਤੇ ਉਹ ਜ਼ਮਾਨਤ ਦੇ ਤੈਅ ਨੇਮਾਂ 'ਤੇ ਖ਼ਰਾ ਉਤਰਦਾ ਹੋਵੇ। ਗ਼ੈਰ-ਜ਼ਮਾਨਤੀ ਅਪਰਾਧਾਂ 'ਚ ਜ਼ਮਾਨਤ ਦਾ ਹੱਕ ਨਹੀਂ ਹੁੰਦਾ, ਇਹ ਅਦਾਲਤ ਦੀ ਮਰਜ਼ੀ ਉੱਤੇ ਨਿਰਭਰ ਹੁੰਦੀ ਹੈ। ਸੀਆਰਪੀਸੀ ਤਹਿਤ ਜ਼ਮਾਨਤ ਮਨਜ਼ੂਰ ਕਰਨ ਲੱਗਿਆਂ ਕੁਝ ਵਿਸ਼ੇਸ਼ ਸ਼ਰਤਾਂ ਵੀ ਲਾਈਆਂ ਜਾ ਸਕਦੀਆਂ ਹਨ ਤਾਂ ਕਿ ਮੁਲਜ਼ਮ ਕਾਨੂੰਨ ਦੇ ਘੇਰੇ 'ਚ ਰਹੇ ਤੇ ਨਿਆਂਇਕ ਪ੍ਰਕਿਰਿਆ ਦੀ ਰਾਖੀ ਵੀ ਯਕੀਨੀ ਬਣ ਸਕੇ।

ਸਮੇਂ ਨਾਲ ਭਾਰਤੀ ਨਿਆਂਪਾਲਿਕਾ ਨੇ ਕੁਝ ਵਿਸ਼ੇਸ਼ ਨਿਯਮ ਬਣਾਏ ਹਨ ਜੋ ਜ਼ਮਾਨਤ ਮਨਜ਼ੂਰ ਕਰਦਿਆਂ ਜੱਜਾਂ ਦੇ ਫ਼ੈਸਲਿਆਂ ਦਾ ਆਧਾਰ ਬਣਦੇ ਹਨ। ਜੱਜ ਜਦੋਂ ਗ਼ੈਰ-ਜ਼ਮਾਨਤੀ ਅਪਰਾਧਾਂ ਲਈ ਜ਼ਮਾਨਤ ਦੇਣ ਬਾਰੇ ਫ਼ੈਸਲਾ ਕਰਦੇ ਹਨ ਤਾਂ ਕਈ ਪੱਖਾਂ 'ਤੇ ਗ਼ੌਰ ਕਰਦੇ ਹਨ ਜਿਨ੍ਹਾਂ ਵਿੱਚ ਅਪਰਾਧ ਦੀ ਗੰਭੀਰਤਾ, ਸਬੂਤਾਂ ਦੀ ਕਿਸਮ ਅਤੇ ਮੁਲਜ਼ਮ ਵੱਲੋਂ ਸਬੂਤਾਂ ਨਾਲ ਛੇੜਛਾੜ ਜਾਂ ਫ਼ਰਾਰ ਹੋਣ ਦਾ ਸੰਭਾਵੀ ਜੋਖ਼ਮ ਸ਼ਾਮਿਲ ਹਨ। ਜ਼ਮਾਨਤ ਮਨਜ਼ੂਰ ਕਰਨ ਲੱਗਿਆਂ ਅਜਿਹੇ ਨਿਆਂਇਕ ਫ਼ੈਸਲਿਆਂ 'ਚ ਮੁਲਜ਼ਮ ਦੇ ਹੱਕਾਂ ਅਤੇ ਦੋਸ਼ਾਂ ਦੀ ਕਿਸਮ ਵਿਚਾਲੇ ਤਵਾਜ਼ਨ ਬਿਠਾਉਣ ਦੀ ਲੋੜ ਪੈਂਦੀ ਹੈ। ਜ਼ਮਾਨਤ ਦੇ ਪੜਾਅ 'ਤੇ ਭਾਵੇਂ ਸਬੂਤਾਂ ਦੇ ਵਿਸਥਾਰ 'ਚ ਨਿਰੀਖਣ ਦੀ ਲੋੜ ਨਹੀਂ ਹੁੰਦੀ ਪਰ ਜੱਜ ਨੂੰ ਜ਼ਮਾਨਤ ਵਾਜਿਬ ਠਹਿਰਾਉਣ ਲਈ ਕਾਰਨ ਦੱਸਣੇ ਪੈਂਦੇ ਹਨ; ਵਿਸ਼ੇਸ਼ ਤੌਰ 'ਤੇ ਜਦੋਂ ਮਾਮਲਾ ਗੰਭੀਰ ਅਪਰਾਧਾਂ ਨਾਲ ਜੁੜਿਆ ਹੋਵੇ। ਇਹ ਤਰਕ ਇਹ ਯਕੀਨੀ ਬਣਾਉਣ ਲਈ ਅਹਿਮ ਹੈ ਕਿ ਫ਼ੈਸਲਾ ਸਤਹੀ ਮੁਲੰਕਣ ਦੀ ਬਜਾਇ ਢੁਕਵੇਂ ਸੋਚ-ਵਿਚਾਰ ਤੋਂ ਬਾਅਦ ਕੀਤਾ ਗਿਆ ਹੈ। ਇਸ ਤੋਂ ਇਲਾਵਾ ਜ਼ਮਾਨਤ ਤੋਂ ਇਨਕਾਰ ਨੂੰ ਦੋਸ਼ੀ ਠਹਿਰਾਏ ਜਾਣ ਤੋਂ ਪਹਿਲਾਂ ਸਜ਼ਾ ਦੇਣ ਦਾ ਮਾਧਿਅਮ ਨਹੀਂ ਬਣਨ ਦੇਣਾ ਚਾਹੀਦਾ ਤਾਂ ਕਿ ਬੇਗੁਨਾਹੀ ਦੀ ਸੰਭਾਵਨਾ ਦੇ ਸਿਧਾਂਤ ਦਾ ਸਤਿਕਾਰ ਬਣਿਆ ਰਹੇ।

ਸੰਜੇ ਚੰਦਰਾ ਬਨਾਮ ਸੀਬੀਆਈ (2012) ਕੇਸ ਵਿਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਜ਼ਮਾਨਤ ਦਾ ਉਦੇਸ਼ ਨਾ ਤਾਂ ਦੰਡ ਦੇਣਾ ਹੈ ਤੇ ਨਾ ਹੀ ਬਚਾਉਣਾ; ਇਸ ਦਾ ਮੰਤਵ ਮਹਿਜ਼ ਮੁਲਜ਼ਮ ਨੂੰ ਮੁਨਾਸਿਬ ਸਮੇਂ ਲਈ ਰਿਹਾਅ ਕਰ ਕੇ ਮੁਕੱਦਮੇ 'ਤੇ ਉਸ ਦੀ ਮੌਜੂਦਗੀ ਯਕੀਨੀ ਬਣਾਉਣਾ ਹੈ। ਇਸ ਤੋਂ ਇਲਾਵਾ ਜ਼ਮਾਨਤ ਨਾ-ਮਨਜ਼ੂਰ ਹੋਣ ਨਾਲ ਨਿਰਪੱਖ ਸੁਣਵਾਈ ਦੇ ਮੁਲਜ਼ਮ ਦੇ ਅਧਿਕਾਰ ਉੱਤੇ ਗਹਿਰਾ ਅਸਰ ਪੈਂਦਾ ਹੈ ਕਿਉਂਕਿ ਸੀਮਤ ਜਿਹੇ ਮਾਹੌਲ 'ਚ ਵਕੀਲ ਨਾਲ ਬਚਾਅ ਦੀ ਰਣਨੀਤੀ ਘੜਨੀ ਉਸ ਲਈ ਔਖੀ ਹੋ ਸਕਦੀ ਹੈ।

ਆਖ਼ਰਕਾਰ, ਅਦਾਲਤੀ ਫ਼ੈਸਲਿਆਂ 'ਚ ਕਈ ਵਾਰ ਜ਼ੋਰ ਦੇ ਕੇ ਕਿਹਾ ਗਿਆ ਹੈ ਕਿ ਜ਼ਮਾਨਤ ਨਾਲ ਜੁੜੇ ਫ਼ੈਸਲੇ ਹਰ ਕੇਸ ਦੀ ਮੈਰਿਟ 'ਤੇ ਅਧਾਰਿਤ ਹੁੰਦੇ ਹਨ ਤੇ ਜ਼ਮਾਨਤ ਦੇਣ ਲੱਗਿਆਂ ਸਾਰੇ ਮਾਮਲਿਆਂ ਲਈ ਇੱਕੋ ਪਹੁੰਚ ਨਹੀਂ ਅਪਣਾਈ ਜਾ ਸਕਦੀ।

ਕੋਈ ਸਮਾਂ ਸੀ ਜਦੋਂ ਸੁਪਰੀਮ ਕੋਰਟ ਨੇ 'ਬੇਲ ਨਾ ਕਿ ਜੇਲ੍ਹ' ਦੀ ਉਦਾਰ ਪਹੁੰਚ ਅਪਣਾਈ ਸੀ ਤੇ ਬੇਗੁਨਾਹੀ ਦੀ ਸੰਭਾਵਨਾ ਦੇ ਹੱਕ 'ਚ ਫ਼ੈਸਲੇ ਦਿੱਤੇ ਸਨ ਪਰ ਨਾਲ ਹੀ ਮੁਲਜ਼ਮਾਂ ਨੂੰ ਜੇਲ੍ਹ 'ਚ ਰੱਖ ਕੇ ਸਮਾਜ ਦੀ ਰਾਖੀ ਦੀ ਅਹਿਮੀਅਤ ਨੂੰ ਵੀ ਧਿਆਨ 'ਚ ਰੱਖਿਆ ਸੀ; ਹਾਲਾਂਕਿ ਲੰਘੇ ਦਹਾਕਿਆਂ 'ਚ ਭਾਰਤ ਵਿੱਚ ਜ਼ਮਾਨਤ ਦੀ ਨਿਆਂਇਕ ਪਹੁੰਚ ਨੇ ਜ਼ਿਕਰਯੋਗ ਤਬਦੀਲੀ ਦੇਖੀ ਹੈ ਜਿਸ ਦੀ ਮਿਸਾਲ ਕਈ ਅਹਿਮ ਕੇਸਾਂ 'ਚ ਸੁਣਾਏ ਫ਼ੈਸਲਿਆਂ ਵਿਚਲੇ ਫ਼ਰਕ ਹਨ। ਪੱਪੂ ਯਾਦਵ ਬਨਾਮ ਸੀਬੀਆਈ (2007) ਜਿਸ 'ਚ ਵੱਡਾ ਸਿਆਸੀ ਆਗੂ ਹੱਤਿਆ ਦਾ ਮੁਲਜ਼ਮ ਸੀ, ਦੇ ਕੇਸ 'ਚ ਸਿਖਰਲੀ ਅਦਾਲਤ ਨੇ ਨਿੱਜੀ ਆਜ਼ਾਦੀ ਨਾਲੋਂ ਸਮਾਜਿਕ ਹਿੱਤਾਂ ਨੂੰ ਤਰਜੀਹ ਦਿੱਤੀ। ਸੁਪਰੀਮ ਕੋਰਟ ਨੇ ਇਸ ਮਾਮਲੇ ਵਿਚ ਬਿਨਾਂ ਸਜ਼ਾ ਲੰਮੀ ਹਿਰਾਸਤ ਨਾਲੋਂ ਗੰਭੀਰ ਇਲਜ਼ਾਮਾਂ ਨੂੰ ਵੱਧ ਤਵੱਜੋ ਦਿੱਤੀ।

ਇਹ ਰੁਖ਼ ਕਿਤੇ-ਨਾ-ਕਿਤੇ ਬੇਗੁਨਾਹੀ ਦੀ ਸੰਭਾਵਨਾ ਦੇ ਸਿਧਾਂਤ ਤੋਂ ਉਲਟ ਸੀ ਜਿਸ ਦਾ ਝੁਕਾਅ ਮੁਕੱਦਮੇ ਤੋਂ ਪਹਿਲਾਂ ਹਿਰਾਸਤ 'ਚ ਰੱਖਣ ਉੱਤੇ ਸੀ ਜੋ ਲਗਭਗ ਸਜ਼ਾ ਦੇਣ ਵਰਗਾ ਸੀ; ਬਾਵਜੂਦ ਇਸ ਦੇ ਕਿ ਇਸ ਮਾਮਲੇ 'ਚ ਮੁਲਜ਼ਮ ਵੱਲੋਂ ਗਵਾਹਾਂ ਨੂੰ ਪ੍ਰਭਾਵਿਤ ਕਰਨ ਜਾਂ ਸਬੂਤਾਂ ਨਾਲ ਛੇੜਛਾੜ ਦਾ ਕੋਈ ਸਿੱਧਾ ਸਬੂਤ ਮੌਜੂਦ ਨਹੀਂ ਸੀ। ਇਸ ਤੋਂ ਉਲਟ 2ਜੀ ਘੁਟਾਲਾ ਕੇਸ – ਸੰਜੇ ਚੰਦਰਾ ਬਨਾਮ ਸੀਬੀਆਈ (2012) – ਨੇ ਮੁੜ ਨਿਆਂਪਾਲਿਕਾ ਨੂੰ 'ਜੇਲ੍ਹ ਨਾ ਕਿ ਬੇਲ' ਦੇ ਸਿਧਾਂਤ ਵੱਲ ਮੋੜਾ ਕੱਟਦਿਆਂ ਦੇਖਿਆ ਜਿੱਥੇ ਸੁਪਰੀਮ ਕੋਰਟ ਨੇ ਦਿੱਲੀ ਹਾਈਕੋਰਟ ਦਾ ਫ਼ੈਸਲਾ ਪਲਟਾ ਦਿੱਤਾ। ਹਾਈਕੋਰਟ ਨੇ ਆਪਣੇ ਫ਼ੈਸਲੇ 'ਚ ਜ਼ਮਾਨਤ ਨਾ-ਮਨਜ਼ੂਰ ਕਰਦਿਆਂ ਆਰਥਿਕ ਅਪਰਾਧਾਂ ਦੀ ਗੰਭੀਰਤਾ ਦਾ ਹਵਾਲਾ ਦਿੱਤਾ ਸੀ।

ਵਿਸ਼ੇਸ਼ ਕਾਨੂੰਨਾਂ ਤਹਿਤ ਆਉਂਦੇ ਆਰਥਿਕ ਜੁਰਮਾਂ ਦੇ ਮਾਮਲਿਆਂ 'ਚ ਨਿਆਂਪਾਲਿਕਾ ਨੇ ਸਾਧਾਰਨ ਅਪਰਾਧਾਂ ਦੀ ਤੁਲਨਾ 'ਚ ਅਜਿਹੇ ਅਪਰਾਧਾਂ ਦੀ ਵਿਲੱਖਣਤਾ ਤੇ ਲੰਮੇ ਸਮੇਂ ਤੱਕ ਪੈਣ ਵਾਲੇ ਅਸਰਾਂ ਨੂੰ ਪਛਾਣਦਿਆਂ ਜ਼ਮਾਨਤ ਦੇਣ ਲਈ ਵੱਖਰੇ ਮਿਆਰ ਬਣਾ ਲਏ ਹਨ। ਆਰਥਿਕ ਅਪਰਾਧਾਂ ਜਿਵੇਂ ਮਨੀ ਲਾਂਡਰਿੰਗ ਵਰਗੇ ਕੇਸਾਂ ਨੂੰ ਇਸ ਲਈ ਨਿਰੰਤਰ ਅਪਰਾਧ ਮੰਨਿਆ ਜਾਂਦਾ ਹੈ ਕਿਉਂਕਿ ਇਨ੍ਹਾਂ ਦੀ ਕਿਰਿਆ ਕਲਪ ਲੰਮੇ ਅਰਸੇ ਤੱਕ ਰਹੇ ਹੁੰਦੇ ਹਨ। ਸੁਪਰੀਮ ਕੋਰਟ ਨੇ ਬਿਹਾਰ ਬਨਾਮ ਦਿਓਕਰਨ ਨੈਂਸੀ (1973) ਕੇਸ 'ਚ ਇਸ ਧਾਰਨਾ 'ਤੇ ਚਾਨਣਾ ਪਾਉਂਦਿਆਂ ਅਜਿਹੇ ਅਪਰਾਧਾਂ ਦਾ ਅੰਤ ਤੈਅ ਕਰਨ 'ਚ ਆਉਂਦੀਆਂ ਚੁਣੌਤੀਆਂ ਉਭਾਰੀਆਂ। ਇੱਥੇ ਮਾਮਲਾ ਪੇਚੀਦਾ ਹੋ ਜਾਂਦਾ ਹੈ ਕਿਉਂਕਿ ਅਪਰਾਧ ਤੋਂ ਮਿਲੇ ਲਾਭ ਨੂੰ ਅਣਮਿੱਥੇ ਸਮੇਂ ਤੱਕ ਵਰਤਿਆ ਜਾ ਸਕਦਾ ਹੈ ਜਿਸ ਤੋਂ ਇਹ ਪਤਾ ਲਾਉਣਾ ਮੁਸ਼ਕਲ ਹੋ ਜਾਂਦਾ ਹੈ ਕਿ ਅਪਰਾਧਕ ਗਤੀਵਿਧੀ ਕਦੋਂ ਮੁੱਕੀ। ਵਾਈਐੱਸ ਜਗਨ ਮੋਹਨ ਰੈੱਡੀ ਬਨਾਮ ਸੀਬੀਆਈ (2013) ਕੇਸ 'ਚ ਸੁਪਰੀਮ ਕੋਰਟ ਨੇ ਦੁਹਰਾਇਆ ਕਿ ਆਰਥਿਕ ਅਪਰਾਧਾਂ ਨੂੰ ਸਮਾਜ ਤੇ ਦੇਸ਼ ਦੀ ਵਿੱਤੀ ਸਥਿਰਤਾ 'ਤੇ ਇਨ੍ਹਾਂ ਦੇ ਵਿਆਪਕ ਅਸਰਾਂ ਕਰ ਕੇ ਅਪਰਾਧ ਦੀ ਵੱਖਰੀ ਸ਼੍ਰੇਣੀ ਵਜੋਂ ਲਿਆ ਜਾ ਰਿਹਾ ਹੈ।

ਅਜਿਹੇ ਅਪਰਾਧਾਂ ਲਈ ਜ਼ਮਾਨਤ 'ਤੇ ਵਿਚਾਰ ਕਰਨ ਦਾ ਇਕ ਹੋਰ ਅਹਿਮ ਪੱਖ ਰਿਹਾਈ ਦੀਆਂ 'ਜੌੜੀਆਂ ਸ਼ਰਤਾਂ' ਜੋ ਮਨੀ ਲਾਂਡਰਿੰਗ ਰੋਕਥਾਮ ਕਾਨੂੰਨ (ਪੀ ਐੱਮ ਐੱਲ ਏ)-2002 ਵਿਚ ਮੌਜੂਦ ਹਨ। ਇਹ ਸ਼ਰਤਾਂ ਸਰਕਾਰੀ ਧਿਰ ਨੂੰ ਜ਼ਮਾਨਤ ਦਾ ਵਿਰੋਧ ਕਰਨ ਦਾ ਮੌਕਾ ਦਿੰਦੀਆਂ ਹਨ ਤੇ ਜੇ ਉਹ ਵਿਰੋਧ ਕਰਦੀ ਹੈ ਤਾਂ ਅਦਾਲਤ ਦੀ ਢੁਕਵੇਂ ਆਧਾਰ 'ਤੇ ਤਸੱਲੀ ਕਰਾਉਣ ਦੀ ਲੋੜ ਪਏਗੀ ਕਿ ਮੁਲਜ਼ਮ ਕਸੂਰਵਾਰ ਨਹੀਂ, ਜ਼ਮਾਨਤ 'ਤੇ ਹੁੰਦਿਆਂ ਉਹ ਹੋਰ ਅਪਰਾਧ ਨਹੀਂ ਕਰੇਗਾ।

ਅਜਿਹੀ ਪਹੁੰਚ ਤੋਂ ਜ਼ਾਹਿਰ ਹੁੰਦਾ ਹੈ ਕਿ ਆਰਥਿਕ ਅਪਰਾਧਾਂ 'ਚ ਜ਼ਮਾਨਤ ਲਈ ਮਾਪਦੰਡ ਕਿੰਨੇ ਉੱਚੇ ਰੱਖੇ ਹਨ। ਇਸ ਨਾਲ ਮੁਲਜ਼ਮ ਦੇ ਸੰਭਾਵੀ ਕਸੂਰ ਅਤੇ ਚੱਲ ਰਹੀ ਅਪਰਾਧਕ ਗਤੀਵਿਧੀ ਦੇ ਖ਼ਤਰਿਆਂ ਬਾਬਤ ਸਖ਼ਤੀ ਨਾਲ ਪੜਤਾਲ ਯਕੀਨੀ ਬਣਦੀ ਹੈ। ਇਸ ਤੋਂ ਵੱਖ, ਅਜਿਹੇ ਅਪਰਾਧਾਂ ਵਿਚ ਜ਼ਮਾਨਤ ਦੀਆਂ ਪ੍ਰਕਿਰਿਆਵਾਂ ਵੱਖ-ਵੱਖ ਵਿਸ਼ੇਸ਼ ਕਾਨੂੰਨਾਂ 'ਚ ਦਰਜ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚ ਨਾਰਕੋਟਿਕ ਡਰੱਗਜ਼ ਐਂਡ ਸਾਇਕੋਟਰੋਪਿਕ ਸਬਸਟੈਂਸ ਐਕਟ-1985 (ਐੱਨਡੀਪੀਐੱਸ) ਤੇ ਗ਼ੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ-1967 ਸ਼ਾਮਿਲ ਹਨ। ਇਹ ਕਾਨੂੰਨ ਅਦਾਲਤਾਂ 'ਤੇ ਵਾਧੂ ਜ਼ਿੰਮਾ ਪਾਉਂਦੇ ਹਨ ਤੇ ਆਰਥਿਕ ਅਪਰਾਧਾਂ ਅਤੇ ਉਨ੍ਹਾਂ ਦੇ ਗੰਭੀਰ ਸਮਾਜਿਕ ਤੇ ਵਿੱਤੀ ਅਸਰਾਂ 'ਤੇ ਗ਼ੌਰ ਕਰਦੇ ਹਨ। ਆਰਥਿਕ ਅਪਰਾਧ ਦੇ ਇੱਕ ਕੇਸ ਵਿਚ ਜ਼ਮਾਨਤ ਲਈ ਨਿਆਂਪਾਲਿਕਾ ਦੇ ਸਖ਼ਤ ਮਿਆਰਾਂ ਵਿਚੋਂ ਅਜਿਹੇ ਅਪਰਾਧਾਂ ਦੇ ਮਾੜੇ ਅਸਰਾਂ ਤੋਂ ਜਮਹੂਰੀ ਢਾਂਚੇ ਤੇ ਕੌਮੀ ਸੁਰੱਖਿਆ ਨੂੰ ਬਚਾਉਣ ਦੀ ਗਹਿਰੀ ਚਿੰਤਾ ਝਲਕਦੀ ਹੈ।

ਭਾਰਤ ਵਿਚ ਜ਼ਮਾਨਤ ਬਾਰੇ ਨਿਆਂਇਕ ਪਹੁੰਚ ਬਦਲੀ ਹੈ, ਉਦਾਰਵਾਦੀ 'ਜੇਲ੍ਹ ਨਹੀਂ ਬੇਲ' ਦੇ ਫਲਸਫ਼ੇ ਤੋਂ ਬਿਲਕੁਲ ਉਲਟ ਸਮਾਜੀ ਹਿੱਤਾਂ ਅਤੇ ਅਪਰਾਧ ਦੀ ਗੰਭੀਰਤਾ ਦਾ ਵੱਧ ਸੂਖ਼ਮ ਵਿਸ਼ਲੇਸ਼ਣ ਕਰਨਾ, ਇਸ ਤਬਦੀਲੀ ਦੀ ਤਸਦੀਕ ਕਰਦਾ ਹੈ; ਹਾਲਾਂਕਿ ਆਰਥਿਕ ਅਪਰਾਧਾਂ ਦੇ ਪ੍ਰਸੰਗ ਵਿਚ ਸਖ਼ਤ ਮਿਆਰ ਲਾਗੂ ਕਰਨਾ ਕਈ ਚਿੰਤਾਵਾਂ ਨੂੰ ਜਨਮ ਦਿੰਦਾ ਹੈ। ਇਸ ਗੱਲ ਦੀ ਸੰਭਾਵਨਾ ਕਿ ਜ਼ਮਾਨਤ ਦੀਆਂ ਸਖ਼ਤ ਸ਼ਰਤਾਂ ਮਾੜੀਆਂ ਵੀ ਸਿੱਧ ਹੋ ਸਕਦੀਆਂ ਹਨ ਅਤੇ ਸਮਾਜ ਦੀ ਰਾਖੀ ਦੇ ਅਸਲ ਮੰਤਵਾਂ ਤੋਂ ਭਟਕ ਕੇ ਕਿਸੇ ਦੀ ਵਿਅਕਤੀਗਤ ਆਜ਼ਾਦੀ ਦਾ ਘਾਣ ਕਰ ਸਕਦੀਆਂ ਹਨ, ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਪੀਐੱਮਐੱਲਏ ਵਰਗੇ ਕਾਨੂੰਨਾਂ ਵਿਚ 'ਜੌੜੀਆਂ ਸ਼ਰਤਾਂ' ਸ਼ਾਮਿਲ ਕਰਨ ਦਾ ਮਕਸਦ ਅਜਿਹੇ ਅਪਰਾਧਾਂ ਦੇ ਨੁਕਸਾਨਦੇਹ ਅਸਰ ਘਟਾਉਣ ਦੀ ਕੋਸ਼ਿਸ਼ ਹੈ। ਫਿਰ ਵੀ ਇਹ ਸੰਤੁਲਨ ਬਣਾਉਣ ਦੀ ਚੁਣੌਤੀ ਬਣੀ ਰਹੇਗੀ ਕਿ ਨਾ ਤਾਂ ਵਿਅਕਤੀਗਤ ਆਜ਼ਾਦੀ ਦੇ ਬੁਨਿਆਦੀ ਅਧਿਕਾਰ ਨਾਲ ਸਮਝੌਤਾ ਹੋਵੇ, ਨਾ ਆਰਥਿਕ ਅਪਰਾਧਾਂ ਤੋਂ ਸਮਾਜ ਲਈ ਬਣੇ ਖ਼ਤਰਿਆਂ ਤੋਂ ਧਿਆਨ ਭਟਕੇ। ਇਹ ਤਵਾਜ਼ਨ ਨਾ ਸਿਰਫ਼ ਇਨਸਾਫ਼ ਤੇ ਖ਼ੁਦਮੁਖ਼ਤਾਰੀ ਦੇ ਆਦਰਸ਼ਾਂ ਨੂੰ ਕਾਇਮ ਰੱਖਣ ਲਈ ਜ਼ਰੂਰੀ ਹੈ ਬਲਕਿ ਨਿਆਂਇਕ ਪ੍ਰਕਿਰਿਆ ਵਿਚ ਲੋਕਾਂ ਦਾ ਭਰੋਸਾ ਬਣਾਈ ਰੱਖਣ ਲਈ ਵੀ ਲਾਜ਼ਮੀ ਹੈ।

# ਸਿਆਸਤ ਦਾ ਅਪਰਾਧੀਕਰਨ ਅਤੇ ਨਿਆਂਪਾਲਿਕਾ ਦੀ ਭੂਮਿਕਾ

**ਜਗਦੀਪ ਐੱਸ ਛੋਕਰ**

ਭਾਰਤ ਵਿਚ ਦਹਾਕਿਆਂ ਤੋਂ ਸਿਆਸਤ ਦੇ ਅਪਰਾਧੀਕਰਨ ਦੀ ਅਲਾਮਤ ਚਲੀ ਆ ਰਹੀ ਹੈ। ਇਸ ਸਬੰਧ ਵਿਚ ਐੱਨਐੱਨ ਵੋਹਰਾ ਕਮੇਟੀ ਨੇ ਅਕਤੂਬਰ 1993 ਵਿਚ ਆਪਣੀ ਰਿਪੋਰਟ ਪੇਸ਼ ਕਰਦਿਆਂ ਆਖਿਆ ਸੀ- "ਸੂਹੀਆ, ਜਾਂਚ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਸਾਡੀਆਂ ਵੱਖੋ-ਵੱਖਰੀਆਂ ਏਜੰਸੀਆਂ ਦੇ ਵਿਆਪਕ ਤਜਰਬੇ ਦੇ ਆਧਾਰ 'ਤੇ ਇਹ ਜ਼ਾਹਿਰ ਹੁੰਦਾ ਹੈ ਕਿ ਅਪਰਾਧ ਸਿੰਡੀਕੇਟ ਅਤੇ ਮਾਫੀਆ ਸੰਗਠਨਾਂ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਅੰਦਰ ਆਪਣੇ ਪੈਰ ਜਮਾ ਲਏ ਹਨ। ਇਨ੍ਹਾਂ ਅਪਰਾਧਿਕ ਗਰੋਹਾਂ ਨੇ ਕਾਫ਼ੀ ਜ਼ਿਆਦਾ ਧਨ-ਦੌਲਤ ਅਤੇ ਬਾਹੂ ਬਲ ਇਕੱਤਰ ਕਰ ਕੇ ਸਰਕਾਰੀ ਅਹਿਲਕਾਰਾਂ, ਸਿਆਸੀ ਆਗੂਆਂ ਆਦਿ ਨਾਲ ਸਬੰਧ ਵੀ ਕਾਇਮ ਕਰ ਲਏ ਹਨ ਜਿਸ ਕਰ ਕੇ ਉਹ ਮਨਮਰਜ਼ੀ ਨਾਲ ਕਾਰਵਾਈਆਂ ਕਰਨ ਦੇ ਯੋਗ ਹੋ ਗਏ ਹਨ (ਜਿਵੇਂ ਹਾਲ ਹੀ ਵਿਚ ਮੈਮਨ ਭਰਾਵਾਂ ਅਤੇ ਦਾਊਦ ਇਬਰਾਹੀਮ ਦੀਆਂ ਸਰਗਰਮੀਆਂ ਤੋਂ ਜ਼ਾਹਿਰ ਹੁੰਦਾ ਹੈ)।



ਇਸ ਪ੍ਰਸੰਗ ਵਿਚ 2024 ਦੀਆਂ ਲੋਕ ਸਭਾ ਚੋਣਾਂ ਦੇ ਪਹਿਲੇ ਗੇੜ ਲਈ ਚੋਣ ਮੈਦਾਨ ਵਿਚ ਨਿੱਤਰੇ ਉਮੀਦਵਾਰਾਂ ਬਾਬਤ ਹਾਲ ਹੀ ਵਿਚ ਜਾਰੀ ਕੀਤੀ ਜਾਣਕਾਰੀ ਨੂੰ ਬਾਰੀਕੀ ਨਾਲ ਵਾਚਣ ਦੀ ਲੋੜ ਹੈ। ਹੁਣ ਤੱਕ ਉਪਲਬਧ ਹੋਈ ਜਾਣਕਾਰੀ ਤੋਂ ਇਹ ਸਾਫ਼ ਨਜ਼ਰ ਆਉਂਦਾ ਹੈ ਕਿ ਜਿਨ੍ਹਾਂ 1618 ਉਮੀਦਵਾਰਾਂ ਦੇ ਹਲਫ਼ਨਾਮਿਆਂ ਦੀ ਘੋਖ ਪੜਤਾਲ ਕੀਤੀ ਗਈ ਹੈ, ਉਨ੍ਹਾਂ ਵਿੱਚੋਂ 252 (15.57 ਫ਼ੀਸਦ) ਨੇ ਖੁਲਾਸਾ ਕੀਤਾ ਹੈ ਕਿ ਉਨ੍ਹਾਂ ਖਿਲਾਫ਼ ਫ਼ੌਜਦਾਰੀ ਕੇਸ ਚੱਲ ਰਹੇ ਹਨ। ਇਨ੍ਹਾਂ ਵੇਰਵਿਆਂ ਨੂੰ ਤੁਲਨਾ ਲਈ ਦੋ ਢੰਗਾਂ ਨਾਲ ਘੋਖੇ ਜਾਣ ਦੀ ਲੋੜ ਹੈ। ਪਹਿਲਾ ਇਹ ਕਿ ਇਨ੍ਹਾਂ ਵੇਰਵਿਆਂ ਨੂੰ ਪਿਛਲੀਆਂ ਚੋਣਾਂ ਨਾਲ ਮਿਲਾ ਕੇ ਦੇਖਿਆ ਜਾਵੇ ਅਤੇ ਦੂਜਾ ਇਹ ਦੇਖਿਆ ਜਾਵੇ ਕਿ ਜੇ ਇਹ ਉਮੀਦਵਾਰ ਚੁਣੇ ਜਾਂਦੇ ਹਨ ਤਾਂ ਇਹ ਕਿਹੋ ਜਿਹੇ ਸੰਸਦ ਮੈਂਬਰ ਸਿੱਧ ਹੋਣਗੇ। 2004, 2009, 2014 ਅਤੇ 2019 ਵਾਲੀਆਂ ਲੋਕ ਸਭਾ ਚੋਣਾਂ ਵਿਚ ਅਪਰਾਧਿਕ ਕੇਸਾਂ ਵਾਲੇ ਉਮੀਦਵਾਰਾਂ ਦੀ ਫ਼ੀਸਦ 12 ਤੋਂ 19 ਫ਼ੀਸਦ ਬਣਦੀ ਸੀ। ਇਸ ਕੋਣ ਤੋਂ ਇਹ ਤੱਥ ਕਿ ਚਲੰਤ ਲੋਕ ਸਭਾ ਚੋਣਾਂ ਦੇ ਪਹਿਲੇ ਗੇੜ ਵਿਚ ਹੀ ਇਸ ਕਿਸਮ ਦੇ 15।57 ਫ਼ੀਸਦ ਉਮੀਦਵਾਰਾਂ ਦੇ ਚੋਣ ਮੈਦਾਨ ਵਿਚ ਨਿੱਤਰ ਚੁੱਕੇ ਹਨ ਤਾਂ ਪਤਾ ਲੱਗਦਾ ਹੈ ਕਿ ਇਹ ਰੁਝਾਨ ਜਿਉਂ ਦਾ ਤਿਉਂ ਚੱਲ ਰਿਹਾ ਹੈ।

ਇਹ ਅੰਕੜਾ 2014 ਵਿਚ 17 ਫ਼ੀਸਦ ਅਤੇ 2019 ਵਿਚ 19 ਫ਼ੀਸਦ ਦੇ ਨੇੜੇ-ਤੇੜੇ ਹੀ ਹੈ ਜਿਸ ਤੋਂ ਇਹ ਜਾਣਕਾਰੀ ਹਾਸਿਲ ਹੁੰਦੀ ਹੈ ਕਿ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰਾਂ ਦੀ ਸੰਖਿਆ ਵਿਚ ਕੋਈ ਗਿਣਨਯੋਗ ਕਮੀ ਨਹੀਂ ਆ ਰਹੀ। ਵੱਡੀ ਗੱਲ ਤਾਂ ਇਹ ਹੈ ਕਿ ਇਹ ਅਜੇ ਚੋਣਾਂ ਦਾ ਪਹਿਲਾ ਗੇੜ ਹੀ ਹੈ; ਬਾਕੀ ਦੇ ਗੇੜਾਂ ਤੋਂ ਬਾਅਦ ਕੁੱਲ ਮਿਲਾ ਕੇ ਇਹ ਫ਼ੀਸਦ ਕਾਫ਼ੀ ਉਪਰ ਜਾ ਸਕਦੀ ਹੈ।

ਦੂਜੀ ਤੁਲਨਾ ਅਪਰਾਧਿਕ ਕੇਸਾਂ ਦਾ ਸਾਹਮਣਾ ਕਰ ਰਹੇ ਉਮੀਦਵਾਰਾਂ ਦੇ ਸੰਸਦ ਮੈਂਬਰਾਂ ਦੇ ਚੁਣੇ ਜਾਣ ਨਾਲ ਹੈ। ਅਪਰਾਧਿਕ ਕੇਸਾਂ ਵਾਲੇ ਚੁਣੇ ਜਾਣ ਵਾਲੇ ਸੰਸਦ ਮੈਂਬਰਾਂ ਦੀ ਫ਼ੀਸਦ ਇਸ ਤਰ੍ਹਾਂ ਦੇ ਕੇਸਾਂ ਦਾ ਸਾਹਮਣਾ ਕਰ ਰਹੇ ਉਮੀਦਵਾਰਾਂ ਨਾਲੋਂ ਜ਼ਿਆਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਦਾਗੀ ਸੰਸਦ ਮੈਂਬਰਾਂ ਦੀ ਸੰਖਿਆ ਯਕੀਨਨ 15.57 ਫ਼ੀਸਦ ਨਾਲੋਂ ਜ਼ਿਆਦਾ ਹੈ। ਮੇਰਾ ਇਹ ਨਿਸ਼ਚਾ ਨਿਹਾਇਤ ਹੀ ਅੰਕੜਿਆਂ 'ਤੇ ਆਧਾਰਤ ਹੈ, ਤੇ ਯਕੀਨਨ ਮੈਨੂੰ ਇਹ ਉਮੀਦ ਨਹੀਂ ਹੈ ਕਿ ਅਪਰਾਧਿਕ ਕੇਸਾਂ ਵਾਲੇ ਸੰਸਦ ਮੈਂਬਰਾਂ ਦੀ ਸੰਖਿਆ 43 ਫ਼ੀਸਦ ਜਾਂ ਇਸ ਤੋਂ ਜ਼ਿਆਦਾ ਹੈ।

ਹੁਣ ਗੱਲ ਕਰਦੇ ਹਾਂ ਕਿ ਅਜਿਹਾ ਕਿਉਂ ਵਾਪਰਦਾ ਹੈ। ਇਸ ਲਈ ਵੱਖ-ਵੱਖ ਸਿਆਸੀ ਪਾਰਟੀਆਂ ਦਾ ਗ਼ੈਰ-ਜ਼ਿੰਮੇਵਾਰਾਨਾ ਵਿਹਾਰ ਕਸੂਰਵਾਰ ਹੈ। ਸਿਆਸੀ ਪਾਰਟੀਆਂ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰਾਂ ਨੂੰ ਇਸ ਬਿਨਾਅ 'ਤੇ ਟਿਕਟ ਦਿੰਦੀਆਂ ਹਨ ਕਿ ਉਹ ਚੁਣੇ ਜਾਣ ਦੇ ਯੋਗ ਉਮੀਦਵਾਰ ਹੁੰਦੇ ਹਨ; ਤੇ ਜਦੋਂ ਕੋਈ ਇਕ ਪਾਰਟੀ ਅਜਿਹਾ ਕਰਦੀ ਹੈ ਤਾਂ ਇਸ ਦੀ ਦੇਖਾ-ਦੇਖੀ ਦੂਜੀਆਂ ਵੀ ਇਸੇ ਰਾਹ ਚੱਲ ਪੈਂਦੀਆਂ ਹਨ। ਇਹ ਮਾਮਲਾ ਸੁਪਰੀਮ ਕੋਰਟ ਦੀ ਸੁਣਵਾਈ ਅਧੀਨ ਪਿਆ ਹੈ। ਕੁਝ ਕੇਸਾਂ ਵਿਚ ਅਦਾਲਤ ਨੇ

(ਬਾਕੀ ਅਗਲੇ ਸਫੇ 'ਤੇ)

# ਮੁਕੰਮਲ ਖ਼ੁਸ਼ੀ ਹਾਸਲ ਕਰਨ ਦਾ ਭਰਮ



ਅਵਿਜੀਤ ਪਾਠਕ

ਅਸੀਂ ਭਾਵੇਂ ਬੇਸ਼ੁਮਾਰ ਜੰਗਾਂ, ਫ਼ੌਜੀ ਸ਼ਾਸਨ, ਤਾਨਾਸ਼ਾਹੀ ਦੇ ਨਵੇਂ ਰੂਪਾਂ, ਵਧਦੀ ਆਰਥਿਕ ਨਾ-ਬਰਾਬਰੀ, ਜਲਵਾਯੂ ਤਬਦੀਲੀ ਤੇ ਸਮਾਜੀ ਮਾਨਸਿਕ ਵਿਕਾਰਾਂ ਵਾਲੀ ਅੰਨ੍ਹੀ ਹਿੰਸਾ ਦੀ ਸ਼ਿਕਾਰ ਦੁਨੀਆ ਵਿੱਚ ਰਹਿ ਰਹੇ ਹਾਂ, ਫਿਰ ਵੀ ਖ਼ੁਸ਼ੀ ਲਈ ਸਾਡੀ ਤਲਾਸ਼ ਦਾ ਕੋਈ ਅੰਤ ਨਜ਼ਰ ਨਹੀਂ ਆਉਂਦਾ। ਇਸ ਤੋਂ ਇਲਾਵਾ ਅਜੋਕੇ ਸਮਿਆਂ 'ਚ ਕਿਉਂਕਿ ਸਾਨੂੰ ਚੰਗਾ ਲੱਗਦਾ ਹੈ ਕਿ ਜੀਵਨ ਦਾ ਸਾਰਾ ਹਿਸਾਬ ਸਹੀ ਬੈਠੇ, ਖ਼ੁਸ਼ੀ ਵਰਗੇ ਬੇਹੱਦ ਗੁਣਾਤਮਕ ਤੇ ਅੰਤਰੀਵ ਭਾਵ ਦਾ ਵੀ ਅਸੀਂ ਮਾਪ-ਤੋਲ ਕਰਨ ਲੱਗ ਪਏ ਹਾਂ। ਹਰ ਸਾਲ ਸੰਯੁਕਤ ਰਾਸ਼ਟਰ ਦਾ ਟਿਕਾਊ ਵਿਕਾਸ ਬਾਰੇ ਨੈੱਟਵਰਕ ਵੱਖ-ਵੱਖ ਮੁਲਕਾਂ ਦੀ ਦਰਜਾਬੰਦੀ ਕਰਦਾ ਹੈ, ਇਨ੍ਹਾਂ ਨੂੰ 'ਖ਼ੁਸ਼ੀ ਸੂਚਕ ਅੰਕ' ਵਿੱਚ ਮਾਪਿਆ ਜਾਂਦਾ ਹੈ ਜਿਸ ਦਾ ਆਧਾਰ ਕੁੱਲ ਘਰੇਲੂ ਉਤਪਾਦ, ਜਿਊਣ ਦੀ ਸੰਭਾਵਨਾ, ਸਰਕਾਰ ਜਾਂ ਮੁਲਕ ਦੀ ਸਮਰੱਥਾ, ਸਮਾਜਿਕ ਸਹਾਇਤਾ ਜਾਂ ਕਹਿ ਲਈਏ, ਪਰਉਪਕਾਰੀ ਰਵੱਈਆ ਹੁੰਦਾ ਹੈ। ਫਿਨਲੈਂਡ ਜਿੱਥੇ ਇਸ ਸੂਚੀ ਵਿੱਚ ਚੋਟੀ 'ਤੇ 'ਸਭ ਤੋਂ ਵੱਧ ਖ਼ੁਸ਼ ਮੁਲਕ' ਬਣਿਆ ਹੋਇਆ ਹੈ, ਉੱਥੇ 'ਵਰਲਡ ਹੈਪੀਨੈੱਸ ਰਿਪੋਰਟ-2024' ਵਿਚ ਭਾਰਤ ਦਾ ਨੰਬਰ 143 ਮੁਲਕਾਂ ਵਿਚੋਂ 126ਵਾਂ ਹੈ।

ਮੈਂ ਸ਼ਾਇਦ ਇਸ ਰਿਪੋਰਟ ਦੀਆਂ ਵਿਸ਼ੇਸ਼ਤਾਵਾਂ ਨੂੰ ਪੂਰੀ ਤਰ੍ਹਾਂ ਖਾਰਜ ਤਾਂ ਨਹੀਂ ਕਰਾਂਗਾ; ਇਸ ਵਿੱਚ ਕੋਈ ਸ਼ੱਕ ਵੀ ਨਹੀਂ ਹੈ ਕਿ ਆਰਥਿਕ ਸਥਿਰਤਾ ਦਾ ਮੁਨਾਸਿਬ ਪੱਧਰ, ਸਮਾਜਿਕ ਭਲਾਈ ਦੀਆਂ ਸਰਕਾਰੀ ਸਕੀਮਾਂ, ਬਿਹਤਰ ਸਿਹਤ ਸਹੂਲਤਾਂ, ਕੰਮਕਾਜੀ ਸੰਤੁਸ਼ਟੀ, ਆਪਸੀ ਤਾਲਮੇਲ ਵਾਲੇ ਸਮਾਜ ਦੀ ਮੌਜੂਦਗੀ ਅਤੇ ਸਿਆਸੀ ਆਜ਼ਾਦੀ ਰੋਜ਼ਮੱਰਾ ਜ਼ਿੰਦਗੀ ਵਿੱਚ ਕੁਝ ਹੱਦ ਤੱਕ ਤਸੱਲੀ ਪੈਦਾ ਕਰਦੇ ਹਨ; ਹਾਲਾਂਕਿ ਇਹ ਸਵੀਕਾਰ ਕਰਨਾ ਵੀ ਓਨਾ ਹੀ ਜ਼ਰੂਰੀ ਹੈ ਕਿ ਖ਼ਾਲਸ ਖ਼ੁਸ਼ੀ ਵਰਗਾ ਕੁਝ ਨਹੀਂ ਹੈ ਕਿਉਂਕਿ ਆਨੰਦ ਤੇ ਤਸੱਲੀ ਵਾਲੇ ਸਾਡੇ ਸਭ ਤੋਂ ਬਿਹਤਰੀਨ ਪਲ ਕਿਸੇ ਨਾ ਕਿਸੇ ਕਿਸਮ ਦੀ ਬੇਚੈਨੀ ਵੀ ਨਾਲ ਲੈ ਕੇ ਆਉਂਦੇ ਹਨ। ਜਿਵੇਂ ਸਾਡੇ ਕੋਲ ਜੋ ਕੁਝ ਹੈ, ਉਸ ਨੂੰ ਗੁਆਉਣ ਦਾ ਡਰ ਰਹਿੰਦਾ ਹੈ, ਭਾਵੇਂ ਉਹ ਭੌਤਿਕ ਸੰਪਤੀ ਹੋਵੇ, ਸਰੀਰਕ ਜੀਵਨ ਸ਼ਕਤੀ ਜਾਂ ਸਨੇਹੀਆਂ ਦਾ ਸਾਥ। ਅਸੀਂ ਹਮੇਸ਼ਾ ਸੰਪੂਰਨ ਖ਼ੁਸ਼ੀ ਲੱਭਦੇ ਰਹਿੰਦੇ ਹਾਂ, ਫਿਰ ਵੀ ਇਹ ਸਾਡੇ ਹੱਥ ਨਹੀਂ ਆਉਂਦੀ।

ਸਾਡੇ ਸਮਿਆਂ ਵਿੱਚ ਵੱਡੀ ਗਿਣਤੀ ਲਾਈਫ ਕੋਚਾਂ, ਮੋਟੀਵੇਸ਼ਨਲ ਸਪੀਕਰਾਂ ਤੇ ਅਧਿਆਤਮਕ ਗੁਰੂਆਂ ਨੂੰ ਦੇਖ ਕੇ ਹੈਰਾਨੀ ਨਹੀਂ ਹੁੰਦੀ ਜੋ 'ਖ਼ੁਸ਼ੀ ਅਤੇ ਸਫ਼ਲਤਾ' ਲਈ ਵਾਰ-ਵਾਰ ਸਾਨੂੰ ਕੁਝ 'ਢੰਗ-ਤਰੀਕੇ' ਅਪਨਾਉਣ ਲਈ ਕਹਿੰਦੇ ਹਨ ਜਿਨ੍ਹਾਂ ਵਿਚ ਧਿਆਨ ਦਾ ਅਭਿਆਸ, ਸਾਹ ਲੈਣ ਨਾਲ ਜੁੜੇ ਅਭਿਆਸ, ਚੇਤਨ ਮਨ ਆਦਿ ਸ਼ਾਮਿਲ ਹਨ।

ਉਂਝ, ਇਹ ਜਾਣਨਾ ਜ਼ਰੂਰੀ ਹੈ ਕਿ ਖ਼ੁਸ਼ੀ 'ਸੈਲਫ ਹੈਲਪ' ਪੁਸਤਕਾਂ ਜਾਂ ਆਸ਼ਰਮ ਤੇ ਮੱਠਾਂ ਤੋਂ ਫੌਰੀ ਪ੍ਰਾਪਤ ਹੋਣ ਵਾਲਾ ਕੋਈ ਰੋਗ ਨਿਵਾਰਕ ਕੈਪਸੂਲ ਨਹੀਂ ਹੈ। ਅਸਲ ਵਿਚ ਜੇ ਅਸੀਂ ਸਚਮੁੱਚ ਹੀ ਨਿਮਰ ਭਾਵ ਵਿੱਚ ਭਿੱਜੇ ਸ਼ਾਂਤ ਤੇ ਸੰਤੁਸ਼ਟ ਸੰਸਾਰ ਨੂੰ ਲੋਚਦੇ ਹਾਂ ਤਾਂ ਸਾਨੂੰ ਸਵੈ ਤੇ ਸੰਸਾਰ ਜਾਂ ਰਾਜਸੀ ਤੇ ਅਧਿਆਤਮਕ ਦੁਨੀਆ ਵਿਚਾਲੇ ਪੁਲ ਉਸਾਰਨਾ ਪਏਗਾ; ਮਸਲਨ, ਉਸ ਸ਼ਖ਼ਸ ਨੂੰ 'ਸਚੇਤ ਮਨ' (ਅਤੀਤ ਦੇ ਮਾੜੇ ਤਜਰਬਿਆਂ ਜਾਂ ਭਵਿੱਖ ਦੀ ਬੇਚੈਨੀ ਬਿਨਾਂ ਵਰਤਮਾਨ 'ਚ ਰਹਿਣ ਦੀ ਸਮਰੱਥਾ) ਦਾ ਪਾਠ ਪੜ੍ਹਾਉਣਾ ਮੂਰਖਤਾ ਹੈ ਜੋ ਭੁੱਖ, ਕੁਪੋਸ਼ਣ ਦਾ ਭੰਨਿਆ ਅਤੇ ਬੇਘਰ ਹੋਵੇ; ਜਾਂ ਫਿਰ ਰੁਜ਼ਗਾਰ ਦੇਣ ਵਾਲਿਆਂ ਵੱਲੋਂ ਲਗਾਤਾਰ ਨਕਾਰੇ ਗਏ ਕਿਸੇ ਬੇਰੁਜ਼ਗਾਰ ਨੌਜਵਾਨ ਨੂੰ ਕੋਈ ਮਸ਼ਹੂਰ 'ਸੈਲਫ ਹੈਲਪ' ਕਿਤਾਬ ਪੜ੍ਹਨ ਲਈ ਕਹਿਣ ਬਾਰੇ ਸੋਚ ਕੇ ਦੇਖੋ। ਉਸ ਨੂੰ



ਜੇਕਰ ਤੁਸੀਂ ਅਜਿਹਾ ਕਰਨ ਤੇ ਚੰਗਾ ਅਤੇ ਸਕਾਰਾਤਮਕ ਸੋਚਣ ਲਈ ਕਹੋਗੇ ਤਾਂ ਇਹ ਇੱਕ ਤਰ੍ਹਾਂ ਦਾ ਮਾਨਸਿਕ ਤਸ਼ੱਦਦ ਹੋਵੇਗਾ। ਝੁੱਗੀ ਵਿੱਚ ਰਹਿਣ ਵਾਲੇ ਜਾਂ ਕਿਸੇ ਬੇਘਰੇ ਨੂੰ 'ਘੱਟੋ-ਘੱਟ ਨਾਲ ਗੁਜ਼ਾਰੇ' ਦਾ ਪਾਠ ਪੜ੍ਹਾਉਣਾ ਵੀ ਓਨਾ ਹੀ ਬੇਹੂਦਾ ਹੈ।

ਇਸ ਅੰਤਾਂ ਦੇ ਉੱਚੇ-ਨੀਵੇਂ ਤੇ ਬੇਰਹਿਮ ਸੰਸਾਰ ਦੀਆਂ ਰਾਜਸੀ ਤੇ ਆਰਥਿਕ ਨੀਹਾਂ ਨੂੰ ਬਦਲੇ ਬਿਨਾਂ ਅਸੀਂ ਤਸੱਲੀ ਦੇ ਲੋੜੀਂਦੇ ਪੱਧਰ ਵੱਲ ਨਹੀਂ ਵੱਧ ਸਕਦੇ। ਨਸਲਕੁਸ਼ੀ ਨੂੰ ਆਮ ਹੀ ਸਿੱਧ ਕਰ ਦੇਣ ਦੇ ਮਾਹੌਲ ਵਿਚਾਲੇ ਫ਼ਲਸਤੀਨੀ ਭਲਾ ਕਿਵੇਂ ਖ਼ੁਸ਼ ਰਹਿ ਸਕਦੇ ਹਨ।

ਇਸੇ ਤਰ੍ਹਾਂ ਜੇ ਰੁਜ਼ਗਾਰ ਰਿਪੋਰਟ-2024 ਦੱਸਦੀ ਹੈ ਕਿ ਭਾਰਤ ਦੇ 83 ਪ੍ਰਤੀਸ਼ਤ ਬੇਰੁਜ਼ਗਾਰ, ਨੌਜਵਾਨ ਵਰਗ ਨਾਲ ਸਬੰਧਿਤ ਹਨ ਜਾਂ ਜਿਵੇਂ ਖੋਜ ਪੱਤਰ 'ਦਿ ਰਾਈਜ਼ ਆਫ ਬਿਲੀਅਨੇਅਰ ਰਾਜ' ਵਿਚ ਖੁਲਾਸਾ ਹੋਇਆ ਹੈ ਕਿ ਭਾਰਤ ਦੇ ਉਪਰਲੇ ਇੱਕ ਪ੍ਰਤੀਸ਼ਤ ਲੋਕਾਂ ਕੋਲ 40 ਪ੍ਰਤੀਸ਼ਤ ਸੰਪਤੀ ਹੈ ਤਾਂ ਇਕ ਔਸਤ ਭਾਰਤੀ ਦੇ ਦਰਦ, ਡਰ, ਤਣਾਅ ਤੇ ਦੁੱਖ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ ਹੈ। ਸਾਡੇ ਕੋਲ ਭਾਵੇਂ ਮੁਕਤੀ ਦੇ ਵੱਖੋ-ਵੱਖਰੇ ਰਾਹ ਦਿਖਾਉਣ ਵਾਲੇ ਹਜ਼ਾਰਾਂ ਬਾਬੇ ਤੇ ਗੁਰੂ ਹਨ, ਫਿਰ ਵੀ ਕੌੜੀ ਸਚਾਈ ਇਹੀ ਹੈ ਕਿ ਸਾਡਾ ਮੁਲਕ ਨਾਖ਼ੁਸ਼ ਅਤੇ ਉਦਾਸ ਮੁਲਕ ਹੈ। ਸ਼ਾਇਦ ਸਾਡੇ ਸਮਾਜ ਦੀ ਸਿਆਸੀ/ਆਰਥਿਕ ਮੁੜ ਉਸਾਰੀ ਤੋਂ ਬਿਨਾਂ ਅਸੀਂ ਅਜਿਹਾ ਸਮਾਜਿਕ ਵਾਤਾਵਰਨ ਨਹੀਂ ਸਿਰਜ ਸਕਦੇ ਜੋ ਸੰਤੁਸ਼ਟ ਲੋਕਾਈ ਦੇ ਵਿਕਾਸ ਲਈ ਨਿਆਂ ਸੰਗਤ ਤਰੀਕੇ ਨਾਲ ਸਾਜ਼ਗਾਰ ਹੋਵੇ।

ਇੱਥੇ ਮੈਂ ਇਹ ਸੁਝਾਅ ਨਹੀਂ ਦੇ ਰਿਹਾ ਕਿ ਮੈਂ ਆਤਮ-ਵਿਸ਼ਲੇਸ਼ਣ ਦੀ ਅਹਿਮੀਅਤ ਜਾਂ ਅਰਥਪੂਰਨ, ਟਿਕਾਊ ਤੇ ਦਯਾ ਭਾਵ ਨਾਲ ਭਰਪੂਰ ਜੀਵਨ ਜਿਊਣ ਲਈ ਅੰਦਰੂਨੀ ਠਹਿਰਾਅ ਦੀ ਲੋੜ ਨੂੰ ਨਕਾਰਦਾ ਹਾਂ। ਆਰਥਿਕ ਸੁਰੱਖਿਆ ਤੇ ਰਾਜਨੀਤਕ ਆਜ਼ਾਦੀ ਦਾ ਢੁੱਕਵਾਂ ਪੱਧਰ ਸਾਡੀ ਰੋਜ਼ਮੱਰ੍ਹਾ ਜ਼ਿੰਦਗੀ ਨੂੰ ਕੁਝ ਹੱਦ ਤੱਕ ਸੁਖੀ ਬਣਾਉਂਦਾ ਹੈ। ਜੀਵਨ ਨੂੰ 'ਪਵਿੱਤਰ' ਕੀਤੇ ਬਿਨਾਂ ਵਧੇਰੇ ਅਰਥਪੂਰਨ ਤੇ ਸ਼ਾਂਤੀਪੂਰਨ ਅਹਿਸਾਸ (ਜ਼ਰੂਰੀ ਨਹੀਂ ਕਿ ਸੰਪੂਰਨ 'ਖ਼ੁਸ਼ੀ' ਦੀ ਸਥਿਤੀ) ਵੱਲ ਨਹੀਂ ਵਧਿਆ ਜਾ ਸਕਦਾ।

ਮਸਲਨ, ਇਹ ਧਾਰਮਿਕਤਾ ਜਾਂ ਪਵਿੱਤਰਤਾ ਜਿਊਣ ਦੀ ਅਜਿਹੀ ਕਲਾ ਵਿਕਸਿਤ ਕਰਨ ਬਾਰੇ ਹੈ ਜੋ ਖਪਤਵਾਦ ਤੋਂ ਦੂਰ ਹੋਵੇ। ਇਸ ਸਭ ਲਈ ਭੋਜਨ, ਵਸੇਬੇ, ਸਿੱਖਿਆ, ਰਾਜਨੀਤਕ ਆਜ਼ਾਦੀ ਤੇ ਕੰਮਕਾਰ ਜਿਹੀਆਂ ਬੁਨਿਆਦੀ ਲੋੜਾਂ ਨੂੰ ਬੇਕਾਬੂ ਲਾਲਚ ਦੇ ਵਾਇਰਸ ਤੋਂ ਵੱਖਰਾ ਕਰਨਾ ਪਏਗਾ- ਉਹ ਲਾਲਚ ਜਿਸ ਨੂੰ ਮੰਡੀ ਆਧਾਰਿਤ ਸਮਾਜ ਨੇ ਆਮ ਵਰਤਾਰਾ ਬਣਾ ਦਿੱਤਾ ਹੈ।

ਹਾਂ, ਅਜਿਹੇ ਸਮਾਜ ਵਿਚ ਖ਼ੁਸ਼ੀ ਲਈ ਕੋਈ ਥਾਂ ਨਹੀਂ ਹੈ ਜਿਹੜਾ ਬੇਲੋੜੀ ਖ਼ਪਤ ਦੇ ਸਿਧਾਂਤਾਂ ਨੂੰ ਤਰਜੀਹ ਦਿੰਦਾ ਹੈ ਜਾਂ ਨਿੱਤ ਨਵੇਂ ਆ ਰਹੇ ਉਤਪਾਦਾਂ ਲਈ ਲਲਚਾਉਂਦਾ ਹੈ ਅਤੇ ਨਵ-ਉਦਾਰਵਾਦੀ ਮੰਡੀ ਦੀਆਂ ਨਵੀਆਂ ਕਾਢਾਂ ਨੂੰ ਲਗਾਤਾਰ ਅਪਨਾਉਂਦਾ ਹੈ। ਇਹ ਤਾਂਘ, ਸਕੂਨ ਤੇ ਚੈਨ ਨੂੰ ਭੰਗ ਕਰਦੀ ਹੈ; ਤੇ ਉਲਟਾ ਈਰਖਾ, ਬੇਚੈਨੀ ਤੇ ਪੱਛੜਨ ਦਾ ਸਦੀਵੀ ਡਰ ਪੈਦਾ ਕਰਦੀ ਹੈ। ਇਸੇ ਤਰ੍ਹਾਂ ਖ਼ੁਦ 'ਚ ਨਾਤੇਦਾਰੀ ਦੀ ਕਲਾ ਵਿਕਸਿਤ ਕਰਨਾ ਵੀ ਓਨਾ ਹੀ ਜ਼ਰੂਰੀ ਹੈ; ਅਜਿਹਾ ਅਪਣਾਪਨ ਜੋ ਬਿਲਕੁਲ ਆਮ ਜਿਹੀਆਂ ਚੀਜ਼ਾਂ 'ਚ ਭਰਪੂਰ ਖ਼ੁਸ਼ੀ ਲੱਭ ਸਕੇ, ਜਿਵੇਂ ਕਿਸੇ ਗੁੱਝੇ ਮਕਸਦ ਬਿਨਾਂ ਕਿਸੇ ਦੋਸਤ ਨੂੰ ਮਿਲਣਾ ਜਾਂ ਕਿਸੇ ਪਹਾੜੀ ਇਲਾਕੇ ਦੀ ਸੈਰ ਕਰਨੀ ਤੇ ਅਨੰਤ ਦੀ ਝਲਕ ਦਾ ਆਨੰਦ ਮਾਨਣਾ। 'ਸਾਧਾਰਨ' ਹੋਣ ਦੀ ਇਹ ਕਲਾ ਜੋ ਕਲਾਤਮਕ ਵਾਧੇ ਨਾਲ ਵੀ ਭਰੀ ਹੋਈ ਹੈ, ਮਿਥਿਹਾਸਕ 'ਸਫਲਤਾ' ਹਾਸਲ ਕਰਨ ਦੀ ਮਾਨਸਿਕ ਬੇਚੈਨੀ ਜਾਂ 'ਸੰਪੂਰਨ ਤੇ ਖ਼ੁਸ਼ਹਾਲ ਜ਼ਿੰਦਗੀ' ਜਿਊਣ ਦੇ ਫਰੇਬ ਤੋਂ ਮੁਕਤੀ ਪ੍ਰਾਪਤ ਕਰਨ ਵਿੱਚ ਸਾਡੀ ਮਦਦ ਕਰਦੀ ਹੈ; ਇਸੇ ਫਰੇਬ ਰਾਹੀਂ ਭਰਮਾਊ 'ਕਲਚਰ ਇੰਡਸਟਰੀ' ਲਗਾਤਾਰ ਸਾਨੂੰ ਧੋਖੇ ਵਿਚ ਰੱਖ ਰਹੀ ਹੈ।

ਜੀਵਨ ਦੀ ਸ਼ੁੱਧਤਾ ਲਈ ਹੋਂਦ ਦੇ ਵਿਰਾਸਤੀ ਅਵਸਾਦ ਨੂੰ ਸਵੀਕਾਰਨ ਦੀ ਲੋੜ ਹੈ। ਇਹ ਇਵੇਂ ਮੰਨਣ ਵਾਂਗ ਹੈ ਕਿ ਸਾਰਾ ਕੁਝ ਸਾਡੇ ਕੰਟਰੋਲ ਵਿਚ ਨਹੀਂ ਹੈ। ਜਿਸ ਚੀਜ਼ ਨੂੰ ਵੀ ਅਸੀਂ ਫੜ ਕੇ ਰੱਖਣ ਦੀ ਕੋਸ਼ਿਸ਼ ਕਰਦੇ ਹਾਂ, ਉਹ ਕੱਚੀ ਤੇ ਅਸਥਾਈ ਹੈ। ਗੂੜ੍ਹ ਘਟਨਾਵਾਂ ਅਤੇ ਤ੍ਰਾਸਦੀਆਂ ਅਚਾਨਕ ਸਾਡੀ ਹੋਂਦ ਨੂੰ ਤੋੜ ਸਕਦੀਆਂ ਹਨ; ਤੇ ਕੋਈ ਵੀ ਮੌਤ ਦੇ ਸੱਚ ਤੋਂ ਬਚ ਨਹੀਂ ਸਕਦਾ, ਜੋ ਆਖ਼ਰ ਵਿੱਚ ਸਾਡੀ ਫੁੱਲੀ ਹੋਈ ਹਉਮੈ ਨੂੰ ਮਨਫ਼ੀ ਕਰੇਗੀ। ਸ਼ਾਇਦ ਇਹ ਅਹਿਸਾਸ, ਕੁੜੱਤਣ ਭਰਨ ਦੀ ਬਜਾਇ ਇਸ ਦੁਨਿਆਵੀ ਹੋਂਦ ਤੋਂ ਪਾਕ ਹੰਝੂਆਂ ਨਾਲ ਸਾਨੂੰ ਪਾਰ ਲੰਘਾਏਗਾ।

# ਸਿਆਸਤ ਦਾ ਅਪਰਾਧੀਕਰਨ ਅਤੇ ਨਿਆਂਪਾਲਿਕਾ ਦੀ ਭੂਮਿਕਾ

(ਸਫਾ 9 ਦੀ ਬਾਕੀ)

ਬਹੁਤ ਹੀ ਹਾਂਦਰੂ ਰੁਖ਼ ਅਪਣਾਇਆ ਹੈ ਤੇ ਆਖਿਆ ਕਿ ਜੇ ਕੋਈ ਪਾਰਟੀ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰ ਨੂੰ ਟਿਕਟ ਦਿੰਦੀ ਹੈ ਤਾਂ ਉਸ ਨੂੰ ਇਸ ਦੇ ਕਾਰਨ ਦੱਸਣੇ ਪੈਣਗੇ ਅਤੇ ਇਹ ਵੀ ਬਿਆਨ ਕਰਨਾ ਪਵੇਗਾ ਕਿ ਉਹ ਸਾਫ਼ ਸੁਥਰਾ ਉਮੀਦਵਾਰ ਲੱਭਣ ਵਿਚ ਕਾਮਯਾਬ ਕਿਉਂ ਨਹੀਂ ਹੋਈ। ਸਿਆਸੀ ਪਾਰਟੀਆਂ ਨੂੰ ਇਸ਼ਤਿਹਾਰ ਪ੍ਰਕਾਸ਼ਿਤ ਕਰ ਕੇ ਇਨ੍ਹਾਂ ਕਾਰਨਾਂ ਦਾ ਜਨਤਕ ਖੁਲਾਸਾ ਕਰਨਾ ਪਵੇਗਾ। ਪਾਰਟੀਆਂ ਨੇ ਇਨ੍ਹਾਂ ਆਦੇਸ਼ਾਂ ਦੀ ਪੂਰਤੀ ਲਈ ਮਹਿਜ਼ ਰਸਮ ਪੂਰਤੀ ਕੀਤੀ ਹੈ; ਇਸ ਫ਼ੈਸਲੇ ਦੀ ਭਾਵਨਾ ਨੂੰ ਪੂਰੀ ਤਰ੍ਹਾਂ ਅਣਡਿੱਠ ਕਰ ਦਿੱਤਾ ਗਿਆ ਹੈ।

ਜਨਤਕ ਹਿੱਤ ਨਾਲ ਜੁੜੇ ਲੋਕਾਂ ਨੂੰ ਇਕ ਵਾਰ ਫਿਰ ਸੁਪਰੀਮ ਕੋਰਟ ਦਾ ਰੁਖ਼ ਕਰਨਾ ਪਿਆ ਤੇ ਉਨ੍ਹਾਂ ਅਪੀਲ ਕੀਤੀ ਸੀ ਕਿ ਪਾਰਟੀਆਂ ਇਨ੍ਹਾਂ ਆਦੇਸ਼ਾਂ ਨੂੰ ਤਨਦੇਹੀ ਨਾਲ ਲਾਗੂ ਨਹੀਂ ਕਰ ਰਹੀਆਂ। ਅਦਾਲਤ ਨੇ ਇਸ ਕਾਨੂੰਨ ਦੀਆਂ ਮੱਦਾਂ ਦੀ ਪਾਲਣਾ ਨਾ ਕਰਨ ਬਦਲੇ ਕੁਝ ਪਾਰਟੀਆਂ ਨੂੰ ਭਾਰੀ ਜੁਰਮਾਨੇ ਵੀ ਕੀਤੇ। ਹਾਲਾਂਕਿ ਇਸ ਨਾਲ ਵੀ ਸਿਆਸੀ ਪਾਰਟੀਆਂ 'ਤੇ ਕੋਈ ਖ਼ਾਸ ਅਸਰ ਨਾ ਪਿਆ ਅਤੇ ਉਹ ਪਹਿਲਾਂ ਵਾਂਗ ਹੀ ਅਪਰਾਧਿਕ ਮਾਮਲਿਆਂ ਨਾਲ ਜੁੜੇ ਲੋਕਾਂ ਨੂੰ ਟਿਕਟਾਂ ਦਿੰਦੀਆਂ ਰਹੀਆਂ।

ਮੁਲਕ ਦੀ ਸੁਪਰੀਮ ਕੋਰਟ ਨੂੰ ਇਹ ਅਪੀਲਾਂ ਕੀਤੀਆਂ ਗਈਆਂ ਕਿ ਅਜਿਹੇ ਅਪਰਾਧਿਕ ਮਾਮਲਿਆਂ ਜਿਨ੍ਹਾਂ ਵਿਚ ਦੋ ਸਾਲ ਜਾਂ ਇਸ ਤੋਂ ਜ਼ਿਆਦਾ ਸਜ਼ਾ ਮਿਲ ਸਕਦੀ ਹੈ, ਜਿਨ੍ਹਾਂ ਲੋਕਾਂ ਖਿਲਾਫ਼ ਚੋਣਾਂ ਦੀ ਤਾਰੀਕ ਤੋਂ ਛੇ ਮਹੀਨੇ ਪਹਿਲਾਂ ਕੇਸ ਦਾਇਰ ਕੀਤੇ ਗਏ ਹੋਣ, ਤੇ ਜਿਨ੍ਹਾਂ ਖਿਲਾਫ਼ ਅਦਾਲਤ ਵਲੋਂ ਦੋਸ਼ ਪੱਤਰ ਦਾਖ਼ਲ ਕਰ ਲਏ ਗਏ ਹੋਣ, ਉਨ੍ਹਾਂ ਨੂੰ ਚੋਣ ਲੜਨ ਦੀ ਆਗਿਆ ਨਾ ਦਿੱਤੀ ਜਾਵੇ। ਉਂਝ, ਅਦਾਲਤ ਨੇ ਇਹ ਗੱਲ ਇਸ ਬਿਨਾਅ 'ਤੇ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਇਸ ਦਾ ਮਤਲਬ ਕਾਨੂੰਨ ਬਣਾਉਣਾ ਹੋਵੇਗਾ ਜੋ ਨਿਆਂਪਾਲਿਕਾ ਦਾ ਕੰਮ ਨਹੀਂ ਹੈ।

ਅਦਾਲਤ ਦੇ ਧਿਆਨ ਵਿਚ ਇਹ ਗੱਲ ਲਿਆਂਦੀ ਗਈ ਕਿ ਜਦੋਂ ਕਾਨੂੰਨ ਵਿਚ ਕੋਈ ਖੱਪਾ ਜਾਂ ਖਾਮੀ ਹੋਵੇ ਅਤੇ ਵਿਧਾਨਪਾਲਿਕਾ ਕੋਲ ਇਸ ਦੀ ਭਰਪਾਈ ਕਰਨ ਦਾ ਸਮਾਂ ਜਾਂ ਰੁਚੀ ਨਾ ਹੋਵੇ ਤਾਂ ਇਹ ਕੰਮ ਕਰਨਾ ਨਿਆਂਪਾਲਿਕਾ ਦਾ ਜ਼ਿੰਮਾ ਬਣ ਜਾਂਦਾ ਹੈ।

ਅਦਾਲਤ ਨੇ ਏਡੀਆਰ ਵਲੋਂ ਦਾਇਰ ਕੇਸਾਂ ਵਿਚ ਦੋ ਵਾਰ ਇਸ ਖੱਪੇ ਦੀ ਭਰਪਾਈ ਕੀਤੀ ਸੀ: ਇਕ ਵਾਰ 2002 ਵਿਚ ਅਤੇ ਦੂਜੀ ਵਾਰ ਹਾਲ ਹੀ ਵਿਚ ਮੁੱਖ ਚੋਣ ਕਮਿਸ਼ਨਰ ਤੇ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਦੇ ਕੇਸ ਵਿਚ। ਸਿਆਸਤ ਦੇ ਅਪਰਾਧੀਕਰਨ ਦੀ ਅਲਾਮਤ ਤੋਂ ਉਦੋਂ ਤੱਕ ਨਿਜਾਤ ਨਹੀਂ ਮਿਲੇਗੀ ਜਦੋਂ ਤੱਕ ਸੁਪਰੀਮ ਕੋਰਟ ਵਲੋਂ ਫ਼ੈਸਲਾ ਨਹੀਂ ਕੀਤਾ ਜਾਂਦਾ ਜਾਂ ਸਾਡੇ ਲੋਕਾਂ ਵਲੋਂ ਵਿਆਪਕ ਜਨਤਕ ਕਾਰਵਾਈ ਜ਼ਰੀਏ ਇਸ ਦੇ ਖ਼ਾਤਮੇ ਦਾ ਫੈਸਲਾ ਨਹੀਂ ਕੀਤਾ ਜਾਂਦਾ।

SINGH WORLD travel
Lycamobile Call the world for less
ria Money Transfer
AIRPORT DROP OFF AND PICKUP AVAILBLE
Money Transfer @ Special Rates
India and Pakistan!!!
Cell Phone Activation & Recharge Services
ਏਅਰਪੋਰਟ ਤੇ ਜਾਣ-ਆਉਣ ਲਈ ਗੱਡੀ ਦਾ ਵੀ ਪ੍ਰਬੰਧ ਹੈ
ਹੋਰ ਜਾਣਕਾਰੀ ਲਈ ਸੰਪਰਕ ਕਰੋ
SINGH WORLD TRAVEL
PH. 530-443-4865
Email: Info@singhworldtravel.com

1248 Franklin Ave. #A
Yuba City CA, 95991

# ਵਿਕਸਤ ਭਾਰਤ ਦੇ ਸੁਫ਼ਨੇ ਦੀ ਅਸਲੀਅਤ

ਕ੍ਰਿਸ਼ਨਾ ਰਾਜ

ਭਾਰਤ ਸਾਲ 2047 ਤੱਕ ਉਚ ਆਮਦਨ ਵਾਲਾ ਵਿਕਸਤ ਮੁਲਕ ਬਣਨ ਦੀ ਲੋਚਾ ਰੱਖਦਾ ਹੈ। ਇਸ ਵਿਆਪਕ ਦ੍ਰਿਸ਼ਟੀ ਯੋਜਨਾ ਦੇ ਅਨੁਰੂਪ, ਅਰਥਚਾਰੇ ਨੂੰ ਕੁੱਲ ਘਰੇਲੂ ਪੈਦਾਵਾਰ (ਜੀਡੀਪੀ) ਵਿਕਾਸ ਦਰ ਨੂੰ ਹੁਲਾਰਾ ਦੇਣ ਅਤੇ ਅਗਲੇ 23 ਸਾਲਾਂ ਦੌਰਾਨ ਇਸ ਸਮੇਂ ਜੀਡੀਪੀ ਨੂੰ 3.73 ਖਰਬ ਡਾਲਰ ਤੋਂ 30 ਖਰਬ ਡਾਲਰ ਤੱਕ ਦੀ ਜ਼ਬਰਦਸਤ ਬੁਲੰਦੀ 'ਤੇ ਪਹੁੰਚਾਉਣ ਲਈ ਬੇਪਨਾਹ ਸ਼ਕਤੀ ਦੀ ਲੋੜ ਹੈ। ਵਿਹਾਰਕ ਲਿਹਾਜ਼ ਤੋਂ ਦੁਨੀਆ ਦੇ ਪੰਜਵੇਂ ਸਭ ਤੋਂ ਵੱਡੇ ਅਰਥਚਾਰੇ ਨੂੰ ਹਰ ਸਾਲ 1.14 ਖਰਬ ਡਾਲਰ ਦਾ ਜ਼ਬਰਦਸਤ ਇਜ਼ਾਫ਼ਾ ਦਰਸਾਉਣ ਦੀ ਲੋੜ ਪਵੇਗੀ ਤਾਂ ਕਿਤੇ ਜਾ ਕੇ ਦੋ ਦਹਾਕਿਆਂ ਵਿਚ ਇਹ 26.14 ਖਰਬ ਡਾਲਰ ਦੇ ਸਿਖਰਲੇ ਮੁਕਾਮ ਤੱਕ ਪਹੁੰਚ ਸਕੇਗੀ। ਜੇ 7.6 ਫ਼ੀਸਦ ਦੀ ਵਿਕਾਸ ਦਰ ਦੇ ਹਿਸਾਬ ਨਾਲ ਲੇਖਾ ਜੋਖਾ ਕੀਤਾ ਜਾਵੇ ਤਾਂ ਪਿਛਲੇ ਸਾਲ 2023-24 ਦੌਰਾਨ ਜੀਡੀਪੀ 38.78 ਲੱਖ ਕਰੋੜ ਰੁਪਏ ਤੋਂ ਵਧ ਕੇ 41.74 ਲੱਖ ਕਰੋੜ ਰੁਪਏ ਹੋਈ ਹੈ। ਇਹ ਵਾਧਾ ਮਹਿਜ਼ 2.96 ਲੱਖ ਕਰੋੜ ਰੁਪਏ ਦਾ ਹੈ; ਵਾਧਾ 81 ਲੱਖ ਕਰੋੜ ਰੁਪਏ ਦਾ ਦਰਕਾਰ ਸੀ। 2047 ਤੱਕ ਵਿਕਸਤ ਭਾਰਤ ਦਾ ਦਰਜਾ ਹਾਸਲ ਕਰਨ ਲਈ ਇਹ ਮਾਮੂਲੀ ਵਾਧਾ ਹੈ ਅਤੇ ਇਸ ਲਈ ਜੀਡੀਪੀ ਵਿਚ ਵਾਧੇ ਦੀ ਦਰ ਸਾਲਾਨਾ 15 ਫ਼ੀਸਦ ਦਰਕਾਰ ਹੋਵੇਗੀ।



ਅਮਰੀਕਾ, ਚੀਨ, ਜਰਮਨੀ, ਜਪਾਨ ਅਤੇ ਭਾਰਤ ਦੀ ਜੀਡੀਪੀ ਕ੍ਰਮਵਾਰ 26195 ਖਰਬ ਡਾਲਰ, 17.78 ਖਰਬ ਡਾਲਰ, 4.43 ਖਰਬ ਡਾਲਰ, 4.23 ਖਰਬ ਡਾਲਰ ਅਤੇ 3.73 ਖਰਬ ਡਾਲਰ ਹੈ। ਇਨ੍ਹਾਂ ਮੁਲਕਾਂ ਦੀ ਪ੍ਰਤੀ ਜੀਅ ਜੀਡੀਪੀ ਅੰਦਾਜ਼ਨ ਕ੍ਰਮਵਾਰ 80410 ਡਾਲਰ, 12540 ਡਾਲਰ, 52820 ਡਾਲਰ, 33950 ਡਾਲਰ ਅਤੇ 2610 ਡਾਲਰ ਹੈ। ਭਾਰਤ ਦਾ ਸ਼ੁਮਾਰ ਇਸ ਸਮੇਂ ਘੱਟ ਆਮਦਨ ਵਾਲੇ ਮੁਲਕਾਂ ਵਿਚ ਹੁੰਦਾ ਹੈ। ਇਸ ਨੂੰ ਅਗਲੇ 23 ਸਾਲਾਂ ਵਿਚ ਘੱਟ ਆਮਦਨ ਤੋਂ ਦਰਮਿਆਨੀ ਆਮਦਨ ਅਤੇ ਉਚ ਆਮਦਨ ਵਾਲੇ ਮੁਲਕਾਂ ਦੇ ਵਰਗ ਵਿਚ ਪਹੁੰਚਣ ਲਈ ਵੱਖ-ਵੱਖ ਪੜਾਵਾਂ ਵਿੱਚੋਂ ਲੰਘਣਾ ਪੈਣਾ ਹੈ। ਉਚ ਆਮਦਨ ਵਾਲੇ ਮੁਲਕ ਦਾ ਦਰਜਾ ਹਾਸਲ ਕਰਨ ਲਈ ਭਾਰਤ ਦੀ ਪ੍ਰਤੀ ਜੀਅ ਜੀਡੀਪੀ 2047 ਤੱਕ ਵਧ ਕੇ 12055 ਡਾਲਰ ਤੱਕ ਹੋਣੀ ਚਾਹੀਦੀ ਹੈ।

ਆਰਥਿਕ ਵਿਕਾਸ ਵਿਚ ਯੋਗਦਾਨ ਪਾਉਣ ਵਾਲੇ ਮੁੱਖ ਕਾਰਕਾਂ ਵਿਚ ਖੇਤੀਬਾੜੀ, ਸਨਅਤੀ ਅਤੇ ਸੇਵਾਵਾਂ ਦੇ ਖੇਤਰ ਸ਼ਾਮਲ ਹਨ। ਸਾਲ 2023 ਵਿਚ ਜੀਡੀਪੀ ਵਾਧੇ ਵਿਚ ਸੇਵਾਵਾਂ ਖੇਤਰ ਦੀ ਹਿੱਸੇਦਾਰੀ 53.34 ਫ਼ੀਸਦ ਹੈ; ਸਨਅਤੀ ਤੇ ਖੇਤੀਬਾੜੀ ਖੇਤਰਾਂ ਦਾ ਯੋਗਦਾਨ ਕ੍ਰਮਵਾਰ 28.25 ਫ਼ੀਸਦ ਅਤੇ 18.42 ਫ਼ੀਸਦ ਹੈ। ਉਂਝ, ਦੁਨੀਆ ਦੇ ਪ੍ਰਮੁੱਖ ਅਰਥਚਾਰਿਆਂ ਜਿਵੇਂ ਅਮਰੀਕਾ, ਚੀਨ, ਜਪਾਨ ਤੇ ਜਰਮਨੀ ਵਿਚ ਇਨ੍ਹਾਂ ਦੀ ਜੀਡੀਪੀ ਵਿਚ ਸੇਵਾਵਾਂ ਅਤੇ ਸਨਅਤੀ ਖੇਤਰਾਂ ਦਾ ਯੋਗਦਾਨ 95-98 ਫ਼ੀਸਦ ਹੈ ਅਤੇ ਖੇਤੀਬਾੜੀ ਉਪਰ ਨਿਰਭਰਤਾ ਮਹਿਜ਼ ਇੱਕ ਫ਼ੀਸਦ ਹੈ; ਸਿਰਫ਼ ਚੀਨ ਵਿਚ ਖੇਤੀਬਾੜੀ ਦਾ ਯੋਗਦਾਨ 619 ਫ਼ੀਸਦ ਹੈ। ਭਾਰਤ ਦੀ ਜੀਡੀਪੀ 'ਚ ਇਨ੍ਹਾਂ ਦੋਵੇਂ ਖੇਤਰਾਂ ਦਾ ਯੋਗਦਾਨ 82 ਫ਼ੀਸਦ ਹੈ।

ਭਾਰਤ ਦੀਆਂ ਆਰਥਿਕ ਵਿਕਾਸ ਦੀਆਂ ਉਮੀਦਾਂ ਦੇ ਰਾਹ ਦਾ ਇਕ ਰੋੜਾ ਇਹ ਹੈ ਕਿ ਖੇਤੀਬਾੜੀ ਅਤੇ ਸਨਅਤੀ ਖੇਤਰਾਂ ਦਾ ਵਿਕਾਸ ਮੱਠਾ ਹੈ। ਵਿਕਸਤ ਅਰਥਚਾਰੇ ਦਾ ਇਕ ਹੋਰ ਖ਼ਾਸ ਲੱਛਣ ਇਹ ਹੈ ਕਿ ਇਹ ਆਪਣੀਆਂ ਵਸਤਾਂ ਅਤੇ ਸੇਵਾਵਾਂ ਦੀਆਂ ਆਪਣੀਆਂ ਦਰਾਮਦਾਂ ਨਾਲੋਂ ਜ਼ਿਆਦਾ ਬਰਾਮਦਾਂ ਕਰਦਾ ਹੈ। ਭਾਰਤੀ ਅਰਥਚਾਰੇ ਦੇ ਦੁਨੀਆ ਵਿਚ ਸਭ ਤੋਂ ਵੱਧ ਤੇਜ਼ੀ ਨਾਲ ਵਿਕਾਸ ਕਰਨ ਦੇ ਤੱਥ ਦੇ ਬਾਵਜੂਦ ਅਜੇ ਵੀ ਇਸ ਦੀ ਦਰਾਮਦਾਂ 'ਤੇ ਨਿਰਭਰਤਾ ਜਿਉਂ ਦੀ ਤਿਉਂ ਹੈ ਜੋ ਇਸ ਦੀ ਵੱਡੀ ਕਮਜ਼ੋਰੀ ਹੈ। ਇਸ ਦਾ ਚਲੰਤ ਖਾਤਾ ਘਾਟਾ ਜੀਡੀਪੀ ਦਾ 2 ਫ਼ੀਸਦ ਹੈ ਜੋ ਕਾਫ਼ੀ ਜ਼ਿਆਦਾ ਹੈ। ਦੂਜੇ ਬੰਨੇ ਅਮਰੀਕਾ, ਚੀਨ, ਜਪਾਨ ਤੇ ਜਰਮਨੀ ਦਾ ਚਲੰਤ ਖਾਤਾ ਆਪੋ-ਆਪਣੀ ਜੀਡੀਪੀ ਦਾ 5-10 ਫ਼ੀਸਦ ਵਾਧੇ ਵਿਚ ਹੈ। ਪਿਛਲੇ ਕੁਝ ਸਾਲਾਂ ਦੌਰਾਨ ਭਾਰਤ ਵਿਚ ਵਿਦੇਸ਼ੀ ਸਿੱਧੇ ਨਿਵੇਸ਼ ਦਾ ਵਹਾਓ ਤੇਜ਼ੀ ਨਾਲ ਘਟਿਆ ਹੈ ਅਤੇ ਕਰਜ਼ੇ ਵਿਚ 625 ਅਰਬ ਡਾਲਰ ਦਾ ਇਜ਼ਾਫ਼ਾ ਹੋ ਗਿਆ ਹੈ।

ਵਡੇਰੇ ਅਰਥਚਾਰੇ ਦੇ ਇਹ ਅੰਕੜੇ ਸਾਫ਼ ਦਰਸਾਉਂਦੇ ਹਨ ਕਿ ਆਪਣਾ ਸੁਫ਼ਨਾ ਸਾਕਾਰ ਕਰਨ ਲਈ ਭਾਰਤੀ ਅਰਥਚਾਰੇ ਨੂੰ ਆਪਣੀ ਬਰਾਮਦੀ ਕਾਰਗੁਜ਼ਾਰੀ ਵਿਚ ਸੁਧਾਰ ਲਿਆਉਣ, ਦਰਾਮਦਾਂ ਘਟਾਉਣ, ਅਹਿਮ ਖੇਤਰਾਂ ਵਿਚ ਵਿਦੇਸ਼ੀ ਸਿੱਧੇ ਨਿਵੇਸ਼ ਵਧਾਉਣ ਅਤੇ ਸਨਅਤੀ ਖੇਤਰ ਨੂੰ ਵਿਕਸਤ ਕਰਨ ਦੀ ਲੋੜ ਹੈ। ਭਾਰਤ ਦੇ ਅਰਥਚਾਰੇ ਵਿਚ ਵਾਧਾ ਤਾਂ ਹੋ ਰਿਹਾ ਹੈ ਪਰ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਹੋ ਰਹੇ; ਇਸ ਕਰ ਕੇ ਆਮਦਨ ਅਤੇ ਦੌਲਤ ਵਿਚ ਨਾ-ਬਰਾਬਰੀ ਛੜੱਪੇ ਮਾਰ ਕੇ ਵਧ ਰਹੀ ਹੈ। 20-24 ਸਾਲ ਅਤੇ 25-29 ਸਾਲ ਦੀ ਉਮਰ ਦੇ ਨੌਜਵਾਨਾਂ ਅੰਦਰ ਬੇਰੁਜ਼ਗਾਰੀ ਦਰ ਕ੍ਰਮਵਾਰ 44.49 ਫ਼ੀਸਦ ਅਤੇ 14.33 ਫ਼ੀਸਦ ਹੋ ਗਈ ਹੈ। ਦੇਸ਼ ਦੀ ਕੁੱਲ 22.6 ਆਮਦਨ ਅਤੇ 40.1 ਫ਼ੀਸਦ ਦੌਲਤ ਉਪਰਲੇ ਇਕ ਫ਼ੀਸਦ ਲੋਕਾਂ ਦੇ ਹੱਥਾਂ ਵਿਚ ਚਲੀ ਗਈ ਹੈ। ਸਾਲ 2022-23 ਵਿਚ ਪਾਣੀ ਦੀ ਪ੍ਰਤੀ ਜੀਅ ਉਪਲਬਧਤਾ ਘਟ ਕੇ 1486 ਘਣ ਮੀਟਰ ਰਹਿ ਗਈ।

ਇਸੇ ਦੌਰਾਨ ਭਾਰਤ ਚੀਨ ਨੂੰ ਪਛਾੜ ਕੇ ਦੁਨੀਆ ਦਾ ਸਭ ਤੋਂ ਵੱਧ ਆਬਾਦੀ (1 ਅਰਬ 42 ਕਰੋੜ) ਵਾਲਾ ਮੁਲਕ ਬਣ ਗਿਆ ਹੈ। ਇਸ ਦਾ ਮਤਲਬ ਹੈ ਕਿ ਦੁਨੀਆ ਦੀ 17.5 ਫ਼ੀਸਦ ਆਬਾਦੀ ਸਿਰਫ਼ 2.4 ਫ਼ੀਸਦ ਜ਼ਮੀਨ 'ਤੇ ਰਹਿ ਰਹੀ ਹੈ। ਸਮਾਜਿਕ-ਆਰਥਿਕ ਅਤੇ ਵਾਤਾਵਰਨ ਮੁਹਾਜ਼ਾਂ 'ਤੇ ਇਨ੍ਹਾਂ ਗਤੀਸ਼ੀਲ ਤਬਦੀਲੀਆਂ ਨੇ ਭਾਰਤ ਦੇ ਵਿਕਾਸ ਕਰਨ ਦੇ ਆਸਾਰ ਨੂੰ ਨੱਪ ਲਿਆ ਹੈ। ਇਨ੍ਹਾਂ ਤੋਂ ਇਲਾਵਾ ਆਰਥਿਕ ਨੀਤੀਆਂ ਅਤੇ ਕਿਰਤ ਕਾਨੂੰਨਾਂ ਦੇ ਲਿਹਾਜ਼ ਤੋਂ ਢਾਂਚਾਗਤ ਤਬਦੀਲੀਆਂ ਨੇ ਕਾਰਪੋਰੇਟ ਕੰਪਨੀਆਂ ਅਤੇ ਵਿੱਤੀ ਸੰਸਥਾਵਾਂ ਦੇ ਹਿੱਤ ਪੂਰੇ ਹਨ। ਰੁਜ਼ਗਾਰ ਮੰਡੀ ਵਿਚ ਗ਼ਰੀਬਾਂ ਅਤੇ ਨੌਜਵਾਨਾਂ ਨੂੰ ਬਰਾਬਰ ਦੇ ਮੌਕੇ ਨਹੀਂ ਮਿਲਦੇ। ਦੁਨੀਆ ਵਿਚ ਭਾਰਤ ਦੇ ਮਨੁੱਖੀ ਅਤੇ ਵਾਤਾਵਰਨਕ ਸੂਚਕ ਅੰਕ ਅਤੇ ਦਰਜਾਬੰਦੀਆਂ ਬਦ ਤੋਂ ਬਦਤਰ ਹੋ ਰਹੀਆਂ ਹਨ। ਦੇਸ਼ ਦੇ ਸਨਅਤੀ ਅਤੇ ਖੇਤੀਬਾੜੀ ਖੇਤਰ ਉਤਪਾਦਨ ਅਤੇ ਉਤਪਾਦਕਤਾ ਦੇ ਲਿਹਾਜ਼ ਤੋਂ ਕੌਮਾਂਤਰੀ ਪੱਧਰ 'ਤੇ ਮੁਕਾਬਲਾ ਕਰਨ ਦੇ ਯੋਗ ਨਹੀਂ ਹਨ।

ਭਾਰਤ ਨੂੰ ਵਿਕਸਤ ਮੁਲਕ 'ਚ ਬਦਲਣ ਦੇ ਅਗਲੇ ਕਦਮਾਂ ਵਜੋਂ ਸਰਕਾਰ ਨੇ ਛੇ ਸੂਤਰੀ ਰਣਨੀਤੀ ਦੀ ਤਜਵੀਜ਼ ਰੱਖੀ ਹੈ- ਢਾਂਚਾਗਤ ਪਰਿਵਰਤਨ, ਬਿਹਤਰ ਮੁਕਾਬਲੇਬਾਜ਼ੀ, ਵਿੱਤੀ ਤੇ ਸਮਾਜਿਕ ਘੇਰੇ 'ਚ ਵਾਧਾ, ਪ੍ਰਸ਼ਾਸਕੀ ਸੁਧਾਰ, ਤਕਨੀਕ ਨਾਲ ਲੈਸ ਦੂਜੀ ਹਰੀ ਕ੍ਰਾਂਤੀ ਅਤੇ ਕਿਰਤ ਸੁਧਾਰ। ਇਨ੍ਹਾਂ ਨੀਤੀਆਂ ਦਾ ਮੰਤਵ ਵਿਕਾਸ ਦੀ ਰਫ਼ਤਾਰ ਤੇਜ਼ ਕਰਨ ਲਈ ਸਾਧਨਾਂ ਦਾ ਵੱਧ ਤੋਂ ਵੱਧ ਲਾਹਾ ਲੈਣ ਅਤੇ ਵੱਖ-ਵੱਖ ਖੇਤਰਾਂ ਦੀ ਉਤਪਾਦਕਤਾ ਵਧਾਉਣਾ ਹੈ ਤਾਂ ਕਿ ਨੌਕਰੀਆਂ ਪੈਦਾ ਕੀਤੀਆਂ ਜਾ ਸਕਣ ਤੇ ਗ਼ਰੀਬੀ ਘਟਾਈ ਜਾ ਸਕੇ।

ਭਾਰਤ ਦੇ ਇਹ ਟੀਚੇ ਕਈ ਬੁਨਿਆਦੀ ਸਵਾਲ ਖੜ੍ਹੇ ਕਰਦੇ ਹਨ। ਕੀ ਇਸ ਨੀਤੀ 'ਚੋਂ ਭਾਰਤ ਦੇ ਲੋਕਾਂ ਦੀਆਂ ਖ਼ਾਹਸ਼ਾਂ, ਕਦਰਾਂ-ਕੀਮਤਾਂ ਤੇ ਭਾਵਨਾਵਾਂ ਝਲਕਦੀਆਂ ਹਨ? ਕੀ ਪ੍ਰਤੀ ਜੀਅ ਆਮਦਨ ਵਿੱਚ ਵਾਧਾ ਤੇ ਜੀਡੀਪੀ ਹੀ ਅਜਿਹੇ ਦੋ ਸੂਚਕ ਹਨ ਜੋ ਭਾਰਤ ਨੂੰ 2047 ਤੱਕ ਵਿਕਸਤ ਮੁਲਕ ਬਣਾਉਣਗੇ?

ਕੁਦਰਤੀ ਸਰੋਤਾਂ ਦੀ ਲੁੱਟ ਦੇ ਮੱਦੇਨਜ਼ਰ ਕੀ ਉੱਚੀ ਵਿਕਾਸ ਦਰ ਵਾਤਾਵਰਨ ਦੇ ਪੱਖ ਤੋਂ ਟਿਕਾਊ ਹੈ? ਕੀ ਵਿਕਾਸ ਦਰ ਦੇ ਉੱਚੇ ਅੰਕੜੇ ਆਮਦਨ ਨੂੰ ਲੋਕਾਂ ਵਿਚਾਲੇ ਵਾਜਬ ਢੰਗ ਨਾਲ ਵੰਡ ਸਕਣਗੇ?

ਇਹ ਸਾਰੇ ਇਕ ਸਵਾਲ ਦਾ ਜਵਾਬ ਮੰਗਦੇ ਹਨ: ਵਿਕਾਸ ਆਖ਼ਰ ਕਿੰਨੀ ਅਤੇ ਕੀਹਦੀ ਕੀਮਤ 'ਤੇ ਹੋਵੇਗਾ? ਕਈ ਮਾਹਿਰਾਂ ਦਾ ਮੰਨਣਾ ਹੈ ਕਿ ਦੇਸ਼ ਦੀ ਵੰਨ-ਸਵੰਨਤਾ, ਸਮਾਜਿਕ, ਆਰਥਿਕ ਤੇ ਕੁਦਰਤੀ ਹਾਲਾਤ ਦੇ ਮੱਦੇਨਜ਼ਰ ਭਾਰਤ ਨੂੰ ਪੱਛਮੀ ਅਰਥਚਾਰਿਆਂ ਜਾਂ ਚੀਨ ਵਾਲੇ ਰਾਹਾਂ 'ਤੇ ਹੀ ਚੱਲਣ ਦੀ ਕਾਹਲੀ ਨਹੀਂ ਕਰਨੀ ਚਾਹੀਦੀ ਬਲਕਿ ਆਪਣੇ ਵਿਕਾਸ ਲਈ ਵੱਖਰਾ ਰਾਹ ਫੜਨਾ ਚਾਹੀਦਾ ਹੈ। ਇਸ ਲਈ 2047 ਤੱਕ 'ਵਿਕਸਤ ਮੁਲਕ' ਦਾ ਦਰਜਾ ਹਾਸਲ ਕਰਨ ਲਈ ਦੇਸ਼ ਨੂੰ ਆਪਣੇ ਵਿਰਾਸਤੀ ਵਡੇਰੇ ਅਰਥਚਾਰੇ ਦੀਆਂ ਸ਼ਕਤੀਆਂ ਤੇ ਕਮਜ਼ੋਰੀਆਂ ਨੂੰ ਪਛਾਨਣਾ ਪਏਗਾ। ਸੁਧਾਰਾਂ ਖ਼ਾਤਰ ਅਤੇ ਟਿਕਾਊ ਤੇ ਵਿਆਪਕ ਤਰੱਕੀ ਲਈ ਸਰਕਾਰ ਨੂੰ ਫ਼ੌਰੀ ਤੌਰ 'ਤੇ ਆਪਣੀਆਂ ਆਰਥਿਕ ਵਿਕਾਸ ਦੀਆਂ ਨੀਤੀਆਂ ਦੀ ਸਮੀਖਿਆ ਦੀ ਲੋੜ ਹੈ। ਵਿਨਾਸ਼ਕਾਰੀ ਅਤੇ ਦੂਰ-ਅੰਦੇਸ਼ੀ ਤੋਂ ਵਿਹੂਣੀਆਂ ਆਰਥਿਕ ਨੀਤੀਆਂ ਕਾਰਨ ਵਧ ਰਹੀਆਂ ਜਲਵਾਯੂ ਤਬਦੀਲੀ ਦੀਆਂ ਘਟਨਾਵਾਂ ਕਾਰਨ ਸੰਸਾਰ ਨਿਰਾਸ਼ਾਜਨਕ ਢੰਗ ਨਾਲ ਸੰਘਰਸ਼ ਕਰ ਰਿਹਾ ਹੈ। ਭਾਰਤ ਵਿਚ ਅਜਿਹਾ ਟਿਕਾਊ ਵਿਕਾਸ ਲੋੜੀਂਦਾ ਹੈ ਜਿਸ ਦਾ ਧੁਰਾ ਕੁਦਰਤ ਅਤੇ ਮਨੁੱਖਤਾ ਹੋਣ।

# ਚੋਣਾਂ 'ਤੇ ਬੇਰੁਜ਼ਗਾਰੀ ਤੇ ਮਹਿੰਗਾਈ ਦਾ ਪ੍ਰਛਾਵਾਂ



ਰਾਜੇਸ਼ ਰਾਮਚੰਦਰਨ

ਕੀ ਇਹ 2004 ਵਰਗਾ ਕੋਈ ਪਲ ਹੈ? ਉਹ ਆਮ ਚੋਣਾਂ ਹੈਰਾਨੀਜਨਕ ਨਤੀਜਿਆਂ ਲਈ ਜਾਣੀਆਂ ਜਾਂਦੀਆਂ ਹਨ; ਨਾ ਕੇਵਲ ਹਾਰਨ ਵਾਲਿਆਂ ਲਈ ਸਗੋਂ ਜੇਤੂਆਂ ਲਈ ਵੀ, ਤੇ ਇਨ੍ਹਾਂ ਦਾ ਸਿਆਸੀ ਨਿਰੀਖਕਾਂ ਉਪਰ ਵੀ ਦੂਰਗਾਮੀ ਪ੍ਰਭਾਵ ਪਿਆ ਸੀ ਕਿਉਂਕਿ ਉਨ੍ਹਾਂ ਅਜਿਹੀ ਭਰਮਾਊ ਮੁਹਿੰਮ ਚਲਦੀ ਦੇਖੀ ਸੀ ਜਿਸ ਦਾ ਸਿੱਟਾ ਸੱਤਾ ਤਬਦੀਲੀ ਵਿਚ ਹੋਇਆ ਸੀ। ਦਰਅਸਲ, ਕਾਂਗਰਸ ਨੇ ਬਹੁਤਾ ਕੁਝ ਨਹੀਂ ਕੀਤਾ ਸੀ ਸਗੋਂ ਇਹ ਸਭ ਕੁਝ ਭਾਜਪਾ ਦੀ 'ਇੰਡੀਆ ਸ਼ਾਈਨਿੰਗ' ਨਾਅਰੇ ਦਾ ਕੀਤਾ ਕਰਾਇਆ ਸੀ ਕਿਉਂਕਿ ਬਹੁਗਿਣਤੀ ਦਾ ਭਾਰਤ ਚਮਕ ਨਹੀਂ ਰਿਹਾ ਸੀ ਜਿਸ ਕਰ ਕੇ ਇਸ ਤਰ੍ਹਾਂ ਦਾ ਦਿਲਕਸ਼ ਨਾਅਰਾ ਘੜਨ ਵਾਲੇ ਸਮਾਰਟ ਕਾਪੀਰਾਈਟਰਾਂ ਨੂੰ ਸ਼ਰਮਿੰਦਗੀ ਉਠਾਉਣੀ ਪਈ।

ਹਾਲ ਹੀ ਵਿਚ ਸੈਂਟਰ ਫਾਰ ਸਟੱਡੀ ਆਫ ਡਿਵੈਲਪਿੰਗ ਸੁਸਾਇਟੀਜ਼ (ਸੀਐੱਸਡੀਐੱਸ) ਦੇ ਕਰਵਾਏ ਚੁਣਾਵੀ ਸਰਵੇਖਣ ਤੋਂ 2004 ਦੀ ਚੋਣ ਪ੍ਰਚਾਰ ਮੁਹਿੰਮ ਦਾ ਚੇਤਾ ਆ ਗਿਆ। ਸੀਐੱਸਡੀਐੱਸ ਅਜਿਹੀ ਵਿਚਾਰਸ਼ੀਲ ਸੰਸਥਾ ਹੈ ਜਿਸ ਦੀ ਸਥਾਪਨਾ ਕਰੀਬ 60 ਸਾਲ ਪਹਿਲਾਂ ਰਜਨੀ ਕੋਠਾਰੀ, ਡੀਐੱਲ ਸੇਠ ਅਤੇ ਅਸ਼ੀਸ਼ ਨੰਦੀ ਵਰਗੇ ਰਾਜਨੀਤਕ ਸ਼ਾਸਤਰੀਆਂ ਨੇ ਕੀਤੀ ਸੀ। ਇਸ ਸਰਵੇਖਣ ਦੇ ਨਤੀਜੇ ਲੰਘੇ ਵੀਰਵਾਰ ਅੰਗਰੇਜ਼ੀ ਦੇ ਇਕ ਪ੍ਰਮੁੱਖ ਅਖ਼ਬਾਰ ਨੇ ਪ੍ਰਕਾਸ਼ਤ ਕੀਤੇ ਹਨ। ਸੀਐੱਸਡੀਐੱਸ ਦੇ ਸਰਵੇਖਣ ਅਨੁਸਾਰ ਲੋਕ ਸਭਾ ਚੋਣਾਂ ਵਿਚ ਬੇਰੁਜ਼ਗਾਰੀ ਅਤੇ ਵਧਦੀ ਮਹਿੰਗਾਈ ਵੋਟਰਾਂ ਦੇ ਮੁੱਖ ਸਰੋਕਾਰ ਹਨ ਨਾ ਕਿ ਹਿੰਦੂਤਵ। ਰਾਮ ਮੰਦਰ ਅਤੇ ਭ੍ਰਿਸ਼ਟਾਚਾਰ ਜਿਹੇ ਦੋਵੇਂ ਮੁੱਦੇ 8-8 ਫ਼ੀਸਦ ਅੰਕਾਂ ਨਾਲ ਰੁਜ਼ਗਾਰ (27 ਫ਼ੀਸਦ), ਵਧਦੀ ਮਹਿੰਗਾਈ (23 ਫ਼ੀਸਦ), ਵਿਕਾਸ (13 ਫ਼ੀਸਦ) ਅਤੇ ਹੋਰ ਮਸਲਿਆਂ (9 ਫ਼ੀਸਦ) ਤੋਂ ਬਾਅਦ ਪੰਜਵੇਂ ਅਤੇ ਛੇਵੇਂ ਨੰਬਰ 'ਤੇ ਆਉਂਦੇ ਹਨ। ਸਰਵੇਖਣਕਾਰਾਂ ਦਾ ਦਾਅਵਾ ਹੈ ਕਿ ਉਨ੍ਹਾਂ 19 ਸੂਬਿਆਂ ਦੀਆਂ 100 ਲੋਕ ਸਭਾ ਹਲਕਿਆਂ ਦੇ 400 ਮਤਦਾਨ ਕੇਂਦਰਾਂ 'ਤੇ ਪਹੁੰਚ ਕੇ 10019 ਲੋਕਾਂ ਦੀ ਰਾਇ ਲਈ ਤਾਂ ਉਹ ਬੇਰੁਜ਼ਗਾਰੀ ਦਾ ਅਸਰ ਦੇਖ ਕੇ ਹੱਕੇ-ਬੱਕੇ ਰਹਿ ਗਏ।

ਸਰਵੇਖਣ ਤਹਿਤ ਕਰੀਬ 62 ਫ਼ੀਸਦ ਲੋਕਾਂ ਨੂੰ ਨੌਕਰੀ ਹਾਸਲ ਕਰਨ ਵਿਚ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ; ਕਸਬਿਆਂ ਅਤੇ ਪਿੰਡਾਂ ਦੇ ਮੁਕਾਬਲੇ ਵੱਡੇ ਸ਼ਹਿਰਾਂ ਵਿਚ ਸਮੱਸਿਆ ਹੋਰ ਵੀ ਜ਼ਿਆਦਾ ਹੈ। ਇਹ ਹੈਰਤ ਅੰਗੇਜ਼ ਅੰਕੜਾ ਹੈ। ਕਿਸੇ ਸਮਾਜ ਦੀ ਤਰੱਕੀ ਦਾ ਅਸਲ ਪੈਮਾਨਾ ਇਹੀ ਹੁੰਦਾ ਹੈ ਕਿ ਕਿੰਨੀ ਜ਼ਿਆਦਾ ਸੰਖਿਆ ਵਿਚ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ ਨਾ ਕਿ ਇਹ ਕਿ ਸ਼ੇਅਰ ਬਾਜ਼ਾਰ ਛੜੱਪੇ ਮਾਰ ਕਿ ਕਿੰਨੀ ਉਚਾਈ 'ਤੇ ਪਹੁੰਚ ਗਿਆ ਹੈ ਜਾਂ ਭਾਰਤੀ ਖਰਬਪਤੀਆਂ ਦੀ ਧਨ ਸੰਪਦਾ ਕਿੱਥੇ ਅੱਪੜ ਗਈ ਹੈ। ਜਦੋਂ 2004 ਵਿਚ ਸੱਤਾਧਾਰੀ ਪਾਰਟੀ ਲਈ ਭਾਰਤ ਲਿਸ਼ਕਾਂ ਮਾਰ ਰਿਹਾ ਸੀ ਤਦ ਗ਼ਰੀਬਾਂ ਲਈ ਇਹ ਬਿਲਕੁਲ ਵੀ ਨਹੀਂ ਸੀ ਅਤੇ ਫਿਰ ਉਨ੍ਹਾਂ ਵੋਟਾਂ ਵਾਲੇ ਦਿਨ ਆਪਣਾ ਸਾਰਾ ਗੁੱਸਾ ਕੱਢਿਆ ਸੀ।

ਬੇਰੁਜ਼ਗਾਰੀ ਤੋਂ ਇਲਾਵਾ ਜਿਹੜੇ ਇਕ ਹੋਰ ਮੁੱਦੇ ਦੀ ਗ਼ਰੀਬਾਂ 'ਤੇ ਬਹੁਤੀ ਮਾਰ ਪੈਂਦੀ ਹੈ, ਉਹ ਹੈ ਮਹਿੰਗਾਈ। ਸਰਵੇਖਣ ਦੌਰਾਨ 71 ਫ਼ੀਸਦ ਲੋਕਾਂ ਨੇ ਵਧਦੀ ਮਹਿੰਗਾਈ ਦੀ ਗੱਲ ਕੀਤੀ ਅਤੇ ਗ਼ਰੀਬ ਵਰਗਾਂ 'ਚੋਂ 76 ਫ਼ੀਸਦ ਲੋਕ ਇਸ ਤੋਂ ਪ੍ਰੇਸ਼ਾਨ ਹਨ। ਭਾਜਪਾ ਨੂੰ ਇਸ ਨੂੰ ਸੁਣਨਾ ਅਤੇ ਗਹੁ ਨਾਲ ਦੇਖਣਾ ਚਾਹੀਦਾ ਹੈ। ਬੇਰੁਜ਼ਗਾਰੀ ਅਤੇ ਵਧਦੀ ਮਹਿੰਗਾਈ ਰੋਜ਼ੀ-ਰੋਟੀ ਨਾਲ ਜੁੜੇ ਦੋ ਪੂਰਕ ਮੁੱਦੇ ਹਨ ਜੋ ਪਛਾਣ ਦੀ ਸਿਆਸਤ ਉਪਰ ਭਾਰੂ ਪੈ ਜਾਂਦੇ ਹਨ। ਅਸਲ ਵਿਚ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਆਮ ਰਾਏ ਅਤੇ ਬਿਰਤਾਂਤ ਘੜਨ ਵਾਲੇ ਕੀ ਸੋਚਦੇ ਹਨ ਸਗੋਂ ਵੱਧ ਇਸ ਕਰ ਕੇ ਪੈਂਦਾ ਹੈ ਕਿ ਖਸਤਾਹਾਲ ਵੋਟਰ ਨਾਖੁਸ਼ ਹਨ ਤੇ ਉਨ੍ਹਾਂ ਦੀ ਸੰਖਿਆ ਬਹੁਤ ਜ਼ਿਆਦਾ ਹੈ। 2004 ਤੋਂ ਉਲਟ ਮੌਜੂਦਾ ਸਰਕਾਰ ਨੂੰ ਇਸ ਸੰਕਟ ਦਾ ਪਤਾ ਹੈ। ਚੋਣਾਂ ਤੋਂ ਪਹਿਲਾਂ ਇਸ ਦੇ ਸਾਰੇ ਕਿਰਿਆ-ਕਲਾਪ ਇਸੇ ਗੱਲ ਦਾ ਸੰਕੇਤ ਸਨ ਕਿ ਇਸ ਨੂੰ ਹਾਲਾਤ ਬਦਲਣ ਦੀ ਕਾਹਲੀ ਹੈ। ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਭਾਜਪਾ ਮੁਕਾਮੀ ਖ਼ਿਆਲਾਂ ਨਾਲ ਗੰਢ-ਤੁਪ ਕਰਨ ਲੱਗੀ ਹੈ ਜਾਂ ਤਿੰਨ-ਚਾਰ ਕੋਣੇ ਮੁਕਾਬਲੇ ਯਕੀਨੀ ਬਣਾਉਣਾ ਚਾਹੁੰਦੀ ਹੈ ਤਾਂ ਕਿ ਵਿਰੋਧੀ ਧਿਰ ਦੀਆਂ ਵੋਟਾਂ ਵੰਡੀਆਂ ਜਾਣ। ਗ਼ੁਲਾਮ ਨਬੀ ਆਜ਼ਾਦ ਦੀ ਪਾਰਟੀ ਨੇ ਘੱਟੋ-ਘੱਟ ਊਧਮਪੁਰ ਹਲਕੇ ਵਿਚ ਬਹੁਕੋਣੀ ਮੁਕਾਬਲਾ ਬਣਾ ਦਿੱਤਾ ਹੈ ਜਿੱਥੇ ਗ਼ੁਲਾਮ ਮੁਹੰਮਦ ਸਰੂਰੀ ਮੁਸਲਿਮ ਵੋਟਾਂ ਵਿਚ ਸੰਨ੍ਹ ਲਾ ਸਕਦੇ ਹਨ।

ਪੰਜਾਬ ਅੰਦਰ ਵੀ ਦੋ ਮੁੱਖ ਮੁਹਾਜ਼ਾਂ ਦੀ ਬਜਾਇ ਚਹੁੰ-ਕੋਣੀ ਮੁਕਾਬਲੇ ਹੋਣ ਦੇ ਆਸਾਰ ਹਨ ਜਿਨ੍ਹਾਂ ਕਰ ਕੇ ਰਲੇ-ਮਿਲੇ ਨਤੀਜੇ ਆ ਸਕਦੇ ਹਨ। ਹਰਿਆਣਾ ਵਿਚ ਜਨਨਾਇਕ ਜਨਤਾ ਪਾਰਟੀ (ਜੇਜੇਪੀ) ਨੂੰ ਚੁੱਪ-ਚੁਪੀਤੇ ਭਾਜਪਾ ਸਰਕਾਰ 'ਚੋਂ ਬਾਹਰ ਦਾ ਰਸਤਾ ਦਿਖਾਉਣ ਨਾਲ ਸੱਤਾਧਾਰੀ ਪਾਰਟੀ ਨੂੰ ਵਿਰੋਧੀ ਧਿਰ ਦੀਆਂ ਜਾਟ ਵੋਟਾਂ ਵਿਚ ਵੰਡ ਵਿਚ ਮਦਦ ਮਿਲ ਸਕਦੀ ਹੈ। ਚੌਟਾਲਾ ਪਰਿਵਾਰ ਦੀਆਂ ਦੋ ਪਾਰਟੀਆਂ ਜੇਜੇਪੀ ਅਤੇ ਇਨੈਲੋ ਚੋਣ ਮੈਦਾਨ ਵਿਚ ਆ ਗਈਆਂ ਹਨ ਅਤੇ ਇਹ ਦੋਵੇਂ ਜਾਟ ਵੋਟਾਂ ਦੀਆਂ ਦਾਅਵੇਦਾਰ ਹਨ, ਨਹੀਂ ਤਾਂ ਇਨ੍ਹਾਂ ਦਾ ਵੱਡਾ ਹਿੱਸਾ ਕਾਂਗਰਸ ਦੇ ਭੁਪਿੰਦਰ ਸਿੰਘ ਹੁੱਡਾ ਦੇ ਖਾਤੇ ਵਿਚ ਜਾਣਾ ਸੀ।

ਹੁਣ ਬਿਰੇਂਦਰ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਦੀ ਕਾਂਗਰਸ ਵਿਚ ਵਾਪਸੀ ਹੋਣ ਨਾਲ ਜਾਟ ਭਾਈਚਾਰੇ ਅੰਦਰ ਪਾਰਟੀ ਦੀ ਛਬ ਹੋਰ ਨਿੱਖਰ ਗਈ ਹੈ ਪਰ ਹੋਰਨਾਂ ਪੱਛੜੇ ਵਰਗ (ਓਬੀਸੀ) ਨਾਲ ਸਬੰਧਿਤ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਭਾਜਪਾ ਮਨੋਹਰ ਲਾਲ ਖੱਟਰ ਦੇ ਨੌਂ ਸਾਲਾ ਸ਼ਾਸਨ ਖ਼ਿਲਾਫ਼ ਗ਼ੈਰ-ਜਾਟ ਵੋਟਾਂ ਦੇ ਰੋਹ ਦੀ ਧਾਰ ਖੁੰਢੀ ਕਰ ਸਕਦੀ ਹੈ। ਇਹ ਤੁੱਕਾ ਚੱਲ ਵੀ ਸਕਦਾ ਹੈ ਤੇ ਨਹੀਂ ਵੀ ਚੱਲ ਸਕਦਾ ਪਰ ਇਕ ਗੱਲ ਸਾਫ਼ ਹੈ ਕਿ ਚੋਣ ਰਣਨੀਤੀ ਮੁਕਾਮੀ ਮੁੱਦਿਆਂ, ਸੱਤਾ ਵਿਰੋਧ ਅਤੇ ਸਮਾਜਿਕ ਕਾਰਕਾਂ ਦੀ ਸਮਝ 'ਤੇ ਆਧਾਰਿਤ ਹੈ। ਕੀ ਇਹੋ ਜਿਹੇ ਉਪਰਾਲੇ ਬੇਰੁਜ਼ਗਾਰੀ ਦੇ ਸੇਕ ਨੂੰ ਸਹਾਰ ਸਕਦੀ ਹੈ? ਸੈਂਟਰ ਫਾਰ ਮੌਨੀਟ੍ਰਿੰਗ ਇੰਡੀਅਨ ਇਕੌਨੋਮੀ (ਸੀਐੱਮਆਈਈ) ਮੁਤਾਬਕ ਜਨਵਰੀ 2023 ਵਿਚ ਬੇਰੁਜ਼ਗਾਰੀ ਦੀ ਸਭ ਤੋਂ ਮਾੜੀ ਦਰ (3714 ਫ਼ੀਸਦ) ਹਰਿਆਣਾ ਵਿਚ ਹੀ ਸੀ। ਬਿਨਾਂ ਸ਼ੱਕ, ਹਰਿਆਣਾ ਸਰਕਾਰ ਨੇ ਇਨ੍ਹਾਂ ਅੰਕੜਿਆਂ ਨੂੰ ਪ੍ਰਵਾਨ ਨਹੀਂ ਕੀਤਾ ਸੀ ਅਤੇ ਇਹ ਕੋਈ ਰੱਬੀ ਇਲਹਾਮ ਵੀ ਨਹੀਂ ਸਨ ਪਰ ਇਨ੍ਹਾਂ ਨੂੰ ਸੰਕੇਤ ਤਾਂ ਮੰਨਿਆ ਹੀ ਜਾ ਸਕਦਾ ਹੈ। ਭਾਜਪਾ ਨੇ ਮੁੱਖ ਮੰਤਰੀ ਬਦਲ ਕੇ ਅਤੇ ਵੋਟਾਂ ਪਾੜਨ ਦੀ ਰਣਨੀਤੀ ਅਪਣਾ ਕੇ ਆਰਥਿਕ ਤੰਗੀ ਦੀ ਜੋ ਸਿਆਸੀ ਦਵਾ ਲਿਆਂਦੀ ਸੀ, ਉਹ ਦਿਲਚਸਪ ਜ਼ਰੂਰ ਹੈ।

ਹਰੇਕ ਅਹਿਮ ਸੂਬੇ ਵਿਚ ਜਿੱਥੇ ਜਦੋਂ ਤੱਕ ਕੋਈ ਸਿੱਧਾ ਮੁਕਾਬਲਾ ਨਾ ਹੋਵੇ ਅਤੇ ਕਦੇ ਕਦਾਈਂ ਉਨ੍ਹਾਂ ਸੂਬਿਆਂ ਵਿਚ ਵੀ ਜਿੱਥੇ ਇਸ ਦਾ ਬਹੁਤਾ ਕੁਝ ਦਾਅ 'ਤੇ ਨਹੀਂ ਲੱਗਿਆ ਹੁੰਦਾ ਤਾਂ ਭਾਜਪਾ ਗੱਠਜੋੜਾਂ, ਵੋਟਾਂ ਪਾੜਨ, ਦਲ ਬਦਲੀਆਂ ਅਤੇ ਸਮਾਜਿਕ ਸ਼ਕਤੀਆਂ ਦੀ ਮੁੜ ਸਫ਼ਬੰਦੀ ਦੀ ਕਲਾ ਅਜ਼ਮਾਉਂਦੀ ਰਹੀ ਹੈ। ਮਿਸਾਲ ਦੇ ਤੌਰ 'ਤੇ ਬਿਹਾਰ ਵਿਚ ਨਿਤੀਸ਼ ਕੁਮਾਰ, ਉੱਤਰ ਪ੍ਰਦੇਸ਼ ਵਿਚ ਰਾਸ਼ਟਰੀ ਲੋਕ ਦਲ ਦੇ ਜਯੰਤ ਚੌਧਰੀ, ਕਰਨਾਟਕ ਵਿਚ ਸਾਬਕਾ ਪ੍ਰਧਾਨ ਮੰਤਰੀ ਦੇਵਗੌੜਾ ਤੱਕ ਪਹੁੰਚਣਾ ਅਤੇ ਮਹਾਰਾਸ਼ਟਰ ਵਿਚ ਸ਼ਿਵ ਸੈਨਾ ਅਤੇ ਐੱਨਸੀਪੀ ਤੋਂ ਵੱਖ ਹੋਏ ਧੜਿਆਂ ਨੂੰ ਆਪਣੀ ਸਫ਼ ਵਿਚ ਰਲਾਉਣਾ ਕੁੱਲ 196 ਸੀਟਾਂ ਵਾਲੇ ਇਨ੍ਹਾਂ ਪ੍ਰਮੁੱਖ ਸੂਬਿਆਂ ਅੰਦਰ ਆਰਥਿਕ ਸਮੱਸਿਆਵਾਂ ਦਾ ਅਸਰ ਘਟਾਉਣ ਦੇ ਉਪਰਾਲੇ ਹੀ ਸਨ। 2019 ਦੀਆਂ ਚੋਣਾਂ ਵਿਚ ਭਾਜਪਾ ਦੀ ਅਗਵਾਈ ਵਾਲੇ ਐੱਨਡੀਏ ਨੇ ਇਨ੍ਹਾਂ 'ਚੋਂ 170 ਸੀਟਾਂ ਜਿੱਤੀਆਂ ਸਨ। ਇਉਂ ਪ੍ਰਤੀਤ ਹੁੰਦਾ ਹੈ ਕਿ ਭਾਜਪਾ ਨੇ ਇਹ ਤਾੜ ਲਿਆ ਸੀ ਕਿ ਆਰਥਿਕ ਸੰਕਟ ਨਾਰਾਜ਼ਗੀ ਪੈਦਾ ਕਰਨਗੇ ਜਿਸ ਕਰ ਕੇ ਇਨ੍ਹਾਂ ਸਾਰੇ ਸੂਬਿਆਂ ਵਿਚ ਉਸ ਨੇ ਚੁਣਾਵੀ ਜੋੜ-ਤੋੜ ਕਰ ਲਿਆ ਸੀ। ਹੁਣ ਸਵਾਲ ਇਹ ਹੈ ਕਿ ਕੀ ਬੇਰੁਜ਼ਗਾਰੀ ਅਤੇ ਮਹਿੰਗਾਈ ਭਾਜਪਾ ਨੂੰ ਐਡਾ ਵੱਡਾ ਝਟਕਾ ਦੇ ਸਕਣਗੇ ਅਤੇ ਇਸ ਦੀ ਜੋੜ-ਤੋੜ ਵਾਲੀ ਸਿਆਸਤ ਪਿਛਾਂਹ ਛੁੱਟ ਜਾਵੇਗੀ? 2004 ਵਿਚ ਕਾਂਗਰਸ ਨੇ ਬਹੁਤਾ ਕੁਝ ਨਹੀਂ ਕੀਤਾ ਸੀ ਸਗੋਂ ਆਰਥਿਕ ਸੰਕਟ ਨੇ ਚੁੱਪ-ਚੁਪੀਤੇ ਹੀ ਭਾਜਪਾ ਨੂੰ ਮਾਤ ਦੇ ਦਿੱਤੀ ਸੀ। ਉਦੋਂ ਚੋਣਾਂ ਤੋਂ ਬਾਅਦ ਭਾਜਪਾ ਦੇ ਚੋਟੀ ਦੇ ਆਗੂ ਪ੍ਰਮੋਦ ਮਹਾਜਨ ਨੇ ਮੰਨਿਆ ਸੀ ਕਿ ਗ਼ਰੀਬਾਂ ਨੇ ਸਰਕਾਰ ਡੇਗ ਦਿੱਤੀ ਸੀ।

ਹੁਣ ਸਥਿਤੀ ਵੱਖਰੀ ਹੈ। ਸਰਕਾਰ ਨੂੰ ਪਤਾ ਹੈ ਕਿ ਉਸ ਨੂੰ ਕਿਹੋ ਜਿਹੀ ਸਥਿਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਨੇ ਹਰੇਕ ਪੱਧਰ 'ਤੇ ਬਾਰੀਕੀ ਨਾਲ ਪ੍ਰਬੰਧ ਕੀਤਾ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗ਼ਰੀਬਾਂ ਲਈ ਸ਼ੁਰੂ ਕੀਤੀਆਂ ਕਲਿਆਣਕਾਰੀ ਯੋਜਨਾਵਾਂ ਦੀ ਚਰਚਾ ਕਰਦੇ ਰਹਿੰਦੇ ਹਨ। ਕੀ ਇਹ ਕੰਮ ਦੇਣਗੀਆਂ? ਕੀ ਇਹ ਕਾਫ਼ੀ ਹੋਵੇਗਾ? ਫਿਲਹਾਲ ਗ਼ਰੀਬਾਂ ਦਾ ਗੁੱਸਾ ਫੁੱਟ ਕੇ ਬਾਹਰ ਨਹੀਂ ਆਇਆ ਅਤੇ ਇਸ ਗੱਲ ਦੇ ਸੰਕੇਤ ਨਹੀਂ ਮਿਲਦੇ ਕਿ ਇਹ ਰੋਹ ਦੀ ਸੁਨਾਮੀ ਦਾ ਰੂਪ ਧਾਰਨ ਕਰ ਸਕਦਾ ਹੈ।



NEW India SWEETS SPICES CHAT HOUSE

WHOLESALE PRICES



(559) 225-2824

Shaw & Feland, Next to FOODMAXX







3225 W SHAW AVE. # 103 FRESNO CA 93711



OFFICIAL LAMP ADJUSTING STATION

Quick Lube & Smog

OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

SUKHWINDER BHELLA

510-757-6775 gogibhella@gmail.com

TENNYSON AUTO

Car Sale Service and Repair

SUKHWINDER BHELLA, Manager

tennysonauto1@gmail.com

510-330-7112, 510-757-6775

691 W. Tennyson Rd Hayward, CA 94544



VETERINARIAN UNITED PET HOSPITAL

United Pet Hospital

Dr. Mandeep Bhullar DVM

510-363-9980

1641 Industrial Pkwy W. Hayward, CA. 94544



unitepets@gmail.com Fax : 510-397-0142






Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

ਸਾਡੀ ਵਿਸ਼ੇਸਤਾ

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ




Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138

# PREET FABRICS & APPLIANCE

Under New Management

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ। ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।



Sale is going on

APPLIANCES & PARKER PENS, OSTER BLENDERS

Watches (Seiko, Citizen & Swistar)
Shavers & Trimmers Cellular Phones
and OSTER BLENDERS

5156 Mowry AVE. Fremont. CA 94538
Tel- 510-797-7111

# CALIFORNIA
IMMIGRATION SERVICES INC.
Your Registered & Bonded 'Immigration-Consultants'



ROSY (Kanwal) KAUR
Immigration Consultant
408-422-8585
510-573-3666
website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377

# Moon Indian Cuisine
510-780-9233



ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

Over 30 Years Experience in Restaurant & Catering Business

ਮੂਨ ਇੰਡੀਅਨ ਕੁਜ਼ੀਨ (ਹੇਵਰਡ)
600 West Harder Rd. Hayward, CA 94544
Contact: (Paul) 510-978-7170
www.moonindiancuisine.net

# TASTE OF INDIA
specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



# ਈਰਾਨ ਅਤੇ ਇਜ਼ਰਾਈਲ- ਫੌਜੀ ਤਾਕਤ ਪੱਖੋਂ ਕੌਣ ਕਿੰਨੇ ਪਾਣੀ 'ਚ

*(ਸਫਾ 2 ਦੀ ਬਾਕੀ)*

ਇਜ਼ਰਾਈਲੀ ਫੌਜ ਦੇ ਚੀਫ਼ ਆਫ਼ ਸਟਾਫ਼ ਲੈਫਟੀਨੈਂਟ ਕਰਨਲ ਹਰਜ਼ੇਈ ਹਲੇਵੀ ਨੇ ਕਿਹਾ ਹੈ ਕਿ ਉਨ੍ਹਾਂ ਦਾ ਦੇਸ਼ ਸ਼ਨੀਵਾਰ ਨੂੰ ਕੀਤੇ ਗਏ ਹਮਲੇ ਦਾ ਜਵਾਬ ਦੇਵੇਗਾ, ਪਰ ਉਨ੍ਹਾਂ ਨੇ ਵਿਸਥਾਰ ਨਾਲ ਨਹੀਂ ਦੱਸਿਆ। ਇਸ ਦੌਰਾਨ, ਈਰਾਨ ਦੇ ਉਪ ਵਿਦੇਸ਼ ਮੰਤਰੀ ਅਲੀ ਬਘੇਰੀ ਕਾਨੀ ਨੇ ਸਰਕਾਰੀ ਟੀਵੀ ਨੂੰ ਕਿਹਾ ਹੈ ਕਿ ਇਜ਼ਰਾਈਲੀ ਹਮਲੇ ਦਾ ਜਵਾਬ ਘੰਟਿਆਂ ਵਿੱਚ ਨਹੀਂ, ਬਲਕਿ ਸਕਿੰਟਾਂ ਵਿੱਚ ਦਿੱਤਾ ਜਾਵੇਗਾ।

### ਕਿਸ ਦਾ ਪਲੜਾ ਭਾਰਾ ਹੈ?

ਇੰਟਰਨੈਸ਼ਨਲ ਇੰਸਟੀਚਿਊਟ ਫਾਰ ਸਟ੍ਰੈਟੇਜਿਕ ਸਟੱਡੀਜ਼ (ਆਈਆਈਐੱਸਐੱਸ) ਸਟੀਕ ਅੰਦਾਜ਼ਾ ਲਾਉਣ ਲਈ ਵਿਭਿੰਨ ਅਧਿਕਾਰਤ ਅਤੇ ਓਪਨ ਸੋਰਸ ਤਰੀਕਿਆਂ ਦੀ ਵਰਤੋਂ ਕਰਕੇ ਦੋਵਾਂ ਦੇਸ਼ਾਂ ਦੀਆਂ ਫੌਜਾਂ ਦੀ ਹਥਿਆਰਾਂ ਦੀ ਸਮਰੱਥਾ ਦੀ ਤੁਲਨਾ ਕਰਦਾ ਹੈ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਵਰਗੇ ਹੋਰ ਸੰਗਠਨ ਵੀ ਮੁਲਾਂਕਣ ਕਰਦੇ ਹਨ, ਪਰ ਉਨ੍ਹਾਂ ਦੇਸ਼ਾਂ ਲਈ ਸਟੀਕਤਾ ਵੱਖਰੀ ਹੋ ਸਕਦੀ ਹੈ ਜੋ ਅਕਸਰ ਅੰਕੜੇ ਜਾਰੀ ਨਹੀਂ ਕਰਦੇ। ਹਾਲਾਂਕਿ, ਪੀਸ ਰਿਸਰਚ ਇੰਸਟੀਚਿਊਟ ਓਸਲੋ (ਪੀਆਰਆਈਓ) ਦੇ ਨਿਕੋਲਸ ਮਾਰਸ਼ ਦਾ ਕਹਿਣਾ ਹੈ ਕਿ ਆਈਆਈਐੱਸਐੱਸ ਨੂੰ ਦੁਨੀਆ ਭਰ ਦੇ ਦੇਸ਼ਾਂ ਦੀ ਫੌਜੀ ਤਾਕਤ ਦਾ ਮੁਲਾਂਕਣ ਕਰਨ ਲਈ ਬੈਂਚਮਾਰਕ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ।

ਆਈਆਈਐੱਸਐੱਸ ਦਾ ਕਹਿਣਾ ਹੈ ਕਿ ਇਜ਼ਰਾਈਲ ਆਪਣੇ ਰੱਖਿਆ ਬਜਟ 'ਤੇ ਈਰਾਨ ਨਾਲੋਂ ਜ਼ਿਆਦਾ ਖਰਚ ਕਰਦਾ ਹੈ, ਜੋ ਉਸ ਨੂੰ ਕਿਸੇ ਵੀ ਸੰਭਾਵੀ ਟਕਰਾਅ ਦੀ ਸਥਿਤੀ ਵਿੱਚ ਮਹੱਤਵਪੂਰਨ ਤਾਕਤ ਪ੍ਰਦਾਨ ਕਰਦਾ ਹੈ। ਆਈਆਈਐੱਸਐੱਸ ਦਾ ਕਹਿਣਾ ਹੈ ਕਿ 2022 ਅਤੇ 2023 ਵਿੱਚ ਈਰਾਨ ਦਾ ਰੱਖਿਆ ਬਜਟ ਲਗਭਗ 714 ਬਿਲੀਅਨ ਡਾਲਰ ਸੀ, ਜਦੋਂ ਕਿ ਇਜ਼ਰਾਈਲ ਦਾ ਇਸ ਤੋਂ ਦੁੱਗਣਾ ਲਗਭਗ 19 ਬਿਲੀਅਨ ਡਾਲਰ ਸੀ। ਆਪਣੇ ਕੁੱਲ ਘਰੇਲੂ ਉਤਪਾਦ ਦੀ ਤੁਲਨਾ ਵਿੱਚ ਇਜ਼ਰਾਈਲ ਦਾ ਰੱਖਿਆ ਖਰਚ ਵੀ ਈਰਾਨ ਤੋਂ ਦੁੱਗਣਾ ਹੈ।

### ਤਕਨੀਕੀ ਲਾਭ

ਆਈਆਈਐੱਸਐੱਸ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਇਜ਼ਰਾਈਲ ਕੋਲ ਲੜਾਈ ਲਈ 340 ਫੌਜੀ ਜਹਾਜ਼ ਤਿਆਰ ਹਨ, ਜੋ ਇਸ ਨੂੰ ਸਟੀਕ ਹਵਾਈ ਹਮਲਿਆਂ ਦੀ ਤਾਕਤ ਪ੍ਰਦਾਨ ਕਰਦੇ ਹਨ। ਜੈੱਟ ਜਹਾਜ਼ਾਂ ਵਿੱਚ ਲੰਬੀ ਦੂਰੀ ਦੀ ਮਾਰ ਦੀ ਸਮਰੱਥਾ ਵਾਲੇ ਐੱਫ਼-15 ਜਹਾਜ਼, ਐੱਫ਼-35ਐਮ - ਉੱਚ ਤਕਨੀਕ ਵਾਲੇ 'ਸਟੀਲਥ' ਜਹਾਜ਼ ਹਨ ਜੋ ਰਾਡਾਰ ਤੋਂ ਬਚ ਸਕਦੇ ਹਨ ਅਤੇ ਤੇਜ਼ੀ ਨਾਲ ਹਮਲਾ ਕਰਨ ਵਾਲੇ ਹੈਲੀਕਾਪਟਰ ਹਨ ਆਈਆਈਐੱਸਐੱਸ ਦਾ ਅੰਦਾਜ਼ਾ ਹੈ ਕਿ ਈਰਾਨ ਕੋਲ ਤਕਰੀਬਨ 320 ਲੜਾਕੂ ਜਹਾਜ਼ ਹਨ। ਇਹ ਜੈੱਟ 1960 ਦੇ ਦਹਾਕੇ ਦੇ ਹਨ ਅਤੇ ਇਨ੍ਹਾਂ ਵਿੱਚ ਐੱਫ਼-4ਐੱਸ, ਐੱਫ਼-5ਐੱਸ ਅਤੇ ਐੱਫ਼-14ਐੱਸ ਸ਼ਾਮਲ ਹਨ (ਐੱਫ਼-14ਐੱਸ ਜਹਾਜ਼ 1986 ਦੀ ਫਿਲਮ ਟਾਪ ਗਨ ਵਿੱਚ ਪ੍ਰਸਿੱਧ ਹੋਇਆ ਸੀ)। ਪਰ ਪੀਆਰਆਈਓ ਦੇ ਨਿਕੋਲਸ ਮਾਰਸ਼ ਦਾ ਕਹਿਣਾ ਹੈ ਕਿ ਇਹ ਸਪੱਸ਼ਟ ਨਹੀਂ ਹੈ ਕਿ ਇਨ੍ਹਾਂ ਵਿੱਚੋਂ ਕਿੰਨੇ ਪੁਰਾਣੇ ਜਹਾਜ਼ ਅਸਲ ਵਿੱਚ ਉਡਾਣ ਭਰ ਸਕਦੇ ਹਨ, ਕਿਉਂਕਿ ਇਨ੍ਹਾਂ ਦੀ ਮੁਰੰਮਤ ਲਈ ਪੁਰਜ਼ੇ ਪ੍ਰਾਪਤ ਕਰਨਾ ਬਹੁਤ ਮੁਸ਼ਕਿਲ ਹੋਵੇਗਾ।

### ਆਇਰਨ ਡੋਮ ਅਤੇ ਐਰੋ

ਇਜ਼ਰਾਈਲ ਦੀ ਰੱਖਿਆ ਦੀ ਰੀੜ੍ਹ ਉਸ ਦੇ ਆਇਰਨ ਡੋਮ ਅਤੇ ਐਰੋ ਸਿਸਟਮ ਹਨ। ਮਿਜ਼ਾਈਲ ਇੰਜੀਨੀਅਰ ਉਜ਼ੀ ਰੁਬਿਨ ਦੇਸ਼ ਦੇ ਰੱਖਿਆ ਮੰਤਰਾਲੇ ਵਿੱਚ ਇਜ਼ਰਾਈਲ ਮਿਜ਼ਾਈਲ ਰੱਖਿਆ ਸੰਗਠਨ ਦੇ ਸੰਸਥਾਪਕ ਹਨ। ਉਹ ਹੁਣ ਯੇਰੂਸ਼ਲਮ ਇੰਸਟੀਚਿਊਟ ਫਾਰ ਸਟ੍ਰੈਟਜੀ ਐਂਡ ਸਕਿਓਰਿਟੀ ਦੇ ਸੀਨੀਅਰ ਖੋਜਕਾਰ ਹਨ।

ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੇ ਉਦੋਂ ਬਹੁਤ 'ਸੁਰੱਖਿਅਤ' ਮਹਿਸੂਸ ਕੀਤਾ ਜਦੋਂ ਉਨ੍ਹਾਂ ਨੇ ਅਤੇ ਕੌਮਾਂਤਰੀ ਸਹਿਯੋਗੀਆਂ ਨੇ ਆਇਰਨ ਡੋਮ (ਇਜ਼ਰਾਈਲੀ ਏਅਰ ਡਿਫੈਂਸ ਸਿਸਟਮ) ਨੂੰ ਤਕਰੀਬਨ ਸਾਰੀਆਂ ਮਿਜ਼ਾਇਲਾਂ ਅਤੇ ਡਰੋਨਾਂ ਨੂੰ ਨਸ਼ਟ ਕਰਦੇ ਦੇਖਿਆ ਜੋ ਈਰਾਨ ਵੱਲੋਂ ਸ਼ਨੀਵਾਰ ਨੂੰ ਇਜ਼ਰਾਈਲ 'ਤੇ ਦਾਗੀਆਂ ਗਈਆਂ ਸਨ। ''ਮੈਨੂੰ ਬਹੁਤ ਸੰਤੁਸ਼ਟੀ ਅਤੇ ਬਹੁਤ ਖੁਸ਼ੀ ਮਹਿਸੂਸ ਹੋਈ... ਇਹ ਆਪਣੇ ਟੀਚਿਆਂ ਪ੍ਰਤੀ ਬਹੁਤ ਸਟੀਕ ਹੈ। ਇਹ ਇੱਕ ਛੋਟੀ ਦੂਰੀ ਦੀ ਮਿਜ਼ਾਈਲ ਰੱਖਿਆ ਪ੍ਰਣਾਲੀ ਹੈ। ਕਿਸੇ ਹੋਰ ਸਿਸਟਮ ਵਿੱਚ ਇਸ ਵਰਗਾ ਕੁਝ ਵੀ ਨਹੀਂ ਹੈ।''

### ਈਰਾਨ, ਇਜ਼ਰਾਈਲ ਤੋਂ ਕਿੰਨਾ ਦੂਰ ਹੈ?

ਇਜ਼ਰਾਈਲ ਦੀ ਈਰਾਨ ਤੋਂ ਦੂਰੀ 2,100 ਕਿਲੋਮੀਟਰ ਤੋਂ ਵੱਧ ਹੈ। ਡਿਫੈਂਸ ਆਈ ਦੇ ਸੰਪਾਦਕ ਟਿਮ ਰਿਪਲੇ ਨੇ ਬੀਬੀਸੀ ਨੂੰ ਦੱਸਿਆ ਕਿ ਇਸ ਦੀਆਂ ਮਿਜ਼ਾਈਲਾਂ ਦੇਸ਼ 'ਤੇ ਹਮਲਾ ਕਰਨ ਦਾ ਮੁੱਖ ਜ਼ਰੀਆ ਹਨ। ਈਰਾਨ ਦਾ ਮਿਜ਼ਾਈਲ ਪ੍ਰੋਗਰਾਮ ਮੱਧ ਪੂਰਬ ਵਿੱਚ ਸਭ ਤੋਂ ਵੱਡਾ ਅਤੇ ਸਭ ਤੋਂ ਵਿਭਿੰਨ ਮੰਨਿਆ ਜਾਂਦਾ ਹੈ।

ਸਾਲ 2022 ਵਿੱਚ ਯੂਐੱਸ ਸੈਂਟਰਲ ਕਮਾਂਡ ਦੇ ਜਨਰਲ ਕੈਨੇਥ ਮੈਕੇਂਜੀ ਨੇ ਕਿਹਾ ਸੀ ਕਿ ਈਰਾਨ ਕੋਲ '3,000 ਤੋਂ ਵੱਧ' ਬੈਲਿਸਟਿਕ ਮਿਜ਼ਾਈਲਾਂ ਹਨ। ਸੀਐੱਸਆਈਐੱਸ ਮਿਜ਼ਾਈਲ ਡਿਫੈਂਸ ਪ੍ਰੋਜੈਕਟ ਦੇ ਮੁਤਾਬਕ ਇਜ਼ਰਾਈਲ ਕਈ ਦੇਸ਼ਾਂ ਨੂੰ ਮਿਜ਼ਾਈਲਾਂ ਬਰਾਮਦ ਵੀ ਕਰਦਾ ਹੈ।

### ਈਰਾਨ ਦੀਆਂ ਮਿਜ਼ਾਈਲਾਂ ਅਤੇ ਡਰੋਨ

ਈਰਾਨ ਨੇ 1980 ਤੋਂ 1988 ਤੱਕ ਆਪਣੇ ਗੁਆਂਢੀ ਦੇਸ਼ ਈਰਾਕ ਨਾਲ ਲੜਾਈ ਤੋਂ ਬਾਅਦ ਆਪਣੇ ਮਿਜ਼ਾਈਲ ਸਿਸਟਮ ਅਤੇ ਡਰੋਨਾਂ 'ਤੇ ਵਿਆਪਕ ਕੰਮ ਕੀਤਾ ਹੈ। ਇਸ ਨੇ ਛੋਟੀ ਅਤੇ ਲੰਬੀ ਦੂਰੀ ਦੀਆਂ ਮਿਜ਼ਾਈਲਾਂ ਅਤੇ ਡਰੋਨ ਵਿਕਸਿਤ ਕੀਤੇ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਹਾਲ ਹੀ ਵਿੱਚ ਇਜ਼ਰਾਈਲ 'ਤੇ ਦਾਗੇ ਗਏ ਸਨ। ਹੂਤੀ ਵਿਦਰੋਹੀਆਂ ਵੱਲੋਂ ਸਾਊਦੀ ਅਰਬ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਮਿਜ਼ਾਈਲਾਂ ਦਾ ਅਧਿਐਨ ਕਰਨ ਵਾਲੇ ਵਿਸ਼ਲੇਸ਼ਕਾਂ ਨੇ ਸਿੱਟਾ ਕੱਢਿਆ ਹੈ ਕਿ ਉਹ ਈਰਾਨ ਵਿੱਚ ਬਣੀਆਂ ਸਨ।

### ਲੰਬੀ ਦੂਰੀ ਦੇ ਹਮਲੇ ਰਾਹੀਂ 'ਸਜ਼ਾ' ਦਿਓ

ਡਿਫੈਂਸ ਆਈ ਦੇ ਟਿਮ ਰਿਪਲੇ ਦਾ ਕਹਿਣਾ ਹੈ ਕਿ ਇਜ਼ਰਾਈਲ ਦੀ ਈਰਾਨ ਨਾਲ ਜ਼ਮੀਨੀ ਲੜਾਈ ਕਰਨ ਦੀ ਸੰਭਾਵਨਾ ਬਹੁਤ ਘੱਟ ਹੈ, ਇਜ਼ਰਾਈਲ ਦਾ ਵੱਡਾ ਫਾਇਦਾ ਇਸ ਦੀ ਹਵਾਈ ਸ਼ਕਤੀ ਅਤੇ ਇਸ ਦੇ ਮਾਰਗਦਰਸ਼ਨ ਕਰਨ ਵਾਲੇ ਹਥਿਆਰ ਹਨ। "ਇਸ ਲਈ ਇਸ ਦੀ ਈਰਾਨ ਵਿੱਚ ਮੁੱਖ ਟੀਚਿਆਂ ਖ਼ਿਲਾਫ਼ ਹਵਾਈ ਹਮਲੇ ਕਰਨ ਦੀ ਸਮਰੱਥਾ ਹੈ।'' ਰਿਪਲੇ ਦਾ ਕਹਿਣਾ ਹੈ ਕਿ ਇਜ਼ਰਾਈਲ ਵੱਲੋਂ ਅਧਿਕਾਰੀਆਂ ਨੂੰ ਮਾਰਨ ਅਤੇ ਹਵਾ ਵਿੱਚੋਂ ਹੀ ਤੇਲ ਦੇ ਸਥਾਨਾਂ ਨੂੰ ਨਸ਼ਟ ਕਰਨ ਦੀ ਸਭ ਤੋਂ ਵੱਧ ਸੰਭਾਵਨਾ ਹੈ। ''ਵਿਰੋਧੀ ਨੂੰ ਸਜ਼ਾ ਦੇਣਾ ਇਸ ਦੇ ਕੇਂਦਰ ਵਿੱਚ ਹੈ.. ਇਜ਼ਰਾਈਲੀ ਫੌਜੀ ਅਤੇ ਰਾਜਨੀਤਿਕ ਨੇਤਾ ਹਰ ਸਮੇਂ ਇਸ ਸ਼ਬਦ ਦੀ ਵਰਤੋਂ ਕਰਦੇ ਹਨ।''

''ਇਹ ਉਨ੍ਹਾਂ ਦੇ ਫ਼ਲਸਫੇ ਦਾ ਹਿੱਸਾ ਹੈ ਕਿ ਉਨ੍ਹਾਂ ਨੂੰ ਆਪਣੇ ਵਿਰੋਧੀਆਂ ਨੂੰ ਇਜ਼ਰਾਈਲ ਦੇ ਖ਼ਿਲਾਫ਼ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਦੋ ਵਾਰ ਸੋਚਣ ਲਈ ਮਜਬੂਰ ਕਰਨ ਦਾ ਕਸ਼ਟ ਦੇਣਾ ਹੈ।''

ਪਿਛਲੇ ਸਮੇਂ ਵਿੱਚ ਹਵਾਈ ਹਮਲਿਆਂ ਵਿੱਚ ਉੱਚੇ ਅਹੁਦਿਆਂ ਵਾਲੇ ਈਰਾਨੀ ਫੌਜੀ ਅਤੇ ਨਾਗਰਿਕ ਮਾਰੇ ਗਏ ਹਨ, ਜਿਸ ਵਿੱਚ 1 ਅਪ੍ਰੈਲ ਨੂੰ ਸੀਰੀਆ ਦੀ ਰਾਜਧਾਨੀ ਵਿੱਚ ਇੱਕ ਈਰਾਨੀ ਵਣਜ ਦੂਤਘਰ ਦੀ ਇਮਾਰਤ ਨੂੰ ਤਬਾਹ ਕਰਨਾ ਵੀ ਸ਼ਾਮਲ ਹੈ, ਜਿਸਨੇ ਈਰਾਨ ਨੂੰ ਹਮਲਾ ਕਰਨ ਲਈ ਉਕਸਾਇਆ ਸੀ। ਇਜ਼ਰਾਈਲ ਨੇ ਪ੍ਰਮੁੱਖ ਈਰਾਨੀ ਅਧਿਕਾਰੀਆਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਕਈ ਹਮਲਿਆਂ ਦੀ ਜ਼ਿੰਮੇਵਾਰੀ ਨਹੀਂ ਲਈ ਹੈ। ਪਰ ਨਾ ਹੀ ਇਸ ਨੇ ਜ਼ਿੰਮੇਵਾਰੀ ਤੋਂ ਇਨਕਾਰ ਕੀਤਾ ਹੈ। ਆਈਆਈਐੱਸਐੱਸ ਦੀਆਂ ਰਿਪੋਰਟਾਂ ਮੁਤਾਬਕ ਈਰਾਨ ਦੀ ਜਲ ਸੈਨਾ ਕੋਲ ਲਗਭਗ 220 ਜਹਾਜ਼ ਹਨ, ਜਦੋਂ ਕਿ ਇਜ਼ਰਾਈਲ ਕੋਲ ਤਕਰੀਬਨ 60 ਜਹਾਜ਼ ਹਨ।

### ਸਾਈਬਰ ਹਮਲੇ

ਸਾਈਬਰ ਹਮਲੇ ਵਿੱਚ ਈਰਾਨ ਦੀ ਤੁਲਨਾ ਵਿੱਚ ਇਜ਼ਰਾਈਲ ਕੋਲ ਗੁਆਉਣ ਲਈ ਹੋਰ ਵੀ ਬਹੁਤ ਕੁਝ ਹੈ। ਈਰਾਨ ਦੀ ਰੱਖਿਆ ਪ੍ਰਣਾਲੀ ਇਜ਼ਰਾਈਲ ਦੇ ਮੁਕਾਬਲੇ ਤਕਨੀਕੀ ਤੌਰ 'ਤੇ ਘੱਟ ਵਿਕਸਿਤ ਹੈ, ਇਸ ਲਈ ਇਜ਼ਰਾਈਲ ਦੀ ਫੌਜ 'ਤੇ ਇਲੈਕਟ੍ਰਾਨਿਕ ਹਮਲੇ ਨਾਲ ਬਹੁਤ ਕੁਝ ਹਾਸਲ ਹੋ ਸਕਦਾ ਹੈ। ਇਜ਼ਰਾਈਲ ਦੀ ਸਰਕਾਰ ਦੇ ਨੈਸ਼ਨਲ ਸਾਈਬਰ ਡਾਇਰੈਕਟੋਰੇਟ ਦਾ ਕਹਿਣਾ ਹੈ, ''ਸਾਈਬਰ ਹਮਲਿਆਂ ਦੀ ਤੀਬਰਤਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਹੈ, ਇਹ ਘੱਟੋ ਘੱਟ ਤਿੰਨ ਗੁਣਾ ਜ਼ਿਆਦਾ ਹੈ ਅਤੇ ਹਰ ਇਜ਼ਰਾਈਲ ਖੇਤਰ ਵਿੱਚ ਹਮਲੇ ਹੋ ਰਹੇ ਹਨ।'' ''ਯੁੱਧ ਦੇ ਦੌਰਾਨ ਈਰਾਨ ਅਤੇ ਹਿਜ਼ਬੁੱਲ੍ਹਾ (ਲੇਬਨਾਨੀ ਅੱਤਵਾਦੀ ਅਤੇ ਰਾਜਨੀਤਿਕ ਸੰਗਠਨ) ਵਿਚਕਾਰ ਸਹਿਯੋਗ ਵਧਿਆ ਹੈ।'' ਉਨ੍ਹਾਂ ਦੱਸਿਆ ਕਿ 7 ਅਕਤੂਬਰ ਦੇ ਹਮਲਿਆਂ ਤੋਂ 2023 ਦੇ ਅੰਤ ਤੱਕ 3,380 ਸਾਈਬਰ ਹਮਲੇ ਹੋਏ ਸਨ। ਈਰਾਨ ਦੇ ਨਾਗਰਿਕ ਸੁਰੱਖਿਆ ਸੰਗਠਨ ਦੇ ਮੁਖੀ, ਬ੍ਰਿਗੇਡੀਅਰ ਜਨਰਲ ਘੋਲਮਰੇਜ਼ਾ ਜਲਾਲੀ ਨੇ ਕਿਹਾ ਕਿ ਈਰਾਨ ਨੇ ਹਾਲ ਹੀ ਵਿੱਚ ਹੋਈਆਂ ਸੰਸਦੀ ਚੋਣਾਂ ਤੋਂ ਪਹਿਲਾਂ ਮਹੀਨੇ ਵਿੱਚ ਤਕਰੀਬਨ 200 ਸਾਈਬਰ-ਹਮਲਿਆਂ ਨੂੰ ਨਾਕਾਮ ਕਰ ਦਿੱਤਾ। ਦਸੰਬਰ ਵਿੱਚ, ਈਰਾਨ ਦੇ ਤੇਲ ਮੰਤਰੀ ਜਾਵੇਦ ਓਜੀ ਨੇ ਕਿਹਾ ਕਿ ਇੱਕ ਸਾਈਬਰ ਹਮਲੇ ਕਾਰਨ ਦੇਸ਼ ਭਰ ਵਿੱਚ ਪੈਟਰੋਲ ਸਟੇਸ਼ਨਾਂ ਨੂੰ ਵਿਘਨ ਦਾ ਸਾਹਮਣਾ ਕਰਨਾ ਪਿਆ ਸੀ।

### ਪਰਮਾਣੂ ਖਤਰਾ

ਮੰਨਿਆ ਜਾਂਦਾ ਹੈ ਕਿ ਇਜ਼ਰਾਇਲ ਕੋਲ ਆਪਣੇ ਪਰਮਾਣੂ ਹਥਿਆਰ ਹਨ, ਪਰ ਉਹ ਜਾਣਬੁਝ ਕੇ ਅਸਪੱਸ਼ਟਤਾ ਦੀ ਅਧਿਕਾਰਤ ਨੀਤੀ ਬਣਾਈ ਰੱਖਦਾ ਹੈ। ਇਹ ਨਹੀਂ ਮੰਨਿਆ ਜਾਂਦਾ ਕਿ ਈਰਾਨ ਕੋਲ ਪਰਮਾਣੂ ਹਥਿਆਰ ਹਨ ਅਤੇ ਇਸ ਦੇ ਉਲਟ ਦੋਸ਼ਾਂ ਦੇ ਬਾਵਜੂਦ, ਉਹ ਇਸ ਗੱਲ ਤੋਂ ਇਨਕਾਰ ਕਰਦਾ ਹੈ ਕਿ ਉਹ ਪਰਮਾਣੂ ਹਥਿਆਰਬੰਦ ਦੇਸ਼ ਬਣਨ ਲਈ ਆਪਣੇ ਸਿਵਿਲ ਪਰਮਾਣੂ ਪ੍ਰੋਗਰਾਮ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

### ਭੂਗੋਲ ਅਤੇ ਜਨ ਸੰਖਿਆ

ਈਰਾਨ ਇਜ਼ਰਾਈਲ ਨਾਲੋਂ ਬਹੁਤ ਵੱਡਾ ਦੇਸ਼ ਹੈ ਅਤੇ ਇਸ ਦੀ ਆਬਾਦੀ (ਤਕਰੀਬਨ 890 ਲੱਖ) ਇਜ਼ਰਾਈਲ (1 ਕਰੋੜ) ਨਾਲੋਂ ਤਕਰੀਬਨ 10 ਗੁਣਾ ਹੈ। ਈਰਾਨ ਕੋਲ ਇਜ਼ਰਾਈਲ ਦੇ ਮੁਕਾਬਲੇ ਛੇ ਗੁਣਾ ਵੱਧ ਫ਼ੌਜੀ ਹਨ। ਆਈਆਈਐੱਸਐੱਸ ਦਾ ਕਹਿਣਾ ਹੈ ਕਿ ਈਰਾਨ ਵਿੱਚ 600,000 ਕਾਰਜਕਾਰੀ ਸੈਨਿਕ ਹਨ, ਜਦੋਂ ਕਿ ਇਜ਼ਰਾਈਲ ਵਿੱਚ 1,70,000 ਹਨ।

### ਇਜ਼ਰਾਈਲ ਜਵਾਬੀ ਕਾਰਵਾਈ ਕਿਵੇਂ ਕਰ ਸਕਦਾ ਹੈ?

ਤਲ ਅਵੀਵ ਯੂਨੀਵਰਸਿਟੀ ਨਾਲ ਜੁੜੇ ਮੱਧ ਪੂਰਬ ਦੇ ਖੋਜਕਰਤਾ ਡਾਕਟਰ ਐਰਿਕ ਰੌਡਸਕੀ ਦਾ ਕਹਿਣਾ ਹੈ ਕਿ ਜਦੋਂ ਈਰਾਨ ਨੇ ਹਮਲਾ ਕੀਤਾ ਤਾਂ ਇਜ਼ਰਾਈਲ ਅਲਰਟ ਦੀ ਉੱਚੀ ਸਥਿਤੀ ਦਾ ਐਲਾਨ ਕਰਕੇ ਅਸਫਲਤਾ ਦੀ ਜ਼ਿੰਮੇਵਾਰੀ ਸਵੀਕਾਰ ਕਰ ਸਕਦਾ ਹੈ। ਗੁਆਂਢੀ ਦੇਸ਼ਾਂ ਵਿੱਚ ਈਰਾਨ ਸਮਰਥਿਤ ਅੱਤਵਾਦੀ ਨਿਯਮਿਤ ਤੌਰ 'ਤੇ ਇਜ਼ਰਾਈਲੀ ਹਿੱਤਾਂ 'ਤੇ ਹਮਲੇ ਕਰਦੇ ਹਨ ਅਤੇ ਨਿਸ਼ਾਨਾ ਬਣ ਸਕਦੇ ਹਨ। ਜੇਨਜ਼ ਦੇ ਮੱਧ ਪੂਰਬ ਦੇ ਰੱਖਿਆ ਮਾਹਿਰ, ਜੇਰੇਮੀ ਬਿੰਨੀ ਦਾ ਕਹਿਣਾ ਹੈ ਕਿ ਇਜ਼ਰਾਈਲ ਵੱਲੋਂ ਤੁਰੰਤ ਜਵਾਬੀ ਕਾਰਵਾਈ ਕਰਨ ਦੀ ਸੰਭਾਵਨਾ ਨਹੀਂ ਹੈ, ''ਸੰਭਾਵਿਤ ਤੌਰ 'ਤੇ, ਜੇਕਰ ਉਹ ਜਵਾਬੀ ਕਾਰਵਾਈ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਕੋਲ ਕਈ ਬਦਲ ਹਨ, ਜਿਵੇਂ ਕਿ ਲੇਬਨਾਨ ਜਾਂ ਸੀਰੀਆ 'ਤੇ ਬੰਬ ਸੁੱਟਣਾ।'' ਬਿੰਨੀ ਨੂੰ ਸ਼ੱਕ ਹੈ ਕਿ ਇੱਥੇ ਰਵਾਇਤੀ ਪੱਧਰ 'ਤੇ ਜੰਗ ਹੋਵੇਗੀ। ''ਫੌਜ ਲੜਨ ਨਹੀਂ ਜਾ ਰਹੀ, ਜਲ ਸੈਨਾ ਨਹੀਂ ਲੜ ਰਹੀ, ਉਹ (ਈਰਾਨ ਅਤੇ ਇਜ਼ਰਾਈਲ) ਇੱਕ ਦੂਜੇ ਤੋਂ ਬਹੁਤ ਦੂਰ ਹਨ।'' ''ਅਸੀਂ ਅਜਿਹੀ ਸਥਿਤੀ 'ਤੇ ਵਿਚਾਰ ਕਰ ਰਹੇ ਹਾਂ ਜਿੱਥੇ ਦੋਵੇਂ ਧਿਰਾਂ ਕੋਲ ਦੂਜੇ ਪਾਸੇ ਦੀ ਹਵਾਈ ਰੱਖਿਆ ਦੇ ਮੁਕਾਬਲੇ ਲੰਬੀ ਦੂਰੀ ਤੱਕ ਮਾਰ ਕਰਨ ਦੀ ਸਮਰੱਥਾ ਹੋਵੇ।''

''ਅਸੀਂ ਸ਼ਨੀਵਾਰ ਅਤੇ ਐਤਵਾਰ ਨੂੰ ਈਰਾਨ ਦੀ ਲੰਬੀ ਦੂਰੀ ਦੀ ਮਾਰਨ ਦੀ ਸਮਰੱਥਾ ਬਨਾਮ ਇਜ਼ਰਾਈਲ ਦੀ ਰੱਖਿਆ ਪ੍ਰਣਾਲੀ ਨਾਲ ਇਸ ਦਾ ਇੱਕ ਪੱਖ ਦੇਖਿਆ ਹੈ।'' ਉਨ੍ਹਾਂ ਦਾ ਕਹਿਣਾ ਹੈ ਕਿ ਇਜ਼ਰਾਈਲ ਨੂੰ ਇਸ ਲਈ ਸੀਰੀਆ, ਜਾਰਡਨ ਅਤੇ ਇਰਾਕ ਵਰਗੇ ਪ੍ਰਭੂਸੱਤਾ ਸੰਪੰਨ ਦੇਸ਼ਾਂ ਦੇ ਹਵਾਈ ਖੇਤਰ ਦੀ ਉਲੰਘਣਾ ਕਰਨੀ ਪਵੇਗੀ। ਹਾਲਾਂਕਿ, ਇਜ਼ਰਾਈਲ ਕੋਲ ਇੱਕ ਤਜਰਬੇਕਾਰ ਗੁਪਤ ਸੇਵਾ ਹੈ ਜੋ ਈਰਾਨ ਦੇ ਅੰਦਰ ਗੁਪਤ ਕਾਰਵਾਈਆਂ ਕਰ ਸਕਦੀ ਹੈ।




### 'ਈਰਾਨ ਕਾਰਡ'

ਮੱਧ ਪੂਰਬ ਮਾਮਲਿਆਂ ਦੇ ਮਾਹਰ ਤਾਰਿਕ ਸੁਲੇਮਾਨ ਨੇ ਦੱਸਿਆ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਜੰਗ ਦੇ ਹੋਰ ਵਧਣ ਦੀ ਕੋਈ ਸੰਭਾਵਨਾ ਨਹੀਂ ਹੈ। ਪਰ ਉਨ੍ਹਾਂ ਚਿਤਾਵਨੀ ਦਿੱਤੀ ਕਿ ਇਜ਼ਰਇਲ ਦੀ ਸੰਸਦ ਅਤੇ ਕੈਬਨਿਟ ਵਿੱਚ ਯੁੱਧ ਪੱਖੀ ਮੈਂਬਰ ਹਨ ਜੋ ਯੁੱਧ ਚਾਹੁੰਦੇ ਹਨ, ਅਤੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ 'ਤੇ ਕਾਰਵਾਈ ਕਰਨ ਲਈ ਦਬਾਅ ਪਾ ਰਹੇ ਹਨ। ''ਜਦੋਂ ਵੀ ਨੇਤਨਯਾਹੂ ਖ਼ੁਦ ਨੂੰ ਰਾਜਨੀਤਿਕ ਤੌਰ 'ਤੇ ਕਮਜ਼ੋਰ ਮਹਿਸੂਸ ਕਰਦੇ ਹਨ, ਉਹ ਤੁਰੰਤ ਈਰਾਨ ਕਾਰਡ ਖੇਡਦੇ ਹਨ।'' ਇਜ਼ਰਾਈਲ ਦੀ ਹਿਬਰੂ ਯੂਨੀਵਰਸਿਟੀ ਦੁਆਰਾ ਕਰਵਾਏ ਗਏ ਇੱਕ ਸਰਵੇਖਣ ਵਿੱਚ ਪਾਇਆ ਗਿਆ ਕਿ ਜੇਕਰ ਅਜਿਹੀ ਕਾਰਵਾਈ ਨਾਲ ਸਹਿਯੋਗੀਆਂ ਨਾਲ ਇਜ਼ਰਾਈਲ ਦੇ ਸੁਰੱਖਿਆ ਗਠਜੋੜ ਨੂੰ ਨੁਕਸਾਨ ਹੋਣ ਦੀ ਸੂਰਤ ਵਿੱਚ ਲਗਭਗ ਤਿੰਨ- ਚੌਥਾਈ ਇਜ਼ਰਾਈਲੀ ਜਨਤਾ ਈਰਾਨ 'ਤੇ ਜਵਾਬੀ ਹਮਲੇ ਦਾ ਵਿਰੋਧ ਕਰਦੀ ਹੈ।

ਯੂਨੀਵਰਸਿਟੀ ਦੇ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਸਰਵੇਖਣ 14 ਅਤੇ 15 ਅਪ੍ਰੈਲ ਨੂੰ ਇੰਟਰਨੈੱਟ ਅਤੇ ਟੈਲੀਫ਼ੋਨ ਜ਼ਰੀਏ ਕੀਤਾ ਗਿਆ ਸੀ। ਇਸ ਵਿੱਚ ਯਹੂਦੀ ਅਤੇ ਅਰਬ ਦੋਵਾਂ ਬਾਲਗ ਇਜ਼ਰਾਈਲੀਆਂ ਦੀ ਨੁਮਾਇੰਦਗੀ ਕਰਨ ਵਾਲੇ 1,466 ਮਰਦਾਂ ਅਤੇ ਔਰਤਾਂ ਦੇ ਵਿਚਾਰ ਲਏ ਗਏ ਸਨ।

### ਇਜ਼ਰਾਈਲ ਅਤੇ ਈਰਾਨ ਦੀ 'ਪ੍ਰੌਕਸੀ ਜੰਗ' ਕੀ ਹੈ

ਹਾਲਾਂਕਿ ਇਜ਼ਰਾਈਲ ਅਤੇ ਈਰਾਨ ਨੇ ਅੱਜ ਤੱਕ ਕੋਈ ਰਸਮੀ ਜੰਗ ਨਹੀਂ ਲੜੀ ਹੈ, ਪਰ ਦੋਵੇਂ ਦੇਸ਼ ਅਣਅਧਿਕਾਰਤ ਸੰਘਰਸ਼ ਵਿੱਚ ਰਹੇ ਹਨ। ਈਰਾਨ ਸਮੇਤ ਹੋਰ ਦੇਸ਼ਾਂ ਦੇ ਮਹੱਤਵਪੂਰਨ ਈਰਾਨੀ ਵਿਅਕਤੀ ਵਿਆਪਕ ਤੌਰ 'ਤੇ ਇਜ਼ਰਾਈਲ ਦੇ ਕਥਿਤ ਹਮਲਿਆਂ ਵਿੱਚ ਮਾਰੇ ਜਾਂਦੇ ਹਨ, ਜਦੋਂ ਕਿ ਈਰਾਨ ਆਪਣੇ ਨੁਮਾਇੰਦਿਆਂ ਜ਼ਰੀਏ ਇਜ਼ਰਾਈਲ ਨੂੰ ਨਿਸ਼ਾਨਾ ਬਣਾਉਂਦਾ ਹੈ। ਅੱਤਵਾਦੀ ਅਤੇ ਰਾਜਨੀਤਿਕ ਸਮੂਹ ਹਿਜ਼ਬੁੱਲ੍ਹਾ ਲੇਬਨਾਨ ਤੋਂ ਇਜ਼ਰਾਈਲ ਦੇ ਖ਼ਿਲਾਫ਼ ਈਰਾਨ ਦੀ ਸਭ ਤੋਂ ਵੱਡੀ ਪ੍ਰੌਕਸੀ ਜੰਗ ਲੜ ਰਿਹਾ ਹੈ। ਈਰਾਨ ਹਿਜ਼ਬੁੱਲ੍ਹਾ ਨੂੰ ਸਮਰਥਨ ਦੇਣ ਤੋਂ ਇਨਕਾਰ ਨਹੀਂ ਕਰਦਾ ਹੈ।

ਗਾਜ਼ਾ ਵਿੱਚ ਹਮਾਸ ਲਈ ਇਸ ਦਾ ਸਮਰਥਨ ਅਜਿਹਾ ਹੀ ਹੈ। ਹਮਾਸ ਨੇ 7 ਅਕਤੂਬਰ ਨੂੰ ਇਜ਼ਰਾਈਲ 'ਤੇ ਹਮਲੇ ਕੀਤੇ ਸਨ, ਅਤੇ ਦਹਾਕਿਆਂ ਤੋਂ ਗਾਜ਼ਾ ਪੱਟੀ ਤੋਂ ਇਜ਼ਰਾਈਲੀ ਖੇਤਰਾਂ 'ਤੇ ਰਾਕੇਟ ਦਾਗੇ ਜਾ ਰਹੇ ਹਨ।

ਇਜ਼ਰਾਈਲ ਅਤੇ ਪੱਛਮੀ ਸ਼ਕਤੀਆਂ ਦਾ ਮੰਨਣਾ ਹੈ ਕਿ ਈਰਾਨ ਹਮਾਸ ਨੂੰ ਹਥਿਆਰ, ਗੋਲਾ ਬਾਰੂਦ ਅਤੇ ਸਿਖਲਾਈ ਪ੍ਰਦਾਨ ਕਰਦਾ ਹੈ। ਯਮਨ ਵਿੱਚ ਹੂਤੀ ਨੂੰ ਵਿਆਪਕ ਤੌਰ 'ਤੇ ਇੱਕ ਹੋਰ ਈਰਾਨੀ ਪ੍ਰਤੀਨਿਧ (ਪ੍ਰੌਕਸੀ) ਵਜੋਂ ਦੇਖਿਆ ਜਾਂਦਾ ਹੈ। ਸਾਊਦੀ ਅਰਬ ਦਾ ਕਹਿਣਾ ਹੈ ਕਿ ਉਸ 'ਤੇ ਦਾਗੀਆਂ ਗਈਆਂ ਹੂਤੀ ਮਿਜ਼ਾਈਲਾਂ ਈਰਾਨ ਵਿੱਚ ਬਣੀਆਂ ਸਨ। ਈਰਾਨ ਸਮਰਥਿਤ ਸਮੂਹ ਈਰਾਕ ਅਤੇ ਸੀਰੀਆ ਵਿੱਚ ਵੀ ਕਾਫ਼ੀ ਤਾਕਤ ਰੱਖਦੇ ਹਨ। ਈਰਾਨ ਸੀਰੀਆ ਦੀ ਸਰਕਾਰ ਦਾ ਸਮਰਥਨ ਕਰਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਉਹ ਇਜ਼ਰਾਈਲ 'ਤੇ ਹਮਲਿਆਂ ਲਈ ਸੀਰੀਆ ਦੇ ਖੇਤਰ ਦੀ ਵਰਤੋਂ ਕਰਦਾ ਹੈ।

# ਚੋਣ ਸੁਧਾਰਾਂ ਤੋਂ ਇਨਕਾਰ ਕਰਨ ਦਾ ਰੁਝਾਨ ਕਿਉਂ?

ਅਮਰੀਕਾ ਦੇ ਮਸ਼ਹੂਰ ਲੇਖਕ ਅਤੇ ਅਭਿਨੇਤਾ ਰਾਡਨੀ ਡੇਂਜਰਫੀਲਡ ਨੇ ਇਕ ਸਮੇਂ ਕਿਹਾ ਸੀ, ''20 ਸਾਲ ਦੀ ਉਮਰ ਵਿਚ ਵਿਅਕਤੀ ਜੁਝਾਰੂ ਅਤੇ ਆਸ਼ਾਵਾਨ ਹੁੰਦਾ ਹੈ। ਉਹ ਦੁਨੀਆ ਬਦਲਣੀ ਚਾਹੁੰਦਾ ਹੈ। ਸੱਤਰ ਸਾਲ ਦਾ ਹੋਣ 'ਤੇ ਉਹ ਬਦਲਣਾ ਤਾਂ ਚਾਹੁੰਦਾ ਹੈ ਪਰ ਜਾਣ ਜਾਂਦਾ ਹੈ ਕਿ ਬਦਲ ਨਹੀਂ ਸਕਦਾ।'' ਭਾਰਤ 'ਤੇ ਇਹ ਕਥਨ ਪੂਰੀ ਤਰ੍ਹਾਂ ਲਾਗੂ ਹੁੰਦਾ ਹੈ। ਭਾਰਤੀ ਗਣਤੰਤਰ ਦੀ ਉਮਰ ਜਿਵੇਂ-ਜਿਵੇਂ ਵਧ ਰਹੀ ਹੈ, ਸੁਧਾਰ ਕਰਨਾ ਔਖਾ ਹੁੰਦਾ ਜਾ ਰਿਹਾ ਹੈ। ਚੋਣ ਸੁਧਾਰਾਂ 'ਤੇ ਅੱਗੇ ਵਧਣ ਦੀ ਜਗ੍ਹਾ ਪਿੱਛੇ ਹਟਣ ਦੀਆਂ ਗੱਲਾਂ ਹੋਣ ਲੱਗੀਆਂ ਹਨ।

ਬਿਹਤਰ ਨੁਮਾਇੰਦਗੀ ਲਈ ਅਨੁਪਾਤਕ ਪ੍ਰਤੀਨਿਧਤਾ 'ਤੇ ਵਿਚਾਰ ਦੀ ਗੱਲ ਤਾਂ ਛੱਡ ਦਿਉ, ਵਧਦੀ ਚੋਣ ਹਿੰਸਾ, ਧਾਂਦਲੀ ਅਤੇ ਚੋਣਾਂ ਦੀ ਵਧਦੀ ਦੁਹਰਾਈ ਨੂੰ ਦੇਖਦੇ ਹੋਏ ਜਿਨ੍ਹਾਂ ਈਵੀਐੱਮਜ਼ ਦਾ ਵਿਕਾਸ ਕੀਤਾ ਗਿਆ, ਉਨ੍ਹਾਂ ਦੀ ਭਰੋਸੇਯੋਗਤਾ ਸਵਾਲਾਂ ਦੇ ਘੇਰੇ ਵਿਚ ਹੈ। ਮਸ਼ੀਨਾਂ ਨਾਲੋਂ ਪਰਚੀਆਂ ਰਾਹੀਂ ਵੋਟਾਂ ਪੁਆਉਣ ਦੀ ਅਪੀਲ ਕੀਤੀ ਜਾ ਰਹੀ ਹੈ। ਚੋਣਾਂ ਨੂੰ ਲੈ ਕੇ ਸਭ ਤੋਂ ਵੱਡੀ ਸਮੱਸਿਆ ਪ੍ਰਚਾਰ 'ਤੇ ਖ਼ਰਚ ਕਰਨ ਅਤੇ ਉਸ ਦੇ ਲਈ ਜ਼ਰੂਰੀ ਚੰਦੇ ਦੀ ਹੈ ਜਿਸ ਦੇ ਹੱਲ ਲਈ ਆਜ਼ਾਦੀ ਤੋਂ ਪਹਿਲਾਂ ਤੋਂ ਹੀ ਮੰਥਨ ਹੁੰਦਾ ਆ ਰਿਹਾ ਹੈ। ਗਾਂਧੀ ਜੀ ਨੇ ਕਦੇ ਕਿਹਾ ਸੀ ਕਿ ਭਾਰਤ ਵਰਗੇ ਗ਼ਰੀਬ ਦੇਸ਼ ਵਿਚ ਜੇ ਉਮੀਦਵਾਰ ਆਪਣੀਆਂ ਚੋਣਾਂ ਵਿਚ 60 ਹਜ਼ਾਰ ਤੋਂ ਇਕ ਲੱਖ ਰੁਪਏ ਖ਼ਰਚ ਕਰਨਗੇ ਤਾਂ ਕੈਸਾ ਘੋਰ ਅਨਿਆਂ ਹੋਵੇਗਾ? ਗਾਂਧੀ ਜੀ ਦੀ ਚਿੰਤਾ ਉਨ੍ਹਾਂ ਦੇ ਨਾਲ ਚਲੀ ਗਈ। ਉਨ੍ਹਾਂ ਤੋਂ ਬਾਅਦ ਜਨਤਕ ਜੀਵਨ ਵਿਚ ਫੈਲਦੇ ਭ੍ਰਿਸ਼ਟਾਚਾਰ ਤੋਂ ਚਿੰਤਤ ਹੋ ਕੇ ਲਾਲ ਬਹਾਦਰ ਸ਼ਾਸਤਰੀ ਨੇ ਗਾਂਧੀਵਾਦੀ ਕੇ। ਸੰਥਾਨਮ ਦੀ ਪ੍ਰਧਾਨਗੀ ਵਿਚ ਇਕ ਕਮੇਟੀ ਬਣਾਈ ਜਿਸ ਨੇ ਆਪਣੀ ਰਿਪੋਰਟ ਵਿਚ ਇਹ ਸੁਝਾਅ ਵੀ ਦਿੱਤਾ ਕਿ ਸਾਰੀਆਂ ਪਾਰਟੀਆਂ ਨੂੰ ਹਰ ਸਰੋਤ ਤੋਂ ਮਿਲੇ ਚੰਦੇ ਅਤੇ ਉਸ ਦੇ ਖ਼ਰਚੇ ਦਾ ਪੂਰਾ ਹਿਸਾਬ ਰੱਖਣਾ ਅਤੇ ਉਸ ਦਾ ਬਿਓਰਾ ਆਡਿਟ ਦੇ ਨਾਲ ਹਰ




ਸਾਲ ਦੇਣਾ ਚਾਹੀਦਾ ਹੈ। ਚੋਣ ਬਾਂਡਾਂ 'ਤੇ ਵਿਵਾਦ ਦੇ ਪਿਛੋਕੜ ਵਿਚ ਸੰਥਾਨਮ ਕਮੇਟੀ ਦੀ ਉਹ ਸਿਫ਼ਾਰਸ਼ ਹੋਰ ਵੀ ਪ੍ਰਸੰਗਿਕ ਹੋ ਜਾਂਦੀ ਹੈ। ਚੋਣ ਪ੍ਰਚਾਰ 'ਤੇ ਹੋਣ ਵਾਲਾ ਔਸਤ ਖ਼ਰਚਾ ਵਿਧਾਨ ਸਭਾ ਲਈ 20 ਕਰੋੜ ਅਤੇ ਸੰਸਦੀ ਚੋਣਾਂ ਲਈ 50 ਕਰੋੜ ਤੱਕ ਜਾ ਪੁੱਜਾ ਹੈ। ਚੋਣ ਕਮਿਸ਼ਨ ਨੇ ਵਿਧਾਨ ਸਭਾ ਚੋਣਾਂ ਲਈ 40 ਲੱਖ ਤੇ ਲੋਕ ਸਭਾ ਚੋਣਾਂ ਲਈ 95 ਲੱਖ ਦੀ ਜ਼ਿਆਦਾ ਤੋਂ ਜ਼ਿਆਦਾ ਹੱਦ ਤੈਅ ਕੀਤੀ ਹੈ ਜੋ ਹਾਸੋਹੀਣੇ ਰੂਪ ਨਾਲ ਘੱਟ ਹੈ। ਦੁਨੀਆ ਜਾਣਦੀ ਹੈ ਕਿ ਚੋਣਾਂ ਵਿਚ ਚੋਣ ਕਮਿਸ਼ਨ ਵੱਲੋਂ ਮਿੱਥੀ ਗਈ ਰਕਮ ਤੋਂ ਕਿਧਰੇ ਵੱਧ ਖ਼ਰਚਾ ਹੁੰਦਾ ਹੈ ਜਿਸ ਦਾ ਹਿਸਾਬ ਕਿਤਾਬ ਨਾ ਰੱਖਿਆ ਜਾਂਦਾ ਹੈ ਅਤੇ ਨਾ ਹੀ ਦਿੱਤਾ ਜਾਂਦਾ ਹੈ। ਅਜਿਹੀ ਸਥਿਤੀ ਵਿਚ ਬਾਹੂਬਲ ਤੋਂ ਵੀ ਕਿਤੇ ਵੱਧ ਧਨ ਦਾ ਬਲ ਚੱਲਦਾ ਹੈ।

ਜ਼ਾਬਤੇ ਦੀਆਂ ਧੱਜੀਆਂ ਉਡਣਾ ਆਮ ਵਰਤਾਰਾ ਹੈ। ਇਸ ਤੋਂ ਚੋਣ ਕਮਿਸ਼ਨ ਵੀ ਜਾਣੂ ਹੈ ਪਰ ਉਹ ਪ੍ਰਚਾਰ ਖ਼ਰਚੇ ਦੀ ਹੱਦ ਸਿਆਸੀ ਪਾਰਟੀਆਂ ਦੀ ਸਲਾਹ ਨਾਲ ਹੀ ਨਿਰਧਾਰਤ ਕਰਦਾ ਹੈ। ਪਾਰਟੀਆਂ ਚਾਹੁਣ ਤਾਂ ਇਸ ਨੂੰ ਵਧਵਾ ਕੇ ਹਕੀਕੀ ਖ਼ਰਚੇ ਦੇ ਨੇੜੇ ਲਿਆ ਸਕਦੀਆਂ ਹਨ ਪਰ ਉਹ ਅਜਿਹਾ ਨਹੀਂ ਕਰਦੀਆਂ। ਅਜਿਹਾ ਕਰਨ ਤੋਂ ਹਰ ਸਿਆਸੀ ਜਮਾਤ ਸੰਕੋਚ ਕਰਦੀ ਹੈ।

ਉਹ ਨਾ ਤਾਂ ਪ੍ਰਚਾਰ ਖ਼ਰਚੇ ਦਾ ਪੂਰਾ ਹਿਸਾਬ ਦੇਣਾ ਚਾਹੁੰਦੀਆਂ ਹਨ ਅਤੇ ਨਾ ਆਪਣੇ ਚੰਦੇ ਦੇ ਸਾਰੇ ਸੋਮਿਆਂ ਦਾ। ਪ੍ਰਚਾਰ ਦਾ ਜ਼ਿਆਦਾਤਰ ਖ਼ਰਚਾ ਨਕਦ ਹੁੰਦਾ ਹੈ ਜੋ ਆਮ ਤੌਰ 'ਤੇ ਕਾਲਾ ਪੈਸਾ ਹੁੰਦਾ ਹੈ। ਚੋਣ ਨਿਗਰਾਨਾਂ ਦਾ ਮੰਨਣਾ ਹੈ ਕਿ ਭਾਰਤ ਦੀਆਂ ਆਮ ਚੋਣਾਂ ਅਮਰੀਕਾ ਦੇ ਰਾਸ਼ਟਰਪਤੀ ਦੀਆਂ ਚੋਣਾਂ ਨਾਲੋਂ ਵੀ ਵੱਧ ਖ਼ਰਚੀਲੀਆਂ ਹੋ ਚੁੱਕੀਆਂ ਹਨ ਜਿਨ੍ਹਾਂ ਦਾ ਖ਼ਰਚਾ ਇਕ ਲੱਖ ਕਰੋੜ ਰੁਪਏ ਤੋਂ ਵੀ ਉੱਪਰ ਚਲਾ ਗਿਆ ਹੈ। ਭਾਰਤ ਵਿਚ ਆਮ ਚੋਣ ਵਿਗਿਆਪਨਾਂ, ਜਲਸਿਆਂ-ਜਲੂਸਾਂ ਅਤੇ ਪੋਸਟਰਬਾਜ਼ੀ ਦੀ ਦੌੜ ਤੋਂ ਇਲਾਵਾ ਵੋਟਾਂ ਖ਼ਰੀਦਣ ਲਈ ਵੰਡੇ ਜਾਣ ਵਾਲੇ ਤੋਹਫ਼ਿਆਂ ਅਤੇ ਨਕਦੀ ਦੀ ਵਜ੍ਹਾ ਕਾਰਨ ਖ਼ਰਚੀਲੀਆਂ ਹੋ ਰਹੀਆਂ ਹਨ। ਲੋਕ ਪੈਸਾ ਲੈ ਕੇ ਵੋਟ ਭਾਵੇਂ ਆਪਣੀ ਮਰਜ਼ੀ ਨਾਲ ਦਿੰਦੇ ਹੋਣ ਪਰ ਉਹ ਇਹ ਭੁੱਲ ਜਾਂਦੇ ਹਨ ਕਿ ਉਨ੍ਹਾਂ ਨੂੰ ਮਿਲਣ ਵਾਲਾ ਪੈਸਾ ਪਾਰਟੀਆਂ ਨੂੰ ਠੇਕਿਆਂ ਅਤੇ ਨਿਯਮਾਂ ਵਿਚ ਮਿਲਣ ਵਾਲੀਆਂ ਰਿਆਇਤਾਂ ਦੀ ਉਮੀਦ ਨਾਲ ਦਿੱਤਾ ਜਾਂਦਾ ਹੈ। ਸਾਫ਼ ਹੈ ਕਿ ਵੋਟਾਂ ਲਈ ਮਿਲਣ ਵਾਲਾ ਮਾਮੂਲੀ ਪੈਸਾ ਵੋਟਰ ਨੂੰ ਬਹੁਤ ਮਹਿੰਗਾ ਪੈਂਦਾ ਹੈ। ਉਹ ਜਨਤਕ ਭ੍ਰਿਸ਼ਟਾਚਾਰ ਦੀ ਜੜ੍ਹ ਹੈ।

ਇੰਦਰਾ ਗਾਂਧੀ ਸਰਕਾਰ ਰਾਜਨੀਤਕ ਪਾਰਟੀਆਂ ਅਤੇ ਨੇਤਾਵਾਂ ਨੂੰ ਵਿਦੇਸ਼ੀ ਜਾਸੂਸੀ ਸੰਸਥਾਵਾਂ ਅਤੇ ਦੂਤਘਰਾਂ ਤੋਂ ਮਿਲਣ ਵਾਲੇ ਚੰਦੇ ਨੂੰ ਲੈ ਕੇ ਇੰਨੀ ਚਿੰਤਤ ਹੋਈ ਸੀ ਕਿ ਕੇਂਦਰੀ ਗੁਪਤਚਰ ਵਿਭਾਗ ਤੋਂ ਜਾਂਚ ਕਰਵਾ ਲਈ ਸੀ। ਜਾਂਚ ਦੀ ਰਿਪੋਰਟ ਦਬਾ ਦਿੱਤੀ ਗਈ ਕਿਉਂਕਿ ਕੁਝ ਕਾਂਗਰਸੀ ਨੇਤਾਵਾਂ ਨੇ ਸੋਵੀਅਤ ਸੰਘ ਤੋਂ ਚੰਦਾ ਲਿਆ ਸੀ।

ਉਸ ਤੋਂ ਬਾਅਦ ਪਿਛਲੀ ਸਦੀ ਦੇ ਨੌਂਵੇਂ ਦਹਾਕੇ ਵਿਚ ਉਨ੍ਹਾਂ ਦੀ ਹੀ ਸਰਕਾਰ 'ਤੇ ਅਨਾਜ, ਤੇਲ ਅਤੇ ਰੱਖਿਆ ਸੌਦਿਆਂ ਜ਼ਰੀਏ ਚੰਦਾ ਉਗਰਾਹੁਣ ਦੇ ਦੋਸ਼ ਲੱਗੇ। ਇਸੇ ਪਿਛੋਕੜ ਵਿਚ ਲੋਕਤੰਤਰੀ ਸੁਧਾਰ ਸੰਘ ਨਾਂ ਦੀ ਸੰਸਥਾ ਨੇ ਚੋਣ ਬਾਂਡ ਦਾ ਸੁਝਾਅ ਦਿੱਤਾ ਜਿਸ 'ਤੇ ਸਾਲਾਂਬੱਧੀ ਵਿਚਾਰ-ਚਰਚਾ ਕਰਨ ਤੋਂ ਬਾਅਦ 2017 ਵਿਚ ਕਾਨੂੰਨ ਬਣਿਆ। ਲੋਕਤੰਤਰੀ ਸੁਧਾਰ ਸੰਘ ਨੇ ਕਾਨੂੰਨ ਦਾ ਖਰੜਾ ਦੇਖਦੇ ਹੀ ਉਸ ਦਾ ਵਿਰੋਧ ਸ਼ੁਰੂ ਕਰ ਦਿੱਤਾ ਕਿਉਂਕਿ ਉਸ ਨੂੰ ਖ਼ਰਚੇ ਦੀਆਂ ਇਨ੍ਹਾਂ ਚਾਰ ਵਿਵਸਥਾਵਾਂ 'ਤੇ ਇਤਰਾਜ਼ ਸੀ ਕਿ ਬਾਂਡ ਖ਼ਰੀਦਣ ਵਾਲਿਆਂ ਦੇ ਨਾਂ ਗੁਪਤ ਰੱਖੇ ਗਏ। ਦਾਨ ਦੀ ਹੱਦ ਹਟਾ ਦਿੱਤੀ ਗਈ। ਕੰਪਨੀਆਂ ਟਰੱਸਟ ਬਣਾ ਕੇ ਬਾਂਡ ਖ਼ਰੀਦ ਸਕਦੀਆਂ ਸਨ ਅਤੇ ਬਾਂਡ 'ਤੇ ਨਾਮ ਨਾ ਹੋਣ ਦੀ ਵਜ੍ਹਾ ਨਾਲ ਉਸ ਦਾ ਵਟਾਂਦਰਾ ਵੀ ਹੋ ਸਕਦਾ ਸੀ। ਇਨ੍ਹਾਂ ਚਾਰ ਦੋਸ਼ਾਂ ਨੂੰ ਦੇਖਦੇ ਹੋਏ ਸੁਪਰੀਮ ਕੋਰਟ ਨੇ ਬਾਂਡ ਵਾਲੇ ਕਾਨੂੰਨ ਨੂੰ ਗ਼ੈਰ-ਸੰਵਿਧਾਨਕ ਕਰਾਰ ਦੇ ਦਿੱਤਾ। ਆਖ਼ਰ ਇਸ ਫ਼ੈਸਲੇ ਤੋਂ ਬਾਅਦ ਰੌਲਾ ਪਾਉਣ ਵਾਲੀ ਵਿਰੋਧੀ ਧਿਰ ਤੇ ਮੀਡੀਆ ਨੇ ਉਸ ਸਮੇਂ ਆਵਾਜ਼ ਕਿਉਂ ਨਹੀਂ ਚੁੱਕੀ ਜਦ ਉਕਤ ਕਾਨੂੰਨ ਸੰਸਦ ਵਿਚ ਪੇਸ਼ ਕੀਤਾ ਗਿਆ ਸੀ?

ਲਗਪਗ ਛੇ ਸਾਲ ਚੱਲੀ ਚੋਣ ਬਾਂਡ ਯੋਜਨਾ ਦਾ ਇਕ ਦਿਲਚਸਪ ਪਹਿਲੂ ਇਹ ਵੀ ਹੈ ਕਿ ਗੁਪਤਤਾ ਅਤੇ ਹੱਦ ਰਹਿਤ ਦਾਨ ਵਰਗੀਆਂ ਵਿਵਸਥਾਵਾਂ ਹੁੰਦੇ ਹੋਏ ਵੀ ਚੋਣ ਬਾਂਡਾਂ ਤੋਂ ਮਿਲਿਆ ਲਗਪਗ 1615 ਹਜ਼ਾਰ ਕਰੋੜ ਰੁਪਏ ਦਾ ਚੰਦਾ ਆਮ ਚੋਣਾਂ ਵਿਚ ਖ਼ਰਚ ਹੋਣ ਵਾਲੇ ਇਕ ਲੱਖ ਕਰੋੜ ਦਾ ਛੇਵਾਂ ਹਿੱਸਾ ਵੀ ਨਹੀਂ ਹੈ। ਇਸ ਦਾ ਮਤਲਬ ਇਹ ਹੈ ਕਿ ਚੋਣ ਬਾਂਡਾਂ ਦੇ ਬਾਵਜੂਦ ਚੰਦੇ ਦੀ ਵੱਡੀ ਰਕਮ ਨਕਦ ਜਾਂ ਹੋਰ ਮਾਧਿਅਮਾਂ ਤੋਂ ਆਉਂਦੀ ਰਹੀ। ਦਾਨ ਵਾਲੇ ਕਾਰਪੋਰੇਟ, ਵਿਦੇਸ਼ੀ, ਅਪਰਾਧੀ ਕੋਈ ਵੀ ਹੋ ਸਕਦੇ ਹਨ। ਪਾਰਟੀਆਂ ਨੂੰ ਸਿਰਫ਼ 20 ਹਜ਼ਾਰ ਤੋਂ ਵੱਧ ਚੰਦਾ ਦੇਣ ਵਾਲਿਆਂ ਦਾ ਰਿਕਾਰਡ ਰੱਖਣਾ ਅਤੇ ਹਰ ਸਾਲ ਟੈਕਸ ਰਿਟਰਨ ਭਰਨੀ ਹੁੰਦੀ ਹੈ। ਚੰਦਾ ਦੇਣ ਵਾਲੇ ਨੂੰ ਤਾਂ ਟੈਕਸ ਛੋਟ ਮਿਲਦੀ ਹੈ ਪਰ ਪਾਰਟੀਆਂ ਨੂੰ ਚੰਦੇ 'ਤੇ ਕੋਈ ਟੈਕਸ ਨਹੀਂ ਦੇਣਾ ਪੈਂਦਾ। ਪਾਰਟੀਆਂ ਹਰ ਸਾਲ ਟੈਕਸ ਰਿਟਰਨ ਭਰਨ ਤੋਂ ਵੀ ਨਾਂਹ-ਨੁੱਕਰ ਕਰਦੀਆਂ ਹਨ ਜਿਸ ਨੂੰ ਲੈ ਕੇ ਵਿਵਾਦ ਹੁੰਦੇ ਹਨ। ਭਾਰਤ ਵਿਚ ਰਾਜਨੀਤਕ ਚੰਦੇ ਨੂੰ ਪਾਰਦਰਸ਼ੀ ਬਣਾਉਣਾ ਆਸਾਨ ਨਹੀਂ ਹੈ। ਕਾਰਪੋਰੇਟ ਚੰਦਾ ਬੰਦ ਕਰ ਕੇ ਸਿਆਸੀ ਪਾਰਟੀਆਂ ਨੂੰ ਸਰਕਾਰੀ ਪੈਸੇ ਨਾਲ ਚਲਾਉਣ ਦੀਆਂ ਗੱਲਾਂ ਵਿਵਹਾਰਕ ਨਹੀਂ ਹਨ ਕਿਉਂਕਿ ਰਾਜਨੀਤਕ ਕੁੜੱਤਣ ਅਤੇ ਬੇਭਰੋਸਗੀ ਨੂੰ ਦੇਖਦੇ ਹੋਏ ਸਰਕਾਰੀ ਪੈਸੇ ਦੇ ਬਟਵਾਰੇ 'ਤੇ ਵਿਵਾਦ ਹੋਵੇਗਾ।

ਸਰਕਾਰ ਗ੍ਰਾਂਟ ਮਿਲਣ 'ਤੇ ਵੀ ਪਾਰਟੀਆਂ ਜੇ ਆਪਣੇ ਪ੍ਰਚਾਰ ਵਿਚ ਕਾਲਾ ਪੈਸਾ ਖਪਾਉਣਗੀਆਂ ਤਾਂ ਉਸ ਨੂੰ ਕਿਵੇਂ ਰੋਕੋਗੇ? ਪਾਰਟੀਆਂ ਨੂੰ ਉਨ੍ਹਾਂ ਦੇ ਜਨ-ਸਮਰਥਨ ਦੇ ਆਧਾਰ 'ਤੇ ਕੁਝ ਸਰਕਾਰੀ ਗ੍ਰਾਂਟ ਦੇਣ ਅਤੇ ਬਦਲੇ ਵਿਚ ਨਕਦ ਲੈਣ-ਦੇਣ 'ਤੇ ਪਾਬੰਦੀ ਲਗਾਉਣ ਅਤੇ ਪਾਰਦਰਸ਼ਿਤਾ ਦੇ ਨਿਯਮ ਸਖ਼ਤੀ ਨਾਲ ਲਾਗੂ ਕਰਨ ਨਾਲ ਕੁਝ ਫ਼ਰਕ ਪੈ ਸਕਦਾ ਹੈ। ਐਸੋਸੀਏਸ਼ਨ ਫਾਰ ਡੈਮੋਕ੍ਰੈਟਿਕ ਰਿਫਾਰਮਜ਼ ਵੱਲੋਂ 25 ਜਨਵਰੀ 2017 ਨੂੰ ਜਾਰੀ ਇਕ ਰਿਪੋਰਟ 'ਚ ਆਖਿਆ ਗਿਆ ਸੀ ਕਿ ਸਾਲ 2004-2005 ਤੋਂ ਲੈ ਕੇ 2014-2015 ਤੱਕ ਦੇ 10 ਸਾਲਾਂ ਦੌਰਾਨ ਸਾਰੀਆਂ ਰਾਸ਼ਟਰੀ ਤੇ ਖੇਤਰੀ ਪਾਰਟੀਆਂ ਦੀ ਆਮਦਨ 11,367 ਕਰੋੜ ਰੁਪਏ ਸੀ। ਦਾਨੀ ਸੱਜਣਾਂ ਤੋਂ ਉਨ੍ਹਾਂ ਦੀ ਕੁੱਲ ਆਮਦਨ 1,835 ਕਰੋੜ ਰੁਪਏ ਭਾਵ 16 ਫ਼ੀਸਦੀ ਸੀ।

ਉਨ੍ਹਾਂ ਦੀ ਕੁੱਲ ਆਮਦਨ ਦਾ 69 ਫ਼ੀਸਦੀ ਹਿੱਸਾ ਭਾਵ 7,833 ਕਰੋੜ ਰੁਪਏ ਅਜਿਹੇ ਵਿਅਕਤੀਆਂ ਜਾਂ ਸੰਸਥਾਵਾਂ ਤੋਂ ਆਇਆ ਸੀ ਜਿਨ੍ਹਾਂ ਨੇ 20-20 ਹਜ਼ਾਰ ਰੁਪਏ ਤੋਂ ਘੱਟ ਰਕਮਾਂ ਦਾਨ ਕੀਤੀਆਂ ਸਨ ਪਰ ਇਹ ਰਕਮਾਂ ਦਾਨ ਕਿਸ ਨੇ ਕੀਤੀਆਂ ਸਨ-ਇਸ ਦੇ ਕੋਈ ਵੇਰਵੇ ਉਪਲਬਧ ਨਹੀਂ ਸਨ।

ਜ਼ਿਆਦਾਤਰ ਪੱਛਮੀ ਲੋਕਤੰਤਰਾਂ ਵਿਚ ਇਸੇ ਤਰ੍ਹਾਂ ਦੀ ਮਿਸ਼ਰਤ ਵਿਵਸਥਾ ਹੈ। ਕੋਈ ਰਾਜਨੀਤਕ ਸੁਧਾਰ ਜਨਤਾ ਦੀ ਸਹਿਮਤੀ ਅਤੇ ਸਹਿਯੋਗ ਤੋਂ ਬਿਨਾਂ ਨਹੀਂ ਹੋ ਸਕਦਾ। ਜਾਰਜ ਬਰਨਾਰਡ ਸ਼ਾਅ ਨੇ ਠੀਕ ਹੀ ਕਿਹਾ ਹੈ-ਲੋਕਤੰਤਰ ਉਹ ਸਾਧਨ ਹੈ ਜੋ ਯਕੀਨੀ ਬਣਾਉਂਦਾ ਹੈ ਕਿ ਸਾਨੂੰ ਉਸ ਤੋਂ ਬਿਹਤਰ ਸ਼ਾਸਕ ਨਾ ਮਿਲਣ ਜਿਸ ਦੇ ਅਸੀਂ ਲਾਇਕ ਹਾਂ।


# ਡਿਕੋ-ਡੋਲੇ ਖਾਂਦਾ ਜਰਮਨੀ ਦਾ ਅਰਥਚਾਰਾ



ਦਰਬਾਰਾ ਸਿੰਘ ਕਾਹਲੋਂ

ਜਰਮਨੀ ਦਾ ਯੂਰਪ ਮਹਾਦੀਪ ਹੀ ਨਹੀਂ ਬਲਕਿ ਪੂਰੇ ਵਿਸ਼ਵ ਅੰਦਰ ਇਕ ਨਿਵੇਕਲਾ ਸਥਾਨ ਹੈ। ਵੀਹਵੀਂ ਸਦੀ ਵਿਚ ਦੋ ਵਿਸ਼ਵ ਜੰਗਾਂ ਵਿਚ ਹਾਰਾਂ ਦੇ ਬਾਵਜੂਦ ਇਹ ਰਾਸ਼ਟਰ ਦੁਬਾਰਾ ਤੇਜ਼ੀ ਨਾਲ ਜਿਵੇਂ ਆਰਥਿਕ ਅਤੇ ਗਲੋਬਲ ਸ਼ਕਤੀ ਵਜੋਂ ਉਭਰਦਾ ਰਿਹਾ ਹੈ, ਇਹ ਪੂਰੇ ਵਿਸ਼ਵ ਲਈ ਇਕ ਚਮਤਕਾਰ ਵਜੋਂ ਜਾਣਿਆ ਜਾਂਦਾ ਰਿਹਾ ਹੈ। ਦੂਸਰੀ ਵਿਸ਼ਵ ਜੰਗ ਤੋਂ ਬਾਅਦ ਇਸ ਨੂੰ ਸਦੀਵੀ ਤੌਰ 'ਤੇ ਕਮਜ਼ੋਰ ਰਾਸ਼ਟਰ ਬਣਾਉਣ ਲਈ ਅਮਰੀਕਾ, ਬ੍ਰਿਟੇਨ, ਯੂਰਪੀ ਦੇਸ਼ਾਂ ਅਤੇ ਸੋਵੀਅਤ ਰੂਸ ਨੇ ਪੂਰਬੀ ਤੇ ਪੱਛਮੀ ਜਰਮਨੀ ਨਾਂ ਦੇ ਦੋ ਰਾਸ਼ਟਰਾਂ ਵਿਚ ਵੰਡ ਦਿੱਤਾ ਸੀ ਪਰ ਪੱਛਮੀ ਜਰਮਨ ਦੀ ਤੇਜ਼ ਗਤੀ ਨਾਲ ਤਰੱਕੀ ਤੇ ਪੂਰਬੀ ਜਰਮਨੀ ਦੇ ਪੱਛੜੇਪਣ ਕਰਕੇ ਇਨ੍ਹਾਂ ਦੇ ਏਕੀਕਰਨ ਦੀ ਮੰਗ ਇੰਨਾ ਜ਼ੋਰ ਪਕੜ ਗਈ ਕਿ ਜਨਤਕ ਇਨਕਲਾਬੀਆਂ ਨੇ 9 ਨਵੰਬਰ ਨੂੰ ਦੋਹਾਂ ਜਰਮਨੀਆਂ ਨੂੰ ਵੱਖ ਕਰਨ ਵਾਲੀ ਬਰਲਿਨ ਦੀ ਦੀਵਾਰ ਤੋੜ ਦਿੱਤੀ।

ਅਕਤੂਬਰ 1990 'ਚ ਕਮਿਊਨਿਸਟ ਸ਼ਾਸਨ ਤੋਂ ਆਜ਼ਾਦੀ ਪ੍ਰਾਪਤ ਕਰ ਕੇ ਪੂਰਬੀ ਜਰਮਨੀ ਪੱਛਮੀ ਜਰਮਨੀ ਵਿਚ ਸ਼ਾਮਲ ਹੋ ਗਿਆ। ਇਵੇਂ ਜਰਮਨ ਇਕਜੁੱਟ ਰਾਸ਼ਟਰ ਬਣ ਗਿਆ। ਗਲੋਬਲ ਵਿਸ਼ਵੀਕਰਨ ਦੇ ਦੌਰ ਵਿਚ ਸਭ ਰਾਸ਼ਟਰਾਂ ਤੋਂ ਤੇਜ਼ੀ ਨਾਲ ਖੁੱਲ੍ਹੇ ਵਪਾਰ ਦੀ ਨੀਤੀ ਦਾ ਲਾਭ ਉਠਾਉਂਦੇ ਹੋਏ ਜਰਮਨੀ ਨੇ ਵਿਕਾਸ ਕੀਤਾ। ਇਸ ਦਾ ਨਿਰਯਾਤ ਇਸ ਦੀ ਕੁੱਲ ਜੀਡੀਪੀ ਦੇ ਤੀਸਰੇ ਹਿੱਸੇ ਜਿੰਨਾ ਵਧ ਗਿਆ। ਇਹ ਗੱਲ ਇੱਕੀਵੀਂ ਸਦੀ ਦੀ ਸ਼ੁਰੂਆਤ ਦੀ ਹੈ ਪਰ 10 ਸਾਲਾਂ ਬਾਅਦ ਜਰਮਨੀ ਦੀ ਆਰਥਿਕਤਾ ਨੇ ਮੁੜ ਪੈਰੀਂ ਤਾਂ ਖੜ੍ਹੇ ਕੀ ਹੋਣਾ ਸੀ, ਇਹ ਨਿੱਤ ਨਿਘਾਰ ਦਾ ਸ਼ਿਕਾਰ ਹੁੰਦੀ ਗਈ।



ਅੱਜ ਹਾਲਤ ਇਹ ਹੈ ਕਿ ਦੇਸ਼ ਹੜਤਾਲਾਂ, ਵਿਰੋਧਾਂ, ਮੁਜ਼ਾਹਰਿਆਂ, ਛਾਂਟੀਆਂ, ਨਫ਼ਰਤੀ ਹਿੰਸਕ ਫਿਜ਼ਾ, ਥਾਂ-ਥਾਂ ਨਾਕਾਬੰਦੀਆਂ ਦਾ ਸ਼ਿਕਾਰ ਹੋਇਆ ਹੈ। ਜੋ ਕੁਝ ਆਏ ਦਿਨ ਅਸੀਂ ਭਾਰਤ, ਪਾਕਿਸਤਾਨ, ਬੰਗਲਾਦੇਸ਼, ਸ੍ਰੀਲੰਕਾ ਅਤੇ ਯੂਰਪੀ ਦੇਸ਼ਾਂ ਵਿਚ ਹੁੰਦਾ ਵੇਖ ਰਹੇ ਹਾਂ, ਉਹੀ ਕੁਝ ਜਰਮਨ ਵਿਚ ਵਾਪਰ ਰਿਹਾ ਹੈ। ਚਾਲੂ ਆਰਥਿਕ ਮੰਦੀ ਨੇ ਇਹ ਰਾਸ਼ਟਰ ਬੁਰੀ ਤਰ੍ਹਾਂ ਜਕੜ ਲਿਆ ਲੱਗਦਾ ਹੈ। ਜਰਮਨੀ ਵਰਗਾ ਦੇਸ਼ ਦੂਰ-ਅੰਦੇਸ਼ੀਹੀਣ ਲੀਡਰਸ਼ਿਪ, ਯੂਰਪ, ਨਾਟੋ ਸੰਗਠਨ ਤੇ ਅਮਰੀਕਾ ਵਰਗੇ ਦੇਸ਼ਾਂ ਦੀ ਬੇਰੁਖੀ ਕਾਰਨ ਅੱਜ ਕਿਸਾਨੀ ਮੁਜ਼ਾਹਰਿਆਂ, ਟਰੈਕਟਰਾਂ-ਟਰਾਲੀਆਂ ਰਾਹੀਂ ਬਲਾਕੇਡਾਂ, ਰੇਲਵੇ ਵਰਕਰਾਂ, ਡਰਾਈਵਰ ਯੂਨੀਅਨਾਂ ਦੀਆਂ ਹੜਤਾਲਾਂ, ਦਫ਼ਤਰੀ ਤੇ ਰੇਸਤਰਾਂ ਅਮਲਿਆਂ ਦੀ ਘਾਟ ਕਾਰਨ ਤਾਲਾਬੰਦੀ ਦਾ ਸ਼ਿਕਾਰ ਹੈ। ਆਮ ਕਾਮਿਆਂ ਦੀਆਂ ਹੜਤਾਲਾਂ ਕਾਰਨ ਸਨਅਤ ਤੇ ਵਪਾਰ ਵਿਚ ਖੜੋਤ ਆ ਗਈ ਹੈ। ਯੂਰਪ ਅੰਦਰ ਜਰਮਨੀ ਇਸ ਦੇ ਨਿਰੰਤਰ ਵਿਕਾਸ, ਸਨਅਤੀ ਉਤਪਾਦਨ ਤੇ ਵਪਾਰਕ ਬਹੁਲਤਾ ਕਰਕੇ ਆਰਥਿਕ ਅਤੇ ਤਕਨੀਕੀ ਪਾਵਰਹਾਊਸ ਵਜੋਂ ਜਾਣਿਆ ਜਾਂਦਾ ਰਿਹਾ ਹੈ।

ਇਹ ਮੁਕਾਮ ਇਸ ਨੇ ਆਪਣੀ ਹੁਨਰਮੰਦ ਮੁਹਾਰਤ, ਸਖ਼ਤ ਮਿਹਨਤ ਅਤੇ ਆਰਥਿਕ ਅਨੁਸ਼ਾਸਨ ਦੇ ਬਲਬੂਤੇ ਹਾਸਲ ਕੀਤਾ ਸੀ। ਪਰ ਅੱਜ ਉਸ ਦੀ ਰਾਜਨੀਤੀ, ਆਰਥਿਕਤਾ ਅਤੇ ਅਜ਼ੀਮ ਹੁਨਰਮੰਦੀ ਵਿਚ ਅਚੰਭਕ ਕੁਸ਼ਲਤਾ, ਫ਼ੈਸਲਾਕੁਨ ਨਿਰਣਾਇਕਤਾ, ਭਰੋਸੇਯੋਗਤਾ ਅਤੇ ਔਖਾਂ ਵਿਚ ਫੌਲਾਦੀ ਦ੍ਰਿੜ੍ਹਤਾ ਲੋਪ ਵਿਖਾਈ ਦੇ ਰਹੀ ਹੈ। ਇਸ ਦੇ ਕੁਝ ਠੋਸ ਕਾਰਨ ਹਨ ਜਿਨ੍ਹਾਂ ਨੂੰ ਜਾਣਨਾ ਅਤਿ ਜ਼ਰੂਰੀ ਹੈ। ਦਰਅਸਲ, ਜਰਮਨੀ ਦੀ ਮਸ਼ਹੂਰ ਕੈਮੀਕਲ ਤੇ ਸਟੀਲ ਸਨਅਤ ਚਲਾਉਣ ਲਈ ਸਸਤੀ ਦਰ 'ਤੇ ਕੋਲਾ, ਗੈਸ ਅਤੇ ਪੈਟਰੋਲ ਦੀ ਵੱਡੇ ਪੱਧਰ 'ਤੇ ਪੂਰਤੀ ਰੂਸ ਵੱਲੋਂ ਸਪਲਾਈ 'ਤੇ ਨਿਰਭਰ ਕਰਦੀ ਹੈ। ਇਵੇਂ ਹੀ ਇਸ ਵੱਲੋਂ ਉਤਪਾਦਤ ਕੀਤੀਆਂ ਜਾਣ ਵਾਲੀਆਂ ਮਰਸੀਡਸ ਅਤੇ ਬੀਐੱਮਡਬਲਯੂ ਕਾਰਾਂ ਲਈ ਸਸਤੀ ਦਰ ਦਾ ਈਂਧਨ ਦਰਕਾਰ ਹੈ। ਕੋਵਿਡ ਮਹਾਮਾਰੀ ਤੇ ਯੂਕਰੇਨ ਜੰਗ ਕਾਰਨ ਇਨ੍ਹਾਂ ਵਸਤਾਂ ਦੀ ਸਪਲਾਈ 'ਚ ਵੱਡਾ ਵਿਘਨ ਪਿਆ। ਗਲੋਬਲ ਪੱਧਰ 'ਤੇ ਕੋਲਾ, ਗੈਸ, ਪੈਟਰੋਲੀਅਮ ਪਦਾਰਥਾਂ ਦੀਆਂ ਵਧਦੀਆਂ ਕੀਮਤਾਂ ਕਰਕੇ ਵੀ ਜਰਮਨੀ ਦੀਆਂ ਸਨਅਤਾਂ 'ਤੇ ਮੰਦਾ ਪ੍ਰਭਾਵ ਪਿਆ। ਉਤਪਾਦਨ ਵਿਚ ਕਮੀ ਹੁੰਦੀ ਗਈ। ਜਰਮਨੀ ਵੱਲੋਂ ਊਰਜਾ ਕੀਮਤਾਂ ਨੂੰ ਸਥਿਰ ਰੱਖਣ ਲਈ 290 ਬਿਲੀਅਨ ਡਾਲਰ ਦੀ ਮਦਦ ਦੇ ਬਾਵਜੂਦ ਸਥਿਤੀ ਨੇ ਸੁਧਰਨਾ ਤਾਂ ਕੀ ਸੀ, ਉਲਟਾ ਜਰਮਨ ਆਰਥਿਕਤਾ ਸੰਨ 2023 ਵਿਚ 0.3 ਪ੍ਰਤੀਸ਼ਤ ਸੁੰਗੜਦੀ ਨਜ਼ਰ ਆਈ। ਜਰਮਨ ਕੰਪਨੀਆਂ ਵੱਲੋਂ ਚੀਨ ਵਿਚ ਨਿਵੇਸ਼ ਕਰਨ ਦੇ ਵੀ ਨਤੀਜੇ ਉਲਟ ਹੀ ਨਿਕਲੇ। ਚੀਨੀ ਜੋ ਕਦੇ ਜਰਮਨ ਮਰਸੀਡਸ ਤੇ ਬੀਐੱਮਡਬਲਯੂ ਕਾਰਾਂ ਦੇ ਦੀਵਾਨੇ ਸਨ, ਆਰਥਿਕ ਮੰਦੀ ਦਾ ਸ਼ਿਕਾਰ ਹੋਣ ਕਰਕੇ ਇਨ੍ਹਾਂ ਦੀ ਖ਼ਰੀਦ ਤੋਂ ਮੂੰਹ ਫੇਰਨ ਲੱਗ ਪਏ ਹਨ।

ਆਰਥਿਕ ਮੰਦਹਾਲੀ ਕਰਕੇ ਜਰਮਨ ਹੁਨਰਮੰਦੀ 'ਤੇ ਬੁਰਾ ਪ੍ਰਭਾਵ ਵੇਖਣ ਨੂੰ ਮਿਲਿਆ। ਵੀਹਵੀਂ ਸਦੀ ਦੇ 50ਵੇਂ ਅਤੇ 60ਵੇਂ ਦਹਾਕੇ ਵਿਚ ਮਸ਼ਹੂਰ ਵਿੱਤ ਮੰਤਰੀ ਲੁਡਵਿਗ ਅਰਹਾਰਡ ਜੋ ਜਰਮਨ ਦੀ ਆਰਥਿਕ ਖ਼ੁਸ਼ਹਾਲੀ ਦਾ ਪਿਤਾਮਾ ਮੰਨਿਆ ਜਾਂਦਾ ਹੈ ਜੋ ਬਾਅਦ ਵਿਚ ਜਰਮਨੀ ਦਾ ਚਾਂਸਲਰ ਵੀ ਚੁਣਿਆ ਗਿਆ, ਨੇ ਹਰ ਇਕ ਜਰਮਨ ਨਿਵਾਸੀ ਲਈ ਖ਼ੁਸ਼ਹਾਲੀ ਤੇ ਤਰੱਕੀ ਦਾ ਵਾਅਦਾ ਕੀਤਾ ਸੀ। ਉਹ ਇਸ ਦਾ ਆਧਾਰ ਜਰਮਨ ਕਿਰਤੀਆਂ, ਕਿਸਾਨਾਂ, ਹੁਨਰਮੰਦ ਲੋਕਾਂ ਦੀ ਸਖ਼ਤ ਮਿਹਨਤ ਦੇ ਕਿਰਦਾਰ ਨੂੰ ਸਮਝਦੇ ਸਨ। ਪਰ ਅੱਜ ਉਹ ਸਖ਼ਤ ਮਿਹਨਤ ਵਾਲਾ ਸੱਭਿਆਚਾਰ ਤੇ ਕਿਰਦਾਰ ਜਰਮਨਾਂ 'ਚੋਂ ਗਾਇਬ ਹੋ ਗਿਆ ਹੈ। ਜਰਮਨ ਕਦੇ ਸਮਾਜਵਾਦੀ ਭਲਾਈ ਰਾਸ਼ਟਰ ਵਜੋਂ ਸਥਾਪਤ ਮੁਲਕ ਸੀ ਜਿਸ ਵਿਚ ਹਰ ਵਿਅਕਤੀ ਤੇ ਪਰਿਵਾਰ ਆਪਣੀ ਮਦਦ ਆਪ ਕਰਨ ਲਈ ਅੱਗੇ ਆਉਣ ਦੀ ਸੋਚ ਰੱਖਦਾ ਸੀ। ਭਾਈਚਾਰਾ ਤੇ ਰਾਸ਼ਟਰ ਤਾਂ ਹੀ ਇਨ੍ਹਾਂ ਦੀ ਮਦਦ ਲਈ ਆਉਂਦੇ ਜੇ ਇਹ ਆਪਣੇ ਮਕਸਦ ਤੋਂ ਖੁੰਝ ਜਾਂਦੇ। ਸੰਨ 2006 ਵਿਚ ਲੇਬਰ ਮੰਤਰੀ ਫਰਾਂਜ਼ ਮਾਊਂਟਰਫਰਿੰਗ ਨੇ ਬਾਈਬਲ ਦਾ ਇਹ ਕਥਨ, 'ਜੇ ਇਕ ਵਿਅਕਤੀ ਕੰਮ ਨਹੀਂ ਕਰੇਗਾ, ਉਸ ਨੂੰ ਰੋਟੀ ਨਹੀਂ ਮਿਲੇਗੀ।' ਕਦੇ ਇਸ ਕਥਨ ਨੂੰ ਸੋਵੀਅਤ ਯੂਨੀਅਨ ਰੂਸ ਨੇ ਆਪਣੇ ਸੰਵਿਧਾਨ ਵਿਚ ਸ਼ਾਮਲ ਕੀਤਾ ਸੀ। ਪਰ ਅਜੋਕੇ ਸਰਮਾਏਦਾਰ ਕਾਰਪੋਰੇਟਵਾਦੀ ਯੁੱਗ ਵਿਚ ਸਖ਼ਤ ਮਿਹਨਤ ਕਰਨ ਦੇ ਬਾਵਜੂਦ ਕਾਮਿਆਂ, ਕਿਸਾਨਾਂ, ਹੁਨਰਮੰਦਾਂ ਨੂੰ ਰੋਜ਼ੀ-ਰੋਟੀ ਪ੍ਰਾਪਤ ਨਹੀਂ ਹੁੰਦੀ।

ਅਜਿਹੀ ਸਥਿਤੀ ਵਿਚ ਦੇਸ਼ ਵਿਚ ਹੁਨਰਮੰਦ ਲੇਬਰ ਦੀ ਪੈਦਾ ਹੋਈ ਘਾਟ ਨੂੰ ਪੂਰਾ ਕਰਨ ਲਈ ਚਾਂਸਲਰ ਜਰਹਾਰਡ ਸ਼ੋਡਰ ਅਤੇ ਉਸ ਦੀ ਜਾਨਸ਼ੀਨ ਐਂਜੇਲਾ ਮਰਕਲ ਨੇ ਭਾਰਤ ਵਰਗੇ ਦੇਸ਼ਾਂ ਤੋਂ ਕੰਪਿਊਟਰ ਹੁਨਰਮੰਦ ਵਿਅਕਤੀਆਂ ਨੂੰ ਜਰਮਨ ਰੈਜ਼ੀਡੈਂਸ ਪਰਮਿਟਾਂ 'ਤੇ ਆਉਣ ਦਾ ਸੱਦਾ ਦਿੱਤਾ ਪਰ ਮਸਾਂ 20 ਕੁ ਹਜ਼ਾਰ ਆਈਟੀ ਹੁਨਰਮੰਦ ਕਿਰਤੀ ਹੀ ਜਰਮਨ ਪੁੱਜੇ। ਇਸੇ ਦੌਰਾਨ ਲਗਪਗ 5 ਲੱਖ ਜਰਮਨ ਸਾਇੰਸਦਾਨ ਤੇ ਤਕਨੀਸ਼ੀਅਨ ਚੰਗੇਰੇ ਭਵਿੱਖ ਲਈ ਦੇਸ਼ ਛੱਡ ਗਏ। ਇਸ ਨੁਕਸਾਨ ਲਈ ਮੁੱਖ ਤੌਰ 'ਤੇ

(ਬਾਕੀ ਅਗਲੇ ਸਫ਼ੇ 'ਤੇ)

# ਤੰਦਰੁਸਤ ਰਹਿਣ ਲਈ ਜੀਵਨਸ਼ੈਲੀ ’ਚ ਲਿਆਓ ਤਬਦੀਲੀ

ਅੱਜ ਦੇ ਦੌਰ ’ਚ ਹਰ ਕੋਈ ਭੱਜ-ਦੌੜ ਵਾਲੀ ਜ਼ਿੰਦਗੀ ਜੀਅ ਰਿਹਾ ਹੈ। ਪੈਸੇ ਕਮਾਉਣ ਲਈ ਮਨੁੱਖ ਆਪਣੀ ਸਿਹਤ ਨੂੰ ਵੀ ਦਾਅ ’ਤੇ ਲਗਾਉਣ ਲਈ ਤਿਆਰ ਰਹਿੰਦਾ ਹੈ। ਸਮੇਂ ਸਿਰ ਭੋਜਨ ਨਾ ਕਰਨਾ, ਬਿਨਾਂ ਵਜ੍ਹਾ ਚਿੰਤਾ ਕਰਨੀ ਤੇ ਸੰਤੁਲਨ ਦੀ ਪਰਵਾਹ ਕੀਤੇ ਬਗ਼ੈਰ ਕੰਮ ਕਰੀ ਜਾਣਾ ਸਰੀਰਕ ਤੇ ਮਾਨਸਿਕ ਸਿਹਤ ਲਈ ਬਹੁਤ ਹਾਨੀਕਾਰਕ ਹੈ। ਭਾਵੇਂ ਮਨੁੱਖ ਅੱਜ ਬਹੁਤ ਸਾਰੀਆਂ ਪਦਾਰਥਕ ਸਹੂਲਤਾਂ ਨਾਲ ਜੀਵਨ ਸੁਖੀ ਬਤੀਤ ਕਰ ਰਿਹਾ ਹੈ, ਫਿਰ ਵੀ ਲੋਕ ਬਿਮਾਰ ਰਹਿੰਦੇ ਹਨ। ਇਹ ਬਿਮਾਰੀਆਂ ਕੁਦਰਤ ਨੇ ਨਹੀਂ ਸਗੋਂ ਅਸੀਂ ਖ਼ੁਦ ਸਹੇੜੀਆਂ ਹਨ।

### ਜਲਦੀ ਉੱਠਣ ਦੀ ਆਦਤ

ਸਵੇਰ ਸਵੱਖਤੇ ਉੱਠਣ ਦੀ ਆਦਤ ਪਾਉਣੀ ਚਾਹੀਦੀ ਹੈ। ਉੱਠਣ ਸਾਰ ਸਰਦੀਆਂ ’ਚ ਇਕ ਲੀਟਰ ਕੋਸਾ ਪਾਣੀ ਤੇ ਗਰਮੀਆਂ ’ਚ ਸਧਾਰਨ ਪਾਣੀ ਬਿਨਾਂ ਕੁਰਲੀ ਕੀਤਿਆਂ ਪੀਣਾ ਚਾਹੀਦਾ ਹੈ। ਪਾਣੀ ਰੋਟੀ ਖਾਣ ਤੋਂ 45 ਮਿੰਟ ਪਹਿਲਾਂ ਜਾਂ ਰੋਟੀ ਖਾਣ ਤੋਂ 1/2 ਘੰਟਾ ਬਾਅਦ ਪੀਣਾ ਚਾਹੀਦਾ ਹੈ। ਇਸ ਨਾਲ ਖਾਣਾ ਹਜ਼ਮ ਹੋ ਜਾਵੇਗਾ ਤੇ ਮੋਟਾਪਾ ਵੀ ਘਟੇਗਾ। ਵਾਧੂ ਭਾਰ ਘਟ ਜਾਵੇਗਾ ਤੇ ਪੇਟ ਦੀਆਂ 85 ਫ਼ੀਸਦੀ ਬਿਮਾਰੀਆਂ ਠੀਕ ਹੋ ਜਾਣਗੀਆਂ। ਰਾਤ ਨੂੰ ਸੌਣ ਤੋਂ ਪਹਿਲਾਂ ਬੁਰਸ਼ ਜ਼ਰੂਰ ਕਰੋ। ਦੁੱਧ ਸਿਰਫ਼ ਸ਼ਾਮ ਨੂੰ ਹੀ ਸ਼ੱਕਰ ਪਾ ਕੇ ਪੀਣਾ ਚਾਹੀਦਾ ਹੈ।



### ਵਾਧੂ ਚਰਬੀ ਦਾ ਖ਼ਾਤਮਾ

ਚੰਗੀ ਸਿਹਤ ਵਾਸਤੇ ਸਰੀਰ ਵਿਚਲੀ ਵਾਧੂ ਚਰਬੀ ਦਾ ਖ਼ਾਤਮਾ ਕਰਨਾ ਜ਼ਰੂਰੀ ਹੈ। ਸਿਹਤਮੰਦ ਰਹਿਣ ਲਈ ਚੰਗੀ ਖ਼ੁਰਾਕ ਦੀ ਜ਼ਰੂਰਤ ਪੈਂਦੀ ਹੈ। ਸਾਨੂੰ ਜੀਵਨਸ਼ੈਲੀ ਤੇ ਖਾਣ-ਪੀਣ ’ਚ ਕੁਝ ਤਬਦੀਲੀ ਲਿਆਉਣੀ ਚਾਹੀਦੀ ਹੈ। ਟਮਾਟਰ, ਪਾਲਕ, ਪਪੀਤਾ, ਹਰੀਆਂ ਸਬਜ਼ੀਆਂ ਤੇ ਫਲਾਂ ਨੂੰ ਖ਼ੁਰਾਕ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ। ਫਲਾਂ ਅਤੇ ਸਬਜ਼ੀਆਂ ਦੇ ਐਂਟੀਆਕਸੀਡੈਂਟ ਗੁਣਾਂ ਕਰਕੇ ਇਨ੍ਹਾਂ ਦੀ ਵਰਤੋਂ ਸਿਹਤ ਲਈ ਸਭ ਤੋਂ ਚੰਗੀ ਮੰਨੀ ਗਈ ਹੈ। ਹਾਲ ਹੀ ’ਚ ਬਰਤਾਨੀਆ ਦੀ ਯੂਨੀ-ਵਰਸਿਟੀ ਦੇ ਮਾਹਿਰਾਂ ਵੱਲੋਂ ਕੀਤੀ ਗਈ ਖੋਜ ਅਨੁਸਾਰ ਸੇਬ ਤੇ ਟਮਾਟਰ ਦੀ ਵਰਤੋਂ ਫੇਫੜਿਆਂ ਤੇ ਸਾਹ ਦੇ ਰੋਗਾਂ ਵਿਚ ਸੁਰੱਖਿਆ ਪ੍ਰਦਾਨ ਕਰਦੀ ਹੈ। ਇਕ ਖੋਜ ’ਚ 2633 ਲੋਕਾਂ ਦੀਆਂ ਭੋਜਨ ਦੀਆਂ ਆਦਤਾਂ ਦਾ ਅਧਿਐਨ ਕੀਤਾ ਗਿਆ ਅਤੇ ਮਾਹਿਰ ਇਸ ਨਤੀਜੇ ’ਤੇ ਪਹੁੰਚੇ ਕਿ ਜੋ ਵਿਅਕਤੀ ਸੇਬਾਂ ਤੇ ਟਮਾਟਰਾਂ ਦੀ ਜ਼ਿਆਦਾ ਵਰਤੋਂ ਕਰਦੇ ਹਨ, ਉਨ੍ਹਾਂ ਦੇ ਫੇਫੜੇ ਚੰਗੀ ਤਰ੍ਹਾਂ ਨਾਲ ਕੰਮ ਕਰਦੇ ਹਨ ਤੇ ਉਹ ਸਾਹ ਰੋਗਾਂ ਤੋਂ ਵੀ ਮੁਕਤ ਰਹਿੰਦੇ ਹਨ।

### ਗੁੱਸਾ ਸਿਹਤ ਦਾ ਵੱਡਾ ਦੁਸ਼ਮਣ

ਗੁੱਸਾ ਵੀ ਇਨਸਾਨ ਦੀ ਸਿਹਤ ਦਾ ਵੱਡਾ ਦੁਸ਼ਮਣ ਹੈ। ਲਗਾਤਾਰ 15 ਮਿੰਟ ਗੁੱਸਾ ਕਰਨ ਨਾਲ ਵਿਅਕਤੀ ਆਪਣੇ ਅੰਦਰ ਦੀ ਊਰਜਾ ਨੂੰ ਨੁਕਸਾਨ ਪਹੁੰਚਾਉਂਦਾ ਹੈ। ਜਿਸ ਊਰਜਾ ਨਾਲ ਉਹ ਸਾਢੇ ਨੌਂ ਘੰਟੇ ਤਕ ਸਖ਼ਤ ਮਿਹਨਤ ਨਾਲ ਕੰਮ ਕਰ ਸਕਦਾ ਹੈ। ਗੁੱਸੇ ਨਾਲ ਹੀ ਚਿੰਤਾ, ਸਿਰ ਦਰਦ, ਪੇਟ ਦੀਆਂ ਬਿਮਾਰੀਆਂ, ਹਾਈ ਬੱਲਡ ਪ੍ਰੈਸ਼ਰ ਦੀ ਸਮੱਸਿਆ ਹੋ ਜਾਂਦੀ ਹੈ। ਦਿਲ ਦੇ ਦੌਰੇ ਦੀ ਸੰਭਾਵਨਾ ਆਮ ਵਿਅਕਤੀ ਨਾਲੋਂ ਤਿੰਨ ਗੁਣਾਂ ਵੱਧ ਜਾਂਦੀ ਹੈ। ਗੁੱਸਾ ਆਉਣਾ ਆਮ ਗੱਲ ਹੈ ਪਰ ਇਸ ’ਤੇ ਕਾਬੂ ਪਾਉਣਾ ਕਲਾ ਹੈ। ਗੁੱਸਾ ਆਉਣ ’ਤੇ ਠੰਢਾ ਪਾਣੀ ਪੀਓ, ਡੂੰਘੇ ਸਾਹ ਲਵੋ। ਗੁੱਸਾ ਆਉਣ ’ਤੇ ਉੱਚੀ-ਉੱਚੀ ਹੱਸੋ, ਕਿਸੇ ਵੀ ਮੰਤਰ ਨੂੰ ਵਾਰ-ਵਾਰ ਦੁਹਰਾਓ। ਇਸ ਨਾਲ ਇਨਸਾਨ ਚੰਗਾ ਮਹਿਸੂਸ ਕਰੇਗਾ ਤੇ ਮਨ ਵੀ ਜਲਦੀ ਸ਼ਾਂਤ ਹੋ ਜਾਵੇਗਾ।

### ਸੋਸ਼ਲ ਮੀਡੀਆ ਦੀ ਵਰਤੋਂ ਕਰੋ ਸੀਮਤ

ਮਨ ਦੀ ਤੰਦਰੁਸਤੀ ਵਾਸਤੇ ਸੋਸ਼ਲ ਮੀਡੀਆ ਦੀ ਸੀਮਤ ਵਰਤੋਂ ਕਰੋ ਕਿਉਂਕਿ ਕਈ ਲੋਕਾਂ ਨੂੰ ਸੋਸ਼ਲ ਮੀਡੀਆ ਮਾਨਸਿਕ ਬਿਮਾਰੀ ਬਣ ਕੇ ਚਿੰਬੜ ਗਿਆ ਹੈ ਤੇ ਉਹ ਲੋਕ ਸਰੀਰਕ ਤੇ ਮਾਨਸਿਕ ਬਿਮਾਰੀਆਂ ਪ੍ਰਤੀ ਅਵੇਸਲੇ ਹੋ ਚੁੱਕੇ ਹਨ। ਖ਼ੁਦ ’ਤੇ ਵਿਸ਼ਵਾਸ ਰੱਖਣਾ ਸਾਡੇ ਲਈ ਬੇਹੱਦ ਜ਼ਰੂਰੀ ਹੈ। ਚਿੰਤਾਮੁਕਤ ਜ਼ਿੰਦਗੀ ਜਿਊਣ ਦੀ ਕੋਸ਼ਿਸ਼ ਕਰੋ। ਇਸ ਨਾਲ ਕਈ ਤਰ੍ਹਾਂ ਦੀਆਂ ਸਰੀਰਕ ਤੇ ਮਾਨਸਿਕ ਬਿਮਾਰੀਆਂ ਲੱਗ ਸਕਦੀਆਂ ਹਨ। ਵਰਤਮਾਨ ਵਿਚ ਰਹਿਣਾ ਸਿੱਖੋ। ਜੋ ਬੀਤ ਗਿਆ, ਉਸ ਨੂੰ ਛੱਡੋ ਤੇ ਜੋ ਕੱਲ੍ਹ ਆਉਣਾ, ਉਸ ਦੀ ਚਿੰਤਾ ਛੱਡੋ। ਜਿਊਣ ਲਈ ਤੰਦਰੁਸਤੀ ਅਤਿ-ਜ਼ਰੂਰੀ ਹੈ।

### ਕਈ ਰੋਗਾਂ ਦੀ ਜੜ੍ਹ ਹੈ ਤਣਾਅ

ਆਸ਼ਾਵਾਦੀ ਸੋਚ ਅਪਣਾਓ। ਮਾਹਿਰਾਂ ਦਾ ਮੰਨਣਾ ਹੈ ਕਿ ਆਸ਼ਾਵਾਦੀ ਵਿਅਕਤੀ ਦੀ ਸਿਹਤ ਨਿਰਾਸ਼ਾਵਾਦੀ ਦੇ ਮੁਕਾਬਲੇ ਚੰਗੀ ਹੁੰਦੀ ਹੈ। ਜੇ ਆਸ਼ਾਵਾਦੀ ਵਿਅਕਤੀ ਬਿਮਾਰ ਵੀ ਹੋਵੇ ਤਾਂ ਨਿਰਾਸ਼ਾਵਾਦੀ ਵਿਅਕਤੀ ਦੇ ਮੁਕਾਬਲੇ ਉਹ ਜਲਦੀ ਠੀਕ ਹੋ ਜਾਂਦਾ ਹੈ। ਆਧੁਨਿਕ ਯੁੱਗ ’ਚ ਕਈ ਰੋਗਾਂ ਦੀ ਜੜ੍ਹ ਤਣਾਅ ਹੀ ਹੈ। ਆਸ਼ਾਵਾਦੀ ਵਿਅਕਤੀ ਤਣਾਅ ਦਾ ਅਨੁਭਵ ਘੱਟ ਕਰਦੇ ਹਨ ਅਤੇ ਉਨ੍ਹਾਂ ਨੂੰ ਤਣਾਅ ਨਾਲ ਸਬੰਧਿਤ ਪ੍ਰੇਸ਼ਾਨੀਆਂ ਦਾ ਘੱਟ ਹੀ ਸਾਹਮਣਾ ਕਰਨਾ ਪੈਂਦਾ ਹੈ। ਆਸ਼ਾਵਾਦੀ ਵਿਅਕਤੀ ਦੀ ਰੋਗ ਪ੍ਰਤੀਰੋਧੀ ਤਾਕਤ ਜ਼ਿਆਦਾ ਹੁੰਦੀ ਹੈ। ਜੇ ਤੰਦਰੁਸਤ ਜੀਵਨ ਤੇ ਲੰਮੀ ਉਮਰ ਭੋਗਣਾ ਚਾਹੁੰਦੇ ਹੋ ਤਾਂ ਅੱਜ ਤੋਂ ਹੀ ਭੋਜਨ ਨੂੰ ਅੱਧਾ ਕਰ ਦਿਉ ਤੇ ਪਾਣੀ ਨੂੰ ਦੁੱਗਣਾ ਕਰ ਦਿਉ। ਮਿਹਨਤ ਨੂੰ ਤਿੰਨ ਗੁਣਾਂ ਕਰ ਦਿਉ।

ਹੱਸਣ ਨੂੰ ਚਾਰ ਗੁਣਾਂ ਕਰ ਦਿਉ। ਰੋਜ਼ਾਨਾ ਪੌਣਾ ਘੰਟਾ ਕਸਰਤ ਕਰੋ। ਅਮਰੀਕਾ ਦੀ ਸਿਹਤ ਰਿਪੋਰਟ ਅਨੁਸਾਰ ਮਨੁੱਖ ਨੂੰ ਹਰ ਰੋਜ਼ ਦਸ ਹਜ਼ਾਰ ਕਦਮ ਸੈਰ ਜ਼ਰੂਰ ਕਰਨੀ ਚਾਹੀਦੀ ਹੈ। ਸਵੇਰ ਦੀ ਸੈਰ ਲਈ ਸਵੇਰੇ ਜਲਦੀ ਉੱਠਣਾ ਬਹੁਤ ਜ਼ਰੂਰੀ ਹੈ। ਸਵੇਰ ਦੀ ਸੈਰ ਕਰਨ ਨਾਲ ਸਰੀਰ ’ਚ ਨਵੀਂ ਊਰਜਾ ਤੇ ਤਾਜ਼ਗੀ ਭਰ ਜਾਂਦੀ ਹੈ ਤੇ ਪੂਰਾ ਦਿਨ ਹੀ ਵਧੀਆ ਲੰਘਦਾ ਹੈ। ਨਸ਼ਾ ਸਿਹਤ ਦਾ ਬਹੁਤ ਵੱਡਾ ਦੁਸ਼ਮਣ ਹੈ।

### ਖਾਣਾ-ਪੀਣਾ ਹੋਣਾ ਚਾਹੀਦਾ ਸ਼ੁੱਧ

ਪੀਜ਼ੇ, ਬਰਗਰ, ਨੂਡਲਜ਼ ਤੇ ਹੋਰ ਤਲੀਆਂ ਚੀਜ਼ਾਂ ਖਾ-ਖਾ ਕੇ ਅਸੀਂ ਖ਼ੁਦ ਨੂੰ ਬਰਬਾਦ ਕਰ ਰਹੇ ਹਾਂ। ਕੋਲਡ ਡਰਿੰਕਸ ਦੀ ਵਰਤੋਂ ਨੇ ਵੀ ਮਨੁੱਖੀ ਸਿਹਤ ਦਾ ਬਹੁਤ ਨੁਕਸਾਨ ਕੀਤਾ ਹੈ। ਸਰੀਰ ਚਰਬੀ ਨਾਲ ਭਰ ਗਿਆ ਹੈ। ਦਿਲ ਦੀਆਂ ਨਾੜਾਂ ਬੰਦ ਕਰ ਲਈਆਂ ਹਨ। ਖੰਡ ਦੀ ਜ਼ਿਆਦਾ ਵਰਤੋਂ ਨਾਲ ਸ਼ੂਗਰ ਦੀ ਬਿਮਾਰੀ ਲੱਗ ਗਈ ਹੈ। ਲੋਕ ਤਣਾਅ ’ਚ ਰਹਿੰਦੇ ਹਨ। ਦੋ ਸੌ ਦੇ ਕਰੀਬ ਬੱਚੇ ਹਰ ਰੋਜ਼ ਸ਼ੂਗਰ ਤੋਂ ਪੀੜਤ ਹੋ ਰਹੇ ਹਨ। ਪੰਜ ਸਾਲ ਤੋਂ ਘੱਟ ਉਮਰ ਦੇ 38।4 ਫ਼ੀਸਦੀ ਬੱਚੇ ਲੰਬਾਈ ਵਿਚ ਘੱਟ ਅਤੇ 21 ਫ਼ੀਸਦੀ ਬੱਚਿਆਂ ਦਾ ਭਾਰ ਔਸਤ ਭਾਰ ਤੋਂ ਘੱਟ ਹੈ। ਵਿਸ਼ਵ ਸਿਹਤ ਸੰਸਥਾ ਅਨੁਸਾਰ ਅੱਜ ਜੋ ਬੱਚੇ ਜੰਮਦੇ ਹਨ, ਉਨ੍ਹਾਂ ਵਿੱਚੋਂ ਵੀ ਕਈ ਬੱਚੇ ਤਣਾਅਗ੍ਰਸਤ ਮਿਲਦੇ ਹਨ। ਤੰਦਰੁਸਤੀ ਲਈ ਜੀਵਨਸ਼ੈਲੀ ’ਚ ਤਬਦੀਲੀ ਲਿਆਉਣੀ ਬੇਹੱਦ ਜ਼ਰੂਰੀ ਹੈ। ਖਾਣਾ-ਪੀਣਾ ਅਜਿਹਾ ਸ਼ੁੱਧ ਹੋਣਾ ਚਾਹੀਦਾ ਹੈ, ਜਿਸ ਨਾਲ ਤਨ ਤੇ ਮਨ ਵਿਚ ਵਿਕਾਰ ਪੈਦਾ ਨਾ ਹੋਣ।

### ਸਿਹਤ ਪ੍ਰਤੀ ਜਾਗਰੂਕ ਹੋਣਾ ਜ਼ਰੂਰੀ

ਸਿਹਤਮੰਦ ਵਿਅਕਤੀ ਊਰਜਾ ਨਾਲ ਭਰਿਆ ਹੁੰਦਾ ਹੈ। ਦੁਨੀਆ ਦੀਆਂ ਸਾਰੀਆਂ ਨਿਆਮਤਾਂ ਨਾਲੋਂ ਸਿਹਤ ਪਹਿਲੀ ਨਿਆਮਤ ਹੈ। ਜਾਨ ਨਾਲ ਹੀ ਜਹਾਨ ਸੋਹਣਾ ਲੱਗਦਾ ਹੈ। ਅਜੋਕੇ ਸਮੇਂ ਸਿਹਤ ਪ੍ਰਤੀ ਜਾਗਰੂਕ ਹੋਣਾ ਬੇਹੱਦ ਜ਼ਰੂਰੀ ਹੈ। ਸਾਨੂੰ ਆਪਣੀ ਜੀਵਨਸ਼ੈਲੀ ’ਚ ਸੁਧਾਰ ਕਰ ਕੇ ਸਿਹਤ ਲਈ ਲੋੜੀਂਦੀਆਂ ਕਸਰਤਾਂ ਕਰਨਾ ਆਪਣਾ ਸ਼ੌਕ ਬਣਾਉਣਾ ਚਾਹੀਦਾ ਹੈ। ਇਹ ਹੀ ਤੰਦਰੁਸਤ ਤੇ ਲੰਮੀ ਉਮਰ ਦਾ ਰਾਜ਼ ਹੈ। ਜ਼ਿੰਦਗੀ ਦੇ ਸਾਰੇ ਰੰਗਾਂ ਦਾ ਲੁਤਫ਼ ਲੈਣ ਲਈ ਇਨਸਾਨ ਨੂੰ ਵੱਸੋਂ ਬਾਹਰਲੀਆਂ ਗੱਲਾਂ ਦੀ ਚਿੰਤਾ ਛੱਡ ਦੇਣੀ ਚਾਹੀਦੀ ਹੈ।

**– ਨਰਿੰਦਰ ਸਿੰਘ**

# ਬਦਲਵੇਂ ਏਜੰਡੇ ਦੀ ਰੜਕਦੀ ਘਾਟ



ਸੰਜੇ ਗੁਪਤ

ਸਾਰੀਆਂ ਮੁੱਖ ਸਿਆਸੀ ਪਾਰਟੀਆਂ ਦੇ ਚੋਣ ਮਨੋਰਥ ਪੱਤਰ ਸਾਹਮਣੇ ਆ ਚੁੱਕੇ ਹਨ। ਇਹ ਕਹਿਣਾ ਤਾਂ ਮੁਸ਼ਕਲ ਹੈ ਕਿ ਵੋਟਰ ਇਨ੍ਹਾਂ ਚੋਣ ਮਨੋਰਥ ਪੱਤਰਾਂ ਨੂੰ ਦੇਖ ਕੇ ਹੀ ਆਪਣੀ ਵੋਟ ਬਾਰੇ ਫ਼ੈਸਲਾ ਕਰਨਗੇ ਪਰ ਉਨ੍ਹਾਂ ਲਈ ਕੀਤੇ ਗਏ ਵਾਅਦਿਆਂ ਦੀ ਅਣਦੇਖੀ ਵੀ ਨਹੀਂ ਕੀਤੀ ਜਾ ਸਕਦੀ। ਜਿੱਥੇ ਭਾਜਪਾ ਆਪਣੇ ਦਸ ਸਾਲਾਂ ਦੇ ਕੰਮਾਂ ਅਤੇ ਨੀਤੀਆਂ ਨੂੰ ਅੱਗੇ ਵਧਾਉਂਦੇ ਹੋਏ ਆਪਣੇ ਚੋਣ ਵਾਅਦਿਆਂ ਨੂੰ ਮੋਦੀ ਦੀ ਗਾਰੰਟੀ ਦੱਸ ਰਹੀ ਹੈ, ਓਥੇ ਹੀ ਕਾਂਗਰਸ ਨੇ ਇਹ ਭਰੋਸਾ ਦਿਵਾਇਆ ਹੈ ਕਿ ਜੇ ਉਹ ਸੱਤਾ ਵਿਚ ਆਈ ਤਾਂ ਅਗਨੀਵੀਰ ਯੋਜਨਾ ਸਮਾਪਤ ਕਰਨ ਦੇ ਨਾਲ ਹੀ ਜੀਐੱਸਟੀ ਕਾਨੂੰਨ ਬਦਲਣ ਦਾ ਕੰਮ ਕਰੇਗੀ।

ਉਸ ਨੇ ਵੱਖ-ਵੱਖ ਭਾਈਚਾਰਿਆਂ ਦੇ ਪਰਸਨਲ ਕਾਨੂੰਨ ਜਾਰੀ ਰੱਖਣ ਦਾ ਵਾਅਦਾ ਵੀ ਕੀਤਾ ਹੈ। ਕਾਂਗਰਸ ਦਾ ਇਕ ਮੁੱਖ ਵਾਅਦਾ ਐੱਮ ਐੱਸ ਪੀ ਦੀ ਗਾਰੰਟੀ ਵਾਲਾ ਕਾਨੂੰਨ ਬਣਾਉਣ ਦਾ ਵੀ ਹੈ। ਉਸ ਨੇ ਕਰਜ਼ਾ ਮਾਫ਼ੀ ਦਾ ਵੀ ਵਾਅਦਾ ਕੀਤਾ ਹੈ। ਉਸ ਨੇ ਜਾਤ-ਪਾਤ ਆਧਾਰਤ ਜਨਗਣਨਾ ਕਰਵਾਉਣ ਅਤੇ ਰਾਖਵਾਂਕਰਨ ਦੀ ਹੱਦ 50 ਪ੍ਰਤੀਸ਼ਤ ਤੋਂ ਜ਼ਿਆਦਾ ਵਧਾਉਣ ਦਾ ਵੀ ਵਚਨ ਦਿੱਤਾ ਹੈ। ਉਸ ਦੇ ਮੈਨੀਫੈਸਟੋ ਵਿਚ ਅਜਿਹੇ ਵੀ ਵਾਅਦੇ ਹਨ ਜਿਨ੍ਹਾਂ ਨੂੰ ਰਿਓੜੀ ਕਿਹਾ ਜਾ ਰਿਹਾ ਹੈ। ਕਾਂਗਰਸ ਨੇ ਗ਼ਰੀਬੀ ਖ਼ਤਮ ਕਰਨ ਦੇ ਨਾਲ-ਨਾਲ ਸਰਕਾਰੀ ਨੌਕਰੀਆਂ ’ਤੇ ਵੀ ਜ਼ੋਰ ਦਿੰਦੇ ਹੋਏ 30 ਲੱਖ ਸਰਕਾਰੀ ਅਸਾਮੀਆਂ ਨੂੰ ਭਰਨ ਦੀ ਗੱਲ ਆਖੀ ਹੈ ਪਰ ਉਸ ਨੇ ਪੁਰਾਣੀ ਪੈਨਸ਼ਨ ਯੋਜਨਾ ਅਤੇ ਨਾਗਰਿਕਤਾ ਤਰਮੀਮ ਕਾਨੂੰਨ ਅਰਥਾਤ ਸੀਏਏ ’ਤੇ ਚੁੱਪੀ ਸੇਧ ਲਈ ਹੈ। ਕਾਂਗਰਸ ਤੋਂ ਇਲਾਵਾ ਉਸ ਦੀਆਂ ਸਹਿਯੋਗੀ ਪਾਰਟੀਆਂ ਨੇ ਵੀ ਆਪਣੇ ਚੋਣ ਮਨੋਰਥ ਪੱਤਰਾਂ ਵਿਚ ਭਾਜਪਾ ਦੀਆਂ ਨੀਤੀਆਂ ਦਾ ਵਿਰੋਧ ਕਰਦੇ ਹੋਏ ਲੋਕ-ਲੁਭਾਊ ਵਾਅਦਿਆਂ ’ਤੇ ਜ਼ੋਰ ਦਿੱਤਾ ਹੈ। ਕਾਂਗਰਸ ਦੇ ਨਾਲ ਖੜ੍ਹੀਆਂ ਡੀਐੱਮਕੇ, ਸਪਾ, ਰਾਜਦ ਅਤੇ ਖੱਬੇ-ਪੱਖੀ ਪਾਰਟੀਆਂ ਦੇ ਵੀ ਅਜਿਹੇ ਵਾਅਦਿਆਂ ਤੋਂ ਇਹ ਸਾਫ਼ ਹੈ ਕਿ ਉਨ੍ਹਾਂ ਨੇ ਸੂਬਿਆਂ ਦੀ ਵਿੱਤੀ ਸਥਿਤੀ ਦੀ ਪਰਵਾਹ ਨਹੀਂ ਕੀਤੀ ਹੈ। ਉਹ ਇਹ ਦੇਖਣ ਨੂੰ ਤਿਆਰ ਨਹੀਂ ਕਿ ਖ਼ੁਸ਼ਹਾਲ ਮੰਨੇ ਜਾਣ ਵਾਲੇ ਕੇਰਲ, ਤਾਮਿਲਨਾਡੂ, ਪੰਜਾਬ ਆਦਿ ਦੀ ਵਿੱਤੀ ਹਾਲਤ ਖ਼ਰਾਬ ਹੋ ਰਹੀ ਹੈ।




ਇਨ੍ਹਾਂ ਪਾਰਟੀਆਂ ਦੇ ਚੋਣ ਵਾਅਦਿਆਂ ਵਿਚ ਉਸ ਖੱਬੇ-ਪੱਖੀ ਸੋਚ ਦੀ ਛਾਪ ਦਿਸ ਰਹੀ ਹੈ ਜੋ ਹੁਣ ਇਕ ਵੱਡੇ ਵਰਗ ਨੂੰ ਆਕਰਸ਼ਿਤ ਨਹੀਂ ਕਰਦੀ। ਕਾਂਗਰਸ ਅਤੇ ਉਸ ਦੀਆਂ ਸਾਥੀ ਪਾਰਟੀਆਂ ਗ਼ਰੀਬੀ ਹਟਾਉਣ, ਨੌਕਰੀਆਂ ਦੇਣ, ਸਰਕਾਰੀ ਆਰਥਿਕ ਸਹਾਇਤਾ ਦੇਣ ਦੇ ਵਾਅਦੇ ਤਾਂ ਖ਼ੂਬ ਕਰ ਰਹੀਆਂ ਹਨ ਪਰ ਦੇਸ਼ ਵਿਚ ਆਰਥਿਕ ਖ਼ੁਸ਼ਹਾਲੀ ਲਿਆਉਣ ਦੀ ਕੋਈ ਠੋਸ ਯੋਜਨਾ ਉਨ੍ਹਾਂ ਦੇ ਘੋਸ਼ਣਾ ਪੱਤਰਾਂ ਵਿਚ ਨਹੀਂ ਦਿਸਦੀ। ਕਾਂਗਰਸ ਅਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਦੇ ਚੋਣ ਮਨੋਰਥ ਪੱਤਰਾਂ ਵਿਚ ਆਪਾ-ਵਿਰੋਧ ਵੀ ਦਿਖਾਈ ਦੇ ਰਿਹਾ ਹੈ ਜਿਵੇਂ ਕਿ ਮਾਕਪਾ ਪਰਮਾਣੂ ਹਥਿਆਰ ਖ਼ਤਮ ਕਰਨ ਦੀ ਗੱਲ ਆਖ ਰਹੀ ਹੈ।

ਉਸ ਨੇ ਪੀਐੱਮਐੱਲਏ ਵਰਗੇ ਕਾਨੂੰਨ ਖ਼ਤਮ ਕਰਨ ਦਾ ਵਾਅਦਾ ਕਰਦੇ ਹੋਏ ਅਮੀਰਾਂ ’ਤੇ ਟੈਕਸ ਵਧਾਉਣ ਦਾ ਵੀ ਐਲਾਨ ਕੀਤਾ ਹੈ। ਆਮ ਆਦਮੀ ਪਾਰਟੀ ਦਾ ਦਾਅਵਾ ਹੈ ਕਿ ਅਸੀਂ ਦਿੱਲੀ ਤੇ ਪੰਜਾਬ ਵਿਚ ਰਾਮ ਰਾਜ ਦੀ ਧਾਰਨਾ ’ਤੇ ਜੋ ਕੰਮ ਕਰ ਰਹੇ ਹਾਂ, ਉਸ ਨੂੰ ਹੀ ਦੇਸ਼ ਭਰ ਵਿਚ ਫੈਲਾਵਾਂਗੇ। ਜਿਨ੍ਹਾਂ ਮੁੱਦਿਆਂ ’ਤੇ ਕਾਂਗਰਸ ਅਤੇ ਸਾਥੀ ਪਾਰਟੀਆਂ ਆਪਣੇ-ਆਪ ਨੂੰ ਕਟਹਿਰੇ ਵਿਚ ਖੜ੍ਹੀਆਂ ਮਹਿਸੂਸ ਕਰਦੀਆਂ ਹਨ ਜਾਂ ਭਾਜਪਾ ਦੇ ਨਿਸ਼ਾਨੇ ’ਤੇ ਹਨ, ਉਨ੍ਹਾਂ ’ਤੇ ਉਹ ਮੋਦੀ ਸਰਕਾਰ ਨੂੰ ਘੇਰ ਰਹੀਆਂ ਹਨ ਜਿਵੇਂ ਕਿ ਭ੍ਰਿਸ਼ਟਾਚਾਰ। ਵਿਰੋਧੀ ਪਾਰਟੀਆਂ ਈਡੀ ਯਾਨੀ ਇਨਫੋਰਸਮੈਂਟ ਡਾਇਰੈਕਟੋਰੇਟ ਦੀਆਂ ਸ਼ਕਤੀਆਂ ਵਿਚ ਕਟੌਤੀ ਚਾਹ ਰਹੀਆਂ ਹਨ। ਇਹ ਉਦੋਂ ਹੈ ਜਦ ਈਡੀ ਦੀ ਕਾਰਵਾਈ ਦਾ ਸਾਹਮਣਾ ਕਰਨ ਵਾਲਿਆਂ ਵਿਚ ਮਹਿਜ਼ ਤਿੰਨ ਪ੍ਰਤੀਸ਼ਤ ਨੇਤਾ ਹਨ। ਕੀ ਵਿਰੋਧੀ ਪਾਰਟੀਆਂ ਇਹ ਨਹੀਂ ਚਾਹੁੰਦੀਆਂ ਕਿ ਭ੍ਰਿਸ਼ਟ ਨੇਤਾਵਾਂ ਵਿਰੁੱਧ ਕਾਰਵਾਈ ਹੋਵੇ? ਕੀ ਉਹ ਜਾਂਚ ਏਜੰਸੀਆਂ ਦੇ ਹੱਥ ਬੰਨ੍ਹ ਦੇਣਗੀਆਂ? ਕੀ ਉਹ ਇਸ ਦੀ ਅਣਦੇਖੀ ਕਰ ਸਕਦੀਆਂ ਹਨ ਕਿ ਬੀਤੇ ਦਸ ਸਾਲਾਂ ਵਿਚ ਈਡੀ ਨੇ ਯੂਪੀਏ ਸ਼ਾਸਨ ਦੀ ਤੁਲਨਾ ਵਿਚ ਭ੍ਰਿਸ਼ਟ ਅਨਸਰਾਂ ਵਿਰੁੱਧ ਕਿਤੇ ਵੱਧ ਵਿਆਪਕ ਕਾਰਵਾਈ ਕੀਤੀ ਹੈ?

ਵਿਰੋਧੀ ਪਾਰਟੀਆਂ ਚੋਣ ਬਾਂਡਾਂ ’ਤੇ ਮੋਦੀ ਸਰਕਾਰ ਨੂੰ ਘੇਰ ਰਹੀਆਂ ਹਨ ਅਤੇ ਕਾਂਗਰਸ ਨੇ ਤਾਂ ਇੱਥੋਂ ਤੱਕ ਕਿਹਾ ਹੈ ਕਿ ਉਹ ਇਸ ਯੋਜਨਾ ਦੀ ਜਾਂਚ ਕਰਵਾਏਗੀ ਪਰ ਉਸ ਕੋਲ ਇਸ ਸਵਾਲ ਦਾ ਜਵਾਬ ਨਹੀਂ ਕਿ ਆਖ਼ਰ ਉਨ੍ਹਾਂ ਅਨੇਕ ਕੰਪਨੀਆਂ ਨੇ ਉਸ ਸਮੇਤ ਹੋਰ ਵਿਰੋਧੀ ਪਾਰਟੀਆਂ ਨੂੰ ਚੰਦਾ ਕਿਉਂ ਦਿੱਤਾ ਜਿਨ੍ਹਾਂ ਨੂੰ ਲੈ ਕੇ ਉਹ ਭਾਜਪਾ ਨੂੰ ਘੇਰ ਰਹੀਆਂ ਹਨ? ਵਿਰੋਧੀ ਪਾਰਟੀਆਂ ਜਿਸ ਤਰ੍ਹਾਂ ਸੀਏਏ ਅਤੇ ਯੂਸੀਸੀ ਦਾ ਵਿਰੋਧ ਕਰ ਰਹੀਆਂ ਹਨ, ਉਸ ਤੋਂ ਇਹ ਸਾਫ਼ ਹੈ ਕਿ ਉਹ ਘੱਟ-ਗਿਣਤੀ ਭਾਈਚਾਰਿਆਂ ਅਤੇ ਖ਼ਾਸ ਤੌਰ ’ਤੇ ਮੁਸਲਮਾਨਾਂ ਨੂੰ ਖ਼ੁਸ਼ ਕਰਨ ਦੀ ਆਪਣੀ ਨੀਤੀ ਨੂੰ ਤਿਆਗਣ ਵਿਚ ਅਸਮਰੱਥ ਹਨ ਜਦ ਸੀਏਏ ਦਾ ਕਿਸੇ ਭਾਰਤੀ ਨਾਗਰਿਕ ਨਾਲ ਕੋਈ ਲੈਣਾ-ਦੇਣਾ ਨਹੀਂ। ਇਹ ਵੀ ਘੱਟ-ਗਿਣਤੀ ਭਾਈਚਾਰਿਆਂ ਨੂੰ ਭਰਮਾਉਣ-ਡਰਾਉਣ ਵਾਲੀ ਗੱਲ ਹੈ ਕਿ ਯੂਸੀਸੀ ਨਾਲ ਉਨ੍ਹਾਂ ਦੇ ਅਧਿਕਾਰ ਘੱਟ ਹੋਣਗੇ। ਕਾਂਗਰਸ ਤੇ ਉਸ ਦੀਆਂ ਅਨੇਕ ਸਹਿਯੋਗੀ ਪਾਰਟੀਆਂ ਦੇ ਚੋਣ ਮਨੋਰਥ ਪੱਤਰਾਂ ਤੋਂ ਇਹੀ ਝਲਕਦਾ ਹੈ ਕਿ ਰੁਜ਼ਗਾਰ ਦਾ ਮਤਲਬ ਸਰਕਾਰੀ

(ਬਾਕੀ ਅਗਲੇ ਸਫੇ ‘ਤੇ)

# ਡਿਕੋ-ਡੋਲੇ ਖਾਂਦਾ ਜਰਮਨੀ ਦਾ ਅਰਥਚਾਰਾ

(ਸਫਾ 15 ਦੀ ਬਾਕੀ)

ਜ਼ਿੰਮੇਵਾਰ ਰਾਜਨੀਤੀਵਾਨ ਤੇ ਨੀਤੀ ਘਾੜੇ ਸਨ। ਨੀਦਰਲੈਂਡ ਵਰਗੇ ਛੋਟੇ ਜਿਹੇ ਦੇਸ਼ ਵਿਚ ਪਰਵਾਸ ਨੀਤੀ ਇਸ ਕਰਕੇ ਸਫਲ ਹੁੰਦੀ ਵੇਖੀ ਜਾਂਦੀ ਹੈ ਕਿਉਂਕਿ ਉੱਥੇ ਮਿਸਾਲ ਵਜੋਂ 5 ਪਰਵਾਸੀ ਯੂਕਰੇਨੀਆਂ ਵਿੱਚੋਂ 5 ਨੂੰ ਹੀ ਕੰਮ ਉਪਲਬਧ ਹੈ ਜਦਕਿ ਜਰਮਨੀ ਅੰਦਰ 5 ਵਿੱਚੋਂ ਸਿਰਫ਼ ਇਕ ਨੂੰ। ਤੁਰਕੀ, ਯੂਨਾਨ, ਮੋਰਾਕੋ, ਇਟਲੀ, ਅਲਜੀਰੀਆ, ਟਿਊਨੇਸ਼ੀਆ, ਲਿਬੀਆਸ, ਸਾਈਪ੍ਰਸ, ਲੇਬਨਾਨ ਆਦਿ ਦੇਸ਼ਾਂ ਤੋਂ ਪੁੱਜੇ ਪਰਵਾਸੀ ਜਰਮਨ ’ਚ ਨਸਲੀ ਵਿਤਕਰੇ ਦਾ ਸ਼ਿਕਾਰ ਹਨ। ਭਾਵੇਂ ਸੈਮ ਓਜ਼ਦੀਮੀਰ ਪਰਵਾਸੀ ਪੁੱਤਰ ਜਰਮਨ ਫੂਡ ਅਤੇ ਖੇਤੀ ਮੰਤਰੀ ਦੇ ਅਹੁਦੇ ’ਤੇ ਪੁੱਜ ਗਿਆ ਪਰ ਬਾਵਜੂਦ ਇਸ ਦੇ ਪਰਵਾਸੀਆਂ ਨਾਲ ਨਸਲੀ ਨਫ਼ਰਤ ਤੇ ਨਾ-ਬਰਾਬਰੀ ਵਾਲਾ ਮਾਹੌਲ ਜਾਰੀ ਹੈ ਜਿਸ ਦਾ ਮੰਦਾ ਪ੍ਰਭਾਵ ਆਰਥਿਕਤਾ ਤੇ ਹੁਨਰਮੰਦ ਖੇਤਰ ’ਤੇ ਪੈਣਾ ਲਾਜ਼ਮੀ ਹੈ। ਕੋਵਿਡ ਕਾਲ ਵੇਲੇ 28 ਮਹੀਨੇ ਜਿਵੇਂ ਘਰ ਬੈਠੇ ਕਿਰਤੀਆਂ ਨੂੰ 80 ਪ੍ਰਤੀਸ਼ਤ ਉਜਰਤਾਂ ਜਾਰੀ ਰੱਖੀਆਂ ਗਈਆਂ, ਇਸ ਨੇ ਜਰਮਨ ਆਰਥਿਕਤਾ ਦਾ ਘਾਣ ਕਰ ਕੇ ਰੱਖ ਦਿੱਤਾ। ਅਮਰੀਕਾ ਤੇ ਨਾਟੋ ਭਾਈਵਾਲ ਜਰਮਨੀ ਨੂੰ ਯੂਕਰੇਨ ਜੰਗ ’ਚ ਧਕੇਲਣਾ ਚਾਹੁੰਦੇ ਹਨ ਪਰ ਉਹ ਇਨ੍ਹਾਂ ਦੇ ਝਾਂਸੇ ’ਚ ਨਹੀਂ ਆ ਰਿਹਾ। ਵਲਾਦੀਮੀਰ ਪੁਤਿਨ ਸਰਕਾਰ ਨਾਲ ਚੰਗੇਰੇ ਸਬੰਧ ਬਣਾਈ ਰੱਖ ਰਿਹਾ ਹੈ।

ਸੁਰੱਖਿਆ ਲਈ ਅਮਰੀਕਾ ’ਤੇ ਨਿਰਭਰ ਹੋਣ ਦੀ ਸਥਿਤੀ ’ਚੋਂ ਬਾਹਰ ਨਿਕਲਣਾ ਚਾਹੁੰਦਾ ਹੈ। ਅਮਰੀਕਾ, ਬ੍ਰਿਟੇਨ, ਫਰਾਂਸ ਤੇ ਨਾਟੋ ਗੱਠਜੋੜ ਨੇ ਹਮੇਸ਼ਾ ਉਸ ਨਾਲ ਵਿਤਕਰਾ ਕੀਤਾ। ਯੂਐੱਨ ਅੰਦਰ ਵੀਟੋ ਸ਼ਕਤੀ ਤੋਂ ਬਾਹਰ ਰੱਖਿਆ। ਅਫ਼ਗਾਨ ਜੰਗ ਸਮੇਂ ਜਰਮਨ ਫ਼ੌਜੀਆਂ ਦੇ ਮੋਟੇ ਹੋਣ ਕਰਕੇ ਟਰੰਪ ਉਨ੍ਹਾਂ ਦੀ ਲੜਾਕੂ ਕੁਸ਼ਲਤਾ ’ਤੇ ਤਨਜ਼ ਕੱਸਦਾ ਸੀ। ਅਜੋਕਾ ਜਰਮਨੀ ਖ਼ੁਦ ਨੂੰ ਸ਼ਾਂਤੀਵਾਦੀ ਸ਼ਕਤੀ ਸਥਾਪਤ ਕਰਨਾ ਚਾਹੁੰਦਾ ਹੈ। ਯੂਕਰੇਨ ਨੂੰ 100 ਬਿਲੀਅਨ ਯੂਰੋ ਦੀ ਆਰਥਿਕ ਮਦਦ ਦੇਣ ਦੇ ਬਾਵਜੂਦ ਤਾਰੁਸ ਨੇ ਮਿਜ਼ਾਈਲ ਤੇ ਹਥਿਆਰਾਂ ਦੀ ਸਪਲਾਈ ਤੋਂ ਨਾਂਹ ਕਰ ਦਿੱਤੀ ਹੈ। ਉਹ ਰੂਸ, ਚੀਨ, ਅਮਰੀਕਾ ਤੇ ਭਾਰਤ ਵਾਂਗ ਸ਼ਿਕਾਰੀ ਰਾਸ਼ਟਰਵਾਦੀ ਦੇਸ਼ ਵਜੋਂ ਉੱਭਰਨ ਤੋਂ ਵੀ ਟਲ ਰਿਹਾ ਹੈ।

ਅਜੋਕੇ ਆਰਥਿਕ ਸੰਕਟ, ਹੜਤਾਲਾਂ, ਬਲਾਕੇਡ, ਕਿਸਾਨ-ਮਜ਼ਦੂਰ ਮੰਗਾਂ, ਮਹਿੰਗਾਈ, ਸਨਅਤੀ ਖੜੋਤ, ਨਸਲੀ ਨਫ਼ਰਤ ਜਿਹੀਆਂ ਅੰਦਰੂਨੀ, ਯੂਕਰੇਨ ਤੇ ਇਜ਼ਰਾਈਲ-ਫਲਸਤੀਨ ਜੰਗਾਂ, ਅਮਰੀਕੀ, ਨਾਟੋ ਤੇ ਯੂਰਪੀ ਬਰਾਦਰੀ ਨਾਲ ਸਬੰਧਤ ਬਾਹਰੀ ਚੁਣੌਤੀਆਂ ਨੂੰ ਨਜਿੱਠਣ ਲਈ ਜਰਮਨ ਕ੍ਰਿਸਚੀਅਨ ਤੇ ਸੋਸ਼ਲ ਡੈਮੋਕ੍ਰੈਟ ਤੇ ਲਿਬਰਲਾਂ ਨੂੰ ਇਕਜੁੱਟ ਹੋਣ ਦੀ ਲੋੜ ਹੈ।

# ਲੋਕ ਸਭਾ ਚੋਣਾਂ 'ਚ ਵਿਦੇਸ਼ੀ ਦਖ਼ਲ ਦਾ ਖ਼ਤਰਾ

ਸ਼ਸ਼ੀ ਸ਼ੇਖ਼ਰ ਵੇਮਪਤੀ

ਪਿਛਲੇ ਕੁਝ ਹਫ਼ਤਿਆਂ ਦੌਰਾਨ ਲੋਕ ਸਭਾ ਚੋਣਾਂ ਨਾਲ ਜੁੜੇ ਵਿਸ਼ੇ ਫਾਈਨੈਂਸ਼ੀਅਲ ਟਾਈਮਜ਼, ਬਲੂਮਬਰਗ, ਅਲ-ਜਜ਼ੀਰਾ, ਯੂਕੇ ਗਾਰਜੀਅਨ ਤੇ ਇਕੋਨਮਿਸਟ ਵਰਗੇ ਵਿਸ਼ਵ ਪੱਧਰੀ ਮੀਡੀਆ ਅਦਾਰਿਆਂ ਦੀ ਕਵਰੇਜ ਦੇ ਕੇਂਦਰ-ਬਿੰਦੂ ਬਣ ਗਏ ਹਨ। ਇਨ੍ਹਾਂ ਮੀਡੀਆ ਅਦਾਰਿਆਂ ਦੀ ਕਵਰੇਜ ਤੇ ਲੇਖਾਂ ਦੇ ਸੁਰ ਅਤੇ ਭਾਵ ਲਗਪਗ ਇਕੋ ਜਿਹੇ ਹਨ ਤੇ ਇਨ੍ਹਾਂ 'ਤੇ ਭਾਰਤੀ ਜਮਹੂਰੀਅਤ ਦੇ ਕਮਜ਼ੋਰ ਹੋਣ ਤੋਂ ਲੈ ਕੇ ਉਸ ਦੇ ਭਵਿੱਖ 'ਤੇ ਗੰਭੀਰ ਅਸਰ ਪੈਣ ਦੀਆਂ ਭਵਿੱਖਵਾਣੀਆਂ ਕੀਤੀਆਂ ਜਾ ਰਹੀਆਂ ਹਨ। ਖ਼ਾਸ ਤੌਰ 'ਤੇ ਚਿੰਤਾ ਦੀ ਗੱਲ ਇਹ ਹੈ ਕਿ ਵਿਸ਼ਵ ਪੱਧਰੀ ਮੀਡੀਆ ਅਦਾਰਿਆਂ ਦੀ ਕਵਰੇਜ ਨੇ ਭਾਰਤ ਵਿਚ ਸਿਆਸੀ ਮਤਭੇਦਾਂ ਨੂੰ ਹੋਰ ਉਤਸ਼ਾਹ ਦੇਣ ਦੀ ਕੋਸ਼ਿਸ਼ ਕੀਤੀ ਹੈ। ਉੱਤਰ-ਦੱਖਣ ਵੰਡ ਦੀ ਕਲਪਨਾ ਤੋਂ ਲੈ ਕੇ ਨਿਆਪਾਲਿਕਾ ਤੇ ਚੋਣ ਕਮਿਸ਼ਨ ਵਰਗੀਆਂ ਸੁਤੰਤਰ ਸੰਵਿਧਾਨਕ ਇਕਾਈਆਂ ਦੀ ਭਰੋਸੇਯੋਗਤਾ ਨੂੰ ਘੱਟ ਕਰਨ ਤੱਕ, ਅਜਿਹੀ ਵਿਦੇਸ਼ੀ ਕਵਰੇਜ ਨੇ ਪਹਿਲੀ ਵੋਟ ਪਾਏ ਜਾਣ ਤੋਂ ਪਹਿਲਾਂ ਹੀ ਚੋਣ ਨਤੀਜਿਆਂ ਦੀ ਨਿਰਪੱਖਤਾ 'ਤੇ ਸਵਾਲ ਖੜ੍ਹੇ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ। ਅਜਿਹਾ ਲਗਦਾ ਹੈ ਕਿ ਭਾਰਤ ਵਿਦੇਸ਼ੀ ਦਖ਼ਲ ਦੀ ਮੁਹਿੰਮ ਦਾ ਟੀਚਾ ਬਣ ਗਿਆ ਹੈ, ਜੋ ਇੰਟਰਨੈਟ ਦੀ ਵੱਡੀ ਪਹੁੰਚ ਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਤਾਕਤ ਦਾ ਲਾਭ ਉਠਾ ਰਿਹਾ ਹੈ। ਇਸ ਵਿਚ ਭਾਰਤ ਇਕੱਲਾ ਨਹੀਂ ਹੈ। ਅਜਿਹੀਆਂ ਕਈ ਵਿਦੇਸ਼ੀ ਮੁਹਿੰਮਾਂ ਨੇ ਪੂਰੀ ਦੂਨੀਆ ਵਿਚ ਚੋਣ ਪ੍ਰਕਿਰਿਆ ਦੀ ਪਵਿੱਤਰਤਾ ਨੂੰ ਖ਼ਤਰੇ ਵਿਚ ਪਾ ਦਿੱਤਾ ਹੈ। ਮਿਸਾਲ ਵਜੋਂ ਕੈਨੇਡਾ ਤੇ ਆਸਟ੍ਰੇਲੀਆ ਨੇ ਅਜਿਹੀਆਂ ਮੁਹਿੰਮਾਂ ਦਾ ਸਾਹਮਣਾ ਕੀਤਾ ਹੈ, ਜਿਨ੍ਹਾਂ 'ਚ ਚੀਨੀ ਅਸਰ ਵਾਲੀਆਂ ਫੰਡਿੰਗ ਮੁਹਿੰਮਾਂ ਤੇ ਪ੍ਰਚਾਰ-ਪਸਾਰ ਨਾਲ ਜੁੜੇ ਲਗਪਗ ਸਿੱਧ ਹੋ ਚੁੱਕੇ ਮਾਮਲੇ ਮੌਜੂਦ ਹਨ। ਮਾਈਕ੍ਰੋਸਾਫਟ ਨੇ ਡੀਪਫੇਕ ਤੇ ਏਆਈ ਦੀ ਗ਼ਲਤ ਵਰਤੋਂ ਰਾਹੀਂ ਚੀਨ ਵੱਲੋਂ ਭਾਰਤੀ ਚੋਣਾਂ ਨੂੰ ਲੈ ਕੇ ਖ਼ਤਰਿਆਂ ਪ੍ਰਤੀ ਚੌਕਸ ਵੀ ਕੀਤਾ ਹੈ। ਕੈਨੇਡਾ 'ਚ ਪ੍ਰਵਾਸੀ ਭਾਰਤੀਆਂ ਤੇ ਸਿਆਸੀ ਹਸਤੀਆਂ ਨੂੰ ਪ੍ਰਭਾਵਿਤ ਕਰਨ ਦੀਆਂ ਗੁਪਤ ਕੋਸ਼ਿਸ਼ਾਂ ਦੀਆਂ ਰਿਪੋਰਟਾਂ ਨੇ ਚਿੰਤਾ ਪੈਦਾ ਕੀਤੀ ਹੈ। ਇਸੇ ਤਰ੍ਹਾਂ, ਆਸਟ੍ਰੇਲੀਆ ਆਪਣੀ ਸਿਆਸੀ ਖ਼ੁਦਮੁਖਤਿਆਰੀ 'ਤੇ ਵਿਦੇਸ਼ੀ ਦਖ਼ਲ ਦੇ ਅਸਰ ਨਾਲ ਜੂਝ ਰਿਹਾ ਹੈ, ਜਿਸ ਕਾਰਨ ਮਹੱਤਵਪੂਰਨ ਨੀਤੀਗਤ ਤਬਦੀਲੀਆਂ ਕੀਤੀਆਂ ਗਈਆਂ ਹਨ ਤੇ ਜਾਸੂਸੀ ਤੇ ਵਿਦੇਸ਼ੀ ਦਖ਼ਲ ਖ਼ਿਲਾਫ਼ ਕਾਨੂੰਨਾਂ ਨੂੰ ਮਜ਼ਬੂਤ ਬਣਾਇਆ ਗਿਆ ਹੈ।

ਵੱਖ-ਵੱਖ ਸਬੂਤਾਂ ਤੋਂ ਇਹ ਸਪੱਸ਼ਟ ਹੋਇਆ ਹੈ ਕਿ ਲੁਕਵੇਂ ਤਰੀਕਿਆਂ ਨਾਲ ਭੇਜੀ ਜਾਣ ਵਾਲੀ ਚੀਨੀ ਫੰਡਿੰਗ ਨੇ ਭਾਰਤੀ ਮੀਡੀਆ ਅਦਾਰਿਆਂ ਵਿਚ ਆਪਣਾ ਰਾਹ ਬਣਾ ਲਿਆ ਹੈ, ਜੋ ਬਰੀਕੀ ਨਾਲ ਧਾਰਨਾਵਾਂ ਨੂੰ ਬਦਲਣ ਦੇ ਨਾਲ ਹੀ ਜਨਤਾ ਦੀ ਰਾਇ ਨੂੰ ਪ੍ਰਭਾਵਿਤ ਕਰ ਰਹੇ ਹਨ। ਨਿਊਜ਼ਕਲਿਕ ਨੂੰ ਵਿਦੇਸ਼ੀ ਫੰਡਿੰਗ ਤੇ ਚੀਨ ਨਾਲ ਜੁੜੇ ਵਪਾਰੀਆਂ ਦੇ ਨਾਲ ਉਸ ਦੇ ਸਬੰਧ ਦਾ ਹਾਲੀਆ ਮਾਮਲਾ ਇਸ ਦੀ ਮਿਸਾਲ ਹੈ। ਇਸ ਤੋਂ ਵੀ ਵੱਧ ਘਾਤਕ ਤਰੀਕੇ ਨਾਲ, ਇੰਟਰਨੈਟ ਮੀਡੀਆ ਪਲੇਟਫਾਰਮਾਂ ਨੂੰ ਫ਼ਰਜ਼ੀ ਵੀਡੀਓ ਅਤੇ



ਡੀਪਫੇਕ ਕੰਟੈਂਟ ਨੂੰ ਪ੍ਰਸਾਰਿਤ ਕਰਨ ਦਾ ਹਥਿਆਰ ਬਣਾਇਆ ਗਿਆ ਹੈ ਜਿਸ ਨਾਲ ਸੱਚਾਈ ਅਤੇ ਮਨਘੜਤ ਕਹਾਣੀਆਂ ਵਿਚਾਲੇ ਦੀਆਂ ਰੇਖਾਵਾਂ ਧੁੰਦਲੀਆਂ ਹੋ ਗਈਆਂ ਹਨ ਤੇ ਪ੍ਰਧਾਨ ਮੰਤਰੀ ਮੋਦੀ ਤੱਕ ਅਜਿਹੇ ਡੀਪਫੇਕ ਦਾ ਸ਼ਿਕਾਰ ਹੋ ਗਏ ਹਨ। ਵੱਟਸਐਪ ਵਰਗੇ ਨਿੱਜੀ ਮੈਸੇਜਿੰਗ ਐਪਲੀਕੇਸ਼ਨ ਰਾਹੀਂ ਗ਼ਲਤ ਜਾਣਕਾਰੀਆਂ ਦੇ ਵੱਧ ਪ੍ਰਸਾਰ ਨੇ ਚੋਣ ਦੀ ਪ੍ਰਕਿਰਿਆ ਵਿਚ ਭਰੋਸੇ ਨੂੰ ਘੱਟ ਕਰਦੇ ਹੋਏ ਵੋਟਰਾਂ ਨੂੰ ਗੁਮਰਾਹ ਕਰਨ ਵਾਲੀ ਰਣਨੀਤੀ ਦਾ ਪਤਾ ਲਾਉਣਾ ਮੁਸ਼ਕਲ ਬਣਾ ਦਿੱਤਾ ਹੈ।

ਭਾਰਤੀ ਸਿਆਸਤ 'ਤੇ ਅਜਿਹੀਆਂ ਹਰਕਤਾਂ ਦੇ ਨਤੀਜੇ ਜ਼ਰੂਰ ਪੈਣਗੇ। ਸੂਚਨਾ ਈਕੋਸਿਸਟਮ 'ਚ ਹੇਰਾਫੇਰੀ ਕਰਨ ਤੋਂ ਇਲਾਵਾ ਵਿਦੇਸ਼ੀ ਤਾਕਤਾਂ ਘਰੇਲੂ ਤੱਤਾਂ ਦੀ ਪੱਖਪਾਤੀ ਸਿਆਸੀ ਬਿਆਨਬਾਜ਼ੀ ਦਾ ਸਹਾਰਾ ਲੈ ਕੇ ਭਾਰਤ ਵਿਚ ਸਮਾਜਿਕ ਵੰਡ ਨੂੰ ਵਧਾ ਰਹੀਆਂ ਹਨ। ਨਿਰਾਸ਼ ਸਿਆਸੀ ਪਾਰਟੀਆਂ ਤੇ ਆਗੂ ਇਸ 'ਘਾਤਕ' ਰਣਨੀਤੀ ਦਾ ਸਹਾਰਾ ਲੈ ਰਹੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਥੋੜ੍ਹਾ ਵੀ ਅਹਿਸਾਸ ਨਹੀਂ ਹੈ ਕਿ ਭਾਰਤੀ ਜਮਹੂਰੀਅਤ ਬਾਰੇ ਉਨ੍ਹਾਂ ਦੇ ਗ਼ੈਰ-ਜ਼ਰੂਰੀ ਤੇ ਵਧਾਅ-ਚੜ੍ਹਾਅ ਕੇ ਕੀਤੇ ਐਲਾਨਾਂ ਦੀ ਵਿਦੇਸ਼ੀ ਤਾਕਤਾਂ ਵੱਲੋਂ ਭਾਰਤ ਦੇ ਜਮਹੂਰੀ ਢਾਂਚੇ ਨੂੰ ਕਮਜ਼ੋਰ ਕਰਨ ਦੇ ਟੀਚੇ ਨਾਲ ਵਰਤੋਂ ਕੀਤੀ ਜਾ ਰਹੀ ਹੈ। ਇਹ ਸਭ ਕੁਝ ਜਮਹੂਰੀਅਤ ਦੇ ਮੂਲ ਸਾਰ ਤੇ ਸੁਤੰਤਰ ਅਤੇ ਨਿਰਪੱਖ ਚੋਣਾਂ ਦੇ ਨਤੀਜੇ ਵਿਚ ਵਿਸ਼ਵਾਸ ਨੂੰ ਖ਼ਤਰੇ ਵਿਚ ਪਾ ਰਿਹਾ ਹੈ। ਭਾਰਤ ਦੀ ਚੋਣ ਪ੍ਰਕਿਰਿਆ ਦੀ ਭਰੋਸੇਯੋਗਤਾ 'ਤੇ ਸਰਹੱਦ ਪਾਰ ਬੈਠੇ ਏਜੰਟਾਂ ਵੱਲੋਂ ਤਕਨੀਕ ਦੇ ਗ਼ਲਤ ਇਸਤੇਮਾਲ ਰਾਹੀਂ ਪੈਦਾ ਕੀਤੇ ਜਾਣ ਵਾਲੇ ਇਨ੍ਹਾਂ ਖ਼ਤਰਿਆਂ ਨੂੰ ਦੇਖਦੇ ਹੋਏ ਇਹ ਤੱਤਕਾਲ ਫ਼ੈਸਲਾ ਲੈਣ ਤੇ ਕਾਰਵਾਈ ਕਰਨ ਦਾ ਸਮਾਂ ਹੈ। ਸੂਚਨਾਵਾਂ ਦੇ ਪ੍ਰਸਾਰ 'ਚ ਮੌਜੂਦ ਕਮਜ਼ੋਰੀਆਂ ਨੂੰ ਦੂਰ ਕਰਨ ਤੇ ਚੋਣ ਭਰੋਸੇਯੋਗਤਾ ਨੂੰ ਬਣਾਈ ਰੱਖਣ ਲਈ ਸੁਰੱਖਿਅਤ ਤਰੀਕੇ ਅਪਣਾਏ ਜਾਣ ਦੀ ਲੋੜ ਹੈ। ਭਾਰਤੀ ਚੋਣ ਕਮਿਸ਼ਨ ਨੂੰ ਹੋਰ ਸਰਕਾਰੀ ਤੇ ਗ਼ੈਰ-ਸਰਕਾਰੀ ਹਿੱਤਧਾਰਕਾਂ ਦੇ ਨਾਲ ਮਿਲ ਕੇ ਇਨ੍ਹਾਂ ਕਮਜ਼ੋਰੀਆਂ ਨੂੰ ਦੂਰ ਕਰਨ ਲਈ ਫ਼ੈਸਲਾਕੁਨ ਕਾਰਵਾਈ ਕਰਨੀ ਚਾਹੀਦੀ ਹੈ।

ਭਾਰਤੀ ਚੋਣ ਕਮਿਸ਼ਨ ਦੀ ਅਹਿਮ ਭੂਮਿਕਾ ਤਹਿਤ ਹੋਰ ਗੱਲਾਂ ਦੀ ਥਾਂ ਮੁੱਖ ਤੌਰ 'ਤੇ ਆਦਰਸ਼ ਜ਼ਾਬਤੇ ਨੂੰ ਲਾਗੂ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ, ਜਦਕਿ ਇਸ ਪ੍ਰਕਿਰਿਆ ਵਿਚ ਹੋ ਰਹੇ ਵਿਦੇਸ਼ੀ ਦਖ਼ਲ 'ਤੇ ਬਹੁਤ ਘੱਟ ਧਿਆਨ ਦਿੱਤਾ ਜਾ ਰਿਹਾ ਹੈ। ਦਰਅਸਲ, ਚੋਣ ਪ੍ਰਕਿਰਿਆ ਵਿਚ ਦਿੱਤੇ ਜਾ ਰਹੇ ਵਿਦੇਸ਼ੀ ਦਖ਼ਲ ਤੇ ਇਸ ਨਾਲ ਹੀ ਗ਼ਲਤ ਸੂਚਨਾਵਾਂ ਨਾਲ ਪੈਦਾ ਹੋਣ ਵਾਲੇ ਖ਼ਤਰਿਆਂ ਨਾਲ ਨਜਿੱਠਣ ਲਈ ਭਾਰਤੀ ਚੋਣ ਕਮਿਸ਼ਨ ਨੂੰ ਆਪਣੀਆਂ ਮੁਹਿੰਮਾਂ ਤੋਂ ਪਰੇ ਜਾ ਕੇ ਵੋਟਰਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ, ਤਾਂ ਜੋ ਫ਼ਰਜ਼ੀ ਖ਼ਬਰਾਂ, ਗ਼ਲਤ ਵੀਡੀਓ ਤੇ ਡੀਪਫੇਕ ਮੀਡੀਆ ਦੀ ਸਰਗਰਮ ਰੂਪ ਨਾਲ ਪਛਾਣ ਕੀਤੀ ਜਾ ਸਕੇ ਤੇ ਉਨ੍ਹਾਂ ਨੂੰ ਤੁਰੰਤ ਹਟਾਇਆ ਜਾ ਸਕੇ।

ਇਸ ਕਾਰਨ ਸਰਕਾਰ ਦੇ ਫੈਕਟਸ ਚੈੱਕ ਯੂਨਿਟਾਂ ਨੂੰ ਅਸਰਦਾਰ ਮਸ਼ੀਨਰੀ ਜਾਂ ਸਾਧਨਾਂ ਨੂੰ ਵਿਸਥਾਰਤ ਸਮਰੱਥਾ ਨਾਲ ਲੈਸ ਕਰ ਕੇ ਉਨ੍ਹਾਂ ਨੂੰ ਮਜ਼ਬੂਤ ਬਣਾਉਣਾ ਬਹੁਤ ਜ਼ਰੂਰੀ ਹੈ, ਤਦ ਹੀ ਚੋਣ ਕਮਿਸ਼ਨ ਮਜ਼ਬੂਤੀ ਨਾਲ ਇਸ ਦਿਸ਼ਾ ਵਿਚ ਪੁਖ਼ਤਾ ਕਦਮ ਚੁੱਕ ਸਕਦਾ ਹੈ। ਅਸਲ ਵਿਚ, ਇਹ ਇਕ ਅਜਿਹੀ ਲੜਾਈ ਹੈ ਜਿਸ ਨੂੰ ਭਾਰਤ ਨੂੰ ਇਕ ਖ਼ੁਦਮੁਖਤਿਆਰ, ਜਮਹੂਰੀ ਦੇਸ਼ ਦੇ ਰੂਪ ਵਿਚ ਆਪਣੇ ਭਵਿੱਖ ਨੂੰ ਸੁਰੱਖਿਅਤ ਰੱਖਣ ਲਈ ਹਰ ਹਾਲ ਵਿਚ ਜਿੱਤਣਾ ਪਵੇਗਾ। ਇਹ ਸਾਡੀ ਜਮਹੂਰੀਅਤ ਦੇ ਮਜ਼ਬੂਤ ਆਧਾਰ ਦੀ ਰੱਖਿਆ ਲਈ ਚੌਕਸੀ ਵਰਤਣ, ਏਕਤਾ ਯਕੀਨੀ ਬਣਾਉਣ ਤੇ ਸਰਗਰਮ ਤਰੀਕਿਆਂ ਦਾ ਸੱਦਾ ਦੇਣ ਦਾ ਸਹੀ ਸਮਾਂ ਹੈ। ਹੁਣ ਇਸ ਮੋਰਚੇ 'ਤੇ ਪੁਖ਼ਤਾ ਕਦਮ ਚੁੱਕਣ ਦੀ ਦਿਸ਼ਾ ਵਿਚ ਅੱਗੇ ਵਧਣਾ ਜ਼ਰੂਰੀ ਹੋ ਗਿਆ ਹੈ।

# ਬਦਲਵੇਂ ਏਜੰਡੇ ਦੀ ਰੜਕਦੀ ਘਾਟ

(ਸਫਾ 16 ਦੀ ਬਾਕੀ)

ਨੌਕਰੀਆਂ ਹਨ ਅਤੇ ਸਰਕਾਰ ਦਾ ਕੰਮ ਉਦਯੋਗ-ਧੰਦੇ ਚਲਾਉਣਾ ਹੈ। ਕਿਸੇ ਨੇ ਇਹ ਸਪਸ਼ਟ ਨਹੀਂ ਕੀਤਾ ਕਿ ਉਹ ਇੰਨੀ ਗਿਣਤੀ ਵਿਚ ਨੌਕਰੀਆਂ ਕਿਵੇਂ ਦੇਣਗੀਆਂ? ਸ਼ਾਇਦ ਉਹ ਇਸ ਤੱਥ ਤੋਂ ਅਣਜਾਣ ਰਹਿਣਾ ਚਾਹੁੰਦੀਆਂ ਹਨ ਕਿ ਜਦ ਵੀ ਕਿਤੇ ਸਰਕਾਰਾਂ ਨੇ ਉਦਯੋਗ ਚਲਾਉਣ ਦੀ ਕੋਸ਼ਿਸ਼ ਕੀਤੀ, ਉਦੋਂ ਉਨ੍ਹਾਂ ਦੀ ਗੁਣਵੱਤਾ ਤੇ ਸੇਵਾ ਵਿਚ ਕਮੀ ਆਈ ਅਤੇ ਅਜਿਹੇ ਉਦਯੋਗ ਘਾਟੇ ਦੀ ਲਪੇਟ ਵਿਚ ਆਏ।

ਕਾਂਗਰਸ ਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਨੇ ਮੋਦੀ ਸਰਕਾਰ ਦੀਆਂ ਆਰਥਿਕ-ਸਮਾਜਿਕ ਮੁਹਾਜ਼ 'ਤੇ ਹਾਸਲ ਉਪਲਬਧੀਆਂ ਨੂੰ ਤਾਂ ਨਕਾਰਿਆ ਹੀ ਹੈ, ਇਹ ਦੇਖਣ ਤੋਂ ਵੀ ਇਨਕਾਰ ਕੀਤਾ ਹੈ ਕਿ ਬੀਤੇ ਦਸ ਸਾਲਾਂ ਵਿਚ ਕਿਸ ਤਰ੍ਹਾਂ ਦੇਸ਼ ਦਾ ਕੱਦ ਵਧਿਆ ਅਤੇ ਭਾਰਤ ਦਾ ਕੌਮਾਂਤਰੀ ਅਕਸ ਨਿਖਰਿਆ। ਕੀ ਇਹ ਆਮ ਗੱਲ ਹੈ ਕਿ ਦਸ ਸਾਲਾਂ ਵਿਚ ਦੇਸ਼ ਪੰਜਵਾਂ ਵੱਡਾ ਅਰਥਚਾਰਾ ਬਣ ਗਿਆ ਅਤੇ ਹੁਣ ਤੀਜੇ ਸਥਾਨ 'ਤੇ ਪੁੱਜਣ ਵਾਲਾ ਹੈ? ਵਿਰੋਧੀ ਪਾਰਟੀਆਂ ਰਾਸ਼ਟਰਵਾਦ ਦੇ ਵਧਣ-ਫੁੱਲਣ ਅਤੇ ਭਾਰਤੀ ਸੰਸਕ੍ਰਿਤੀ ਨਾਲ ਲੋਕਾਂ ਦੇ ਲਗਾਅ ਦੇ ਨਾਲ ਹੀ ਇਸ ਦੀ ਵੀ ਅਣਦੇਖੀ ਕਰ ਰਹੀਆਂ ਹਨ ਕਿ ਲੋਕ ਹੁਣ ਵਿਕਸਤ ਭਾਰਤ ਦੇ ਟੀਚੇ ਦੀ ਪ੍ਰਾਪਤੀ ਨੂੰ ਲੈ ਕੇ ਆਸਵੰਦ ਹਨ। ਵਿਰੋਧੀ ਪਾਰਟੀਆਂ ਮੋਦੀ ਸਰਕਾਰ ਦੀਆਂ ਲੋਕ ਭਲਾਈ ਵਾਲੀਆਂ ਨੀਤੀਆਂ ਦੀ ਸਫਲਤਾ ਅਤੇ ਆਰਥਿਕ ਤਰੱਕੀ ਦੇ ਨਾਲ-ਨਾਲ ਮੁੱਢਲੇ ਢਾਂਚੇ ਦੇ ਕਾਬਿਲੇਗ਼ੌਰ ਨਿਰਮਾਣ ਦਾ ਵੀ ਮਹੱਤਵ ਨਹੀਂ ਸਮਝ ਰਹੀਆਂ ਹਨ। ਕਾਂਗਰਸ ਤੇ ਸਹਿਯੋਗੀ ਪਾਰਟੀਆਂ ਨੇ ਸਮਾਜਿਕ ਤੇ ਆਰਥਿਕ ਤਰੱਕੀ ਦਾ ਆਪਣਾ ਜੋ ਖਾਕਾ ਪੇਸ਼ ਕੀਤਾ ਹੈ, ਉਹ ਪਹਿਲਾਂ ਵੀ ਕਈ ਪਾਰਟੀਆਂ ਪੇਸ਼ ਕਰ ਚੁੱਕੀਆਂ ਹਨ ਅਤੇ ਸੱਤਾ ਵੀ ਹਾਸਲ ਕਰ ਚੁੱਕੀਆਂ ਹਨ। ਸਭ ਜਾਣਦੇ ਹਨ ਕਿ ਉਸ ਨਾਲ ਨਾ ਤਾਂ ਸਮਾਜਿਕ-ਆਰਥਿਕ ਨਿਆਂ ਦਾ ਟੀਚਾ ਹਾਸਲ ਕੀਤਾ ਜਾ ਸਕਿਆ ਅਤੇ ਨਾ ਹੀ ਦੇਸ਼ ਨੂੰ ਅੱਗੇ ਲਿਜਾਉਣ ਵਿਚ ਮਦਦ ਮਿਲ ਸਕੀ।

ਵਿਰੋਧੀ ਪਾਰਟੀਆਂ ਦੇ ਚੋਣ ਵਾਅਦੇ ਦੇਸ਼ ਨੂੰ 1970-80 ਦੇ ਦਹਾਕੇ ਵਾਲੇ ਉਸੇ ਦੌਰ ਵਿਚ ਲਿਜਾਉਣ ਵਾਲੇ ਹਨ ਜਿਸ 'ਚੋਂ ਦੇਸ਼ ਬੜੀ ਮੁਸ਼ਕਲ ਨਾਲ ਬਾਹਰ ਨਿਕਲਿਆ ਅਤੇ ਮੋਦੀ ਸਰਕਾਰ ਨੇ ਆਪਣੀਆਂ ਨੀਤੀਆਂ ਅਤੇ ਯੋਜਨਾਵਾਂ ਨਾਲ ਉਸ ਨੂੰ ਇਕ ਨਵੀਂ ਦਿਸ਼ਾ ਅਤੇ ਗਤੀ ਦਿੱਤੀ। ਇਨ੍ਹਾਂ ਨੀਤੀਆਂ ਅਤੇ ਪ੍ਰੋਗਰਾਮਾਂ ਸਹਾਰੇ ਭਾਰਤ ਆਤਮ-ਨਿਰਭਰਤਾ ਵੱਲ ਵਧ ਰਿਹਾ ਹੈ। ਇਸ ਦੇ ਉਲਟ ਵਿਰੋਧੀ ਪਾਰਟੀਆਂ ਦੇ ਵਾਅਦੇ ਲੋਕਾਂ ਦੀ ਸਰਕਾਰ 'ਤੇ ਨਿਰਭਰਤਾ ਵਧਾਉਣ ਵਾਲੇ ਹਨ।

ਇਕ ਤਰ੍ਹਾਂ ਨਾਲ ਉਹ ਦੇਸ਼ ਦੀ ਤਰੱਕੀ ਦੀ ਦਿਸ਼ਾ ਨੂੰ ਪਲਟਣ ਦੀ ਕਵਾਇਦ ਕਰਦੀਆਂ ਦਿਸ ਰਹੀਆਂ ਹਨ। ਇਸੇ ਲਈ ਉਨ੍ਹਾਂ ਦੇ ਚੋਣ ਵਾਅਦਿਆਂ ਨੂੰ ਦੇਖ ਕੇ ਇਹ ਕਹਿਣਾ ਕਠਿਨ ਹੈ ਕਿ ਉਹ ਦੇਸ਼ ਦੀ ਜਨਤਾ ਦੇ ਸਾਹਮਣੇ ਕੋਈ ਠੋਸ ਬਦਲਵਾਂ ਏਜੰਡਾ ਰੱਖ ਸਕਣ। ਸਿਆਸੀ ਪਾਰਟੀਆਂ ਦੇ ਮੈਨੀਫ਼ੈਸਟੋਜ਼ 'ਚ ਆਮ ਤੌਰ 'ਤੇ ਅਨੁਸੂਚਿਤ ਕਬਾਇਲੀ ਭਾਈਚਾਰਿਆਂ ਨੂੰ ਅੱਖੋਂ ਪ੍ਰੋਖੇ ਹੀ ਕੀਤਾ ਗਿਆ ਹੁੰਦਾ ਹੈ। ਉਨ੍ਹਾਂ ਨੂੰ ਬਣਦੇ ਅਧਿਕਾਰ ਵੀ ਨਹੀਂ ਦਿੱਤੇ ਜਾ ਰਹੇ। ਵਣਾਂ 'ਚ ਰਹਿੰਦੇ ਕਬਾਇਲੀਆਂ ਲਈ ਭਾਵੇਂ ਲੋੜੀਂਦਾ ਕਾਨੂੰਨ ਮੌਜੂਦ ਹੈ ਪਰ ਫਿਰ ਵੀ ਉਸ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਜਾ ਰਿਹਾ। ਇਸ ਤੋਂ ਇਲਾਵਾ ਵਾਤਾਵਰਨ ਨਾਲ ਸਬੰਧਤ ਮੁੱਦਿਆਂ ਨੂੰ ਵੀ ਘੱਟ ਹੀ ਛੋਹਿਆ ਜਾਂਦਾ ਹੈ। ਇਨ੍ਹਾਂ ਨੂੰ ਜ਼ਰੂਰ ਹੀ ਸਿਆਸੀ ਪਾਰਟੀਆਂ ਦੇ ਮੈਨੀਫ਼ੈਸਟੋਜ਼ 'ਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਸਮਾਜ ਦੇ ਸਾਰੇ ਵਰਗਾਂ ਦਾ ਖ਼ਿਆਲ ਰੱਖਣਾ ਇਨ੍ਹਾਂ ਪਾਰਟੀਆਂ ਦਾ ਫ਼ਰਜ਼ ਹੈ।

# ਬੁੱਧੀਜੀਵੀ ਵਰਗ ਸਰਗਰਮ ਭੂਮਿਕਾ ਨਿਭਾਵੇ

ਸੁਮੀਤ ਸਿੰਘ

ਸਭਿਅਕ ਅਤੇ ਵਿਕਸਤ ਸਮਾਜ ਦੀ ਉਸਾਰੀ ਵਿਚ ਸੁਹਿਰਦ ਲੇਖਕਾਂ, ਬੁੱਧੀਜੀਵੀਆਂ, ਪੱਤਰਕਾਰਾਂ, ਸਿੱਖਿਆ ਸ਼ਾਸਤਰੀਆਂ, ਵਿਗਿਆਨੀਆਂ, ਅਧਿਆਪਕਾਂ, ਪ੍ਰੋਫੈਸਰਾਂ, ਵਕੀਲਾਂ, ਨਾਟਕਕਾਰਾਂ, ਸਾਹਿਤਕਾਰਾਂ, ਕਲਾਕਾਰਾਂ, ਕਾਨੂੰਨਦਾਨਾਂ ਅਤੇ ਸਮਾਜਿਕ ਕਾਰਕੁਨਾਂ ਦੀ ਅਹਿਮ ਭੂਮਿਕਾ ਹੁੰਦੀ ਹੈ। ਉਨ੍ਹਾਂ ਦੀ ਨੈਤਿਕ ਅਤੇ ਸਮਾਜਿਕ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਜਿੱਥੇ ਸਮਾਜ ਵਿਚ ਵਿਗਿਆਨਕ ਚੇਤਨਾ, ਸਵੈ-ਵਿਸ਼ਵਾਸ, ਸੰਘਰਸ਼, ਭਾਈਚਾਰਕ ਸਾਂਝ, ਧਰਮ ਨਿਰਪੱਖਤਾ, ਜਮਹੂਰੀਅਤ, ਆਪਸੀ ਪਿਆਰ, ਇਕਜੁੱਟਤਾ, ਇਮਾਨਦਾਰੀ, ਨਿਆਂ, ਸਚਾਈ, ਅਨੁਸ਼ਾਸਨ ਆਦਿ ਨੈਤਿਕ ਕਦਰਾਂ ਕੀਮਤਾਂ ਦੀ ਭਾਵਨਾ ਪ੍ਰਫੁੱਲਿਤ ਕਰਨ ਲਈ ਲਗਾਤਾਰ ਸੇਧ ਅਤੇ ਅਗਵਾਈ ਦੇਣ, ਉੱਥੇ ਹੀ ਸਾਧਨ ਵਿਹੂਣੇ ਪਿਛੜੇ ਅਤੇ ਗਰੀਬ ਵਰਗ ਦੇ ਲੋਕਾਂ ਵਿਚ ਜਮਹੂਰੀ ਹੱਕਾਂ ਦੀ ਰਾਖੀ ਲਈ ਸਾਂਝੇ ਜਨਤਕ ਸੰਘਰਸ਼ ਕਰਨ ਦੀ ਸਮਾਜਿਕ ਚੇਤਨਾ ਵੀ ਵਿਕਸਤ ਕਰਨ। ਭਾਰਤ ਦੇ ਕੌਮਾਂਤਰੀ ਪੱਧਰ 'ਤੇ ਪ੍ਰਸਿੱਧ ਲੋਕ ਪੱਖੀ ਵਿਗਿਆਨੀਆਂ ਅਤੇ ਚਿੰਤਕਾਂ ਦੀਆਂ 40 ਵਿਗਿਆਨਕ ਸੰਸਥਾਵਾਂ 'ਤੇ ਅਧਾਰਿਤ ਸੰਸਥਾ ਆਲ ਇੰਡੀਆ ਪੀਪਲਜ਼ ਸਾਇੰਸ ਨੈੱਟਵਰਕ ਨੇ 7 ਨਵੰਬਰ 2023 ਤੋਂ 28 ਫਰਵਰੀ 2024 ਤਕ ਚਲਾਈ ਕੌਮੀ ਜਾਗਰੂਕਤਾ ਮੁਹਿੰਮ ਤਹਿਤ 28 ਫਰਵਰੀ ਨੂੰ ਕੋਲਕਾਤਾ ਵਿੱਚ ਪ੍ਰਭਾਵਸ਼ਾਲੀ ਕੌਮੀ ਕਨਵੈਨਸ਼ਨ ਵਿਚ ਮਤੇ ਪਾਸ ਕਰ ਕੇ ਮੌਜੂਦਾ ਕੇਂਦਰ ਸਰਕਾਰ ਵਲੋਂ ਦੇਸ਼ ਵਿਚ ਜਨਤਕ ਅਦਾਰਿਆਂ, ਵਿਗਿਆਨਕ ਸੋਚ, ਵਿਗਿਆਨਕ ਸਿੱਖਿਆ, ਧਰਮ ਨਿਰਪੱਖਤਾ, ਜਮਹੂਰੀਅਤ, ਫੈਡਰਲ ਢਾਂਚੇ, ਬੋਲਣ ਤੇ ਲਿਖਣ ਦੇ ਸੰਵਿਧਾਨਕ ਹੱਕਾਂ, ਸੰਵਿਧਾਨਕ ਸੰਸਥਾਵਾਂ ਅਤੇ ਮੌਲਿਕ ਅਧਿਕਾਰਾਂ ਉੱਤੇ ਕੀਤੇ ਜਾ ਰਹੇ ਫ਼ਿਰਕੂ ਹਮਲਿਆਂ ਖਿਲਾਫ ਜ਼ਿੰਮੇਵਾਰ ਉੱਚ ਅਧਿਕਾਰੀਆਂ, ਕਾਨੂੰਨਦਾਨਾਂ, ਸਿੱਖਿਆ ਸ਼ਾਸਤਰੀਆਂ ਅਤੇ ਰਾਜਸੀ ਪਾਰਟੀਆਂ ਨੂੰ ਪੱਤਰ ਲਿਖਿਆ ਹੈ ਜਿਸ 'ਤੇ 109 ਵਿਗਿਆਨੀਆਂ ਤੇ ਬੁੱਧੀਜੀਵੀਆਂ ਨੇ ਦਸਤਖ਼ਤ ਕੀਤੇ।

ਇਸ ਪੱਤਰ ਵਿਚ ਕੇਂਦਰ ਸਰਕਾਰ ਵਲੋਂ ਵਿਸ਼ਵ ਵਪਾਰ ਸੰਗਠਨ ਅਤੇ ਸੰਸਾਰ ਬੈਂਕ ਦੇ ਦਬਾਅ ਹੇਠ ਦੇਸ਼ ਵਿਚਲੇ ਜਨਤਕ ਅਦਾਰਿਆਂ ਨੂੰ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਵੇਚਣ, ਮੌਜੂਦਾ ਵਿਦਿਅਕ ਢਾਂਚੇ ਅਤੇ ਸੰਵਿਧਾਨਕ ਸੰਸਥਾਵਾਂ ਨੂੰ ਪੁਰਾਤਨ ਰੂੜੀਵਾਦੀ, ਅੰਧ-ਵਿਸ਼ਵਾਸੀ ਅਤੇ ਮਿਥਿਹਾਸਕ ਮਾਨਤਾਵਾਂ ਦੀ ਦਲਦਲ ਵਿੱਚ ਸੁੱਟਣ ਅਤੇ ਅੰਧ-ਰਾਸ਼ਟਰਵਾਦ ਫੈਲਾਉਣ ਦਾ ਦੋਸ਼ ਲਾਉਂਦਿਆਂ ਸਾਮਰਾਜ ਪੱਖੀ ਨੀਤੀਆਂ ਰੱਦ ਕਰਨ, ਸੰਵਿਧਾਨ ਦੀ ਧਾਰਾ 51-ਏ(ਐੱਚ) ਅਨੁਸਾਰ ਵਿਗਿਆਨਕ ਸੋਚ ਦਾ ਪ੍ਰਚਾਰ ਕਰਨ ਅਤੇ ਧਾਰਾ 19 ਤਹਿਤ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਯਕੀਨੀ ਬਣਾਉਣ ਉਤੇ ਜ਼ੋਰ ਦਿੱਤਾ ਗਿਆ ਹੈ। ਪਿਛਲੇ ਕੁਝ ਸਾਲਾਂ ਤੋਂ ਹਕੂਮਤੀ ਸਰਪ੍ਰਸਤੀ ਹੇਠ ਦੇਸ਼ ਵਿਚ ਵਧ ਰਹੇ ਫ਼ਿਰਕੂ ਫਾਸ਼ੀਵਾਦ ਉਤੇ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਇਨ੍ਹਾਂ ਨਾਮਵਰ ਵਿਗਿਆਨੀਆਂ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਵੱਲੋਂ ਉੱਚ ਵਿਦਿਅਕ ਸੰਸਥਾਵਾਂ ਅਤੇ ਵਿਗਿਆਨ ਤੇ ਤਕਨਾਲੋਜੀ ਦੇ ਖੋਜ ਕਾਰਜਾਂ ਦੇ ਬਜਟ ਵਿੱਚ ਵੱਡੀ ਕਟੌਤੀ ਕਰਨ ਦੇ ਇਲਾਵਾ ਦੇਸ਼ ਦੇ ਭਖਵੇਂ ਲੋਕ ਪੱਖੀ ਮੁੱਦਿਆਂ, ਵਿਗਿਆਨਕ ਚੇਤਨਾ, ਜਮਹੂਰੀਅਤ, ਧਰਮ ਨਿਰਪੱਖਤਾ ਤੇ ਜਮਹੂਰੀ ਅਧਿਕਾਰਾਂ ਉਤੇ ਵਿਚਾਰ-ਵਟਾਂਦਰਾ ਕਰਨ ਉਤੇ ਅਣਐਲਾਨੀ ਪਾਬੰਦੀ ਲਗਾ ਦਿੱਤੀ ਗਈ ਹੈ ਅਤੇ ਇਨ੍ਹਾਂ ਅਦਾਰਿਆਂ ਵਿਚ ਵਿਗਿਆਨਕ ਚੇਤਨਾ ਪੱਖੀ ਅਧਿਆਪਕਾਂ ਤੇ ਅਧਿਕਾਰੀਆਂ ਦੀ ਬਜਾਇ ਹਕੂਮਤ ਪੱਖੀ ਰਾਜਸੀ ਕਾਰਕੁਨਾਂ ਦੀ ਨਿਯੁਕਤੀ ਕਰ ਕੇ ਵਿਦਿਅਕ ਸੰਸਥਾਵਾਂ ਦਾ ਭਗਵਾਕਰਨ ਕੀਤਾ ਜਾ ਰਿਹਾ ਹੈ।

ਇਸ ਕੌਮੀ ਕਨਵੈਨਸ਼ਨ ਵਿੱਚ ਲੋਕਤੰਤਰ ਅਤੇ ਧਰਮ ਨਿਰਪੱਖਤਾ ਦੀ ਰਾਖੀ ਲਈ ਵਿਗਿਆਨ ਅਤੇ ਵਿਗਿਆਨਕ ਸੋਚ ਅਪਨਾਉਣ ਦਾ ਨਾਅਰਾ ਦਿੱਤਾ ਗਿਆ ਹੈ ਅਤੇ ਧਰਮ ਨੂੰ ਰਾਜਨੀਤੀ ਤੇ ਰਾਜ ਪ੍ਰਬੰਧ ਤੋਂ ਵੱਖ ਰੱਖਣ ਦੀ ਮੰਗ ਕੀਤੀ ਗਈ ਹੈ। ਇਸ ਤੋਂ ਇਲਾਵਾ ਸਿੱਖਿਆ ਪਾਠਕ੍ਰਮਾਂ ਵਿਚ ਡਾਰਵਿਨ ਦੇ ਜੀਵ ਵਿਕਾਸ ਦੇ ਸਿਧਾਂਤ ਸਮੇਤ ਕੁਦਰਤੀ ਸਾਧਨਾਂ, ਜੰਗਲ ਅਤੇ ਵਾਤਾਵਰਨ ਦੀ ਸੰਭਾਲ, ਜਮਹੂਰੀਅਤ, ਫੈਡਰਲ ਢਾਂਚੇ ਆਦਿ ਨੂੰ ਮੁੜ ਸ਼ਾਮਿਲ ਕਰਨ ਅਤੇ ਪੁਰਾਤਨ ਮੱਧਯੁਗੀ ਤੇ ਮਿਥਿਹਾਸਕ ਰੂੜੀਵਾਦੀ ਪਾਠਕ੍ਰਮਾਂ ਨੂੰ ਬਾਹਰ ਕੱਢਣ ਦੀ ਮੰਗ ਵੀ ਕੀਤੀ ਗਈ। ਇਸ ਦੇ ਨਾਲ ਹੀ ਉੱਚ ਵਿਦਿਅਕ ਅਦਾਰਿਆਂ ਵਿਚ ਵਿਗਿਆਨਕ ਖੋਜ ਕਾਰਜਾਂ ਅਤੇ ਸੁਤੰਤਰ ਵਿਚਾਰ ਚਰਚਾਵਾਂ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਉਨ੍ਹਾਂ ਦੇ ਵਿਕਾਸ ਲਈ ਵੱਧ ਤੋਂ ਵੱਧ ਫੰਡ ਜਾਰੀ ਕੀਤੇ ਜਾਣ ਦੀ ਵੀ ਮੰਗ ਕੀਤੀ ਗਈ। ਵਿਦਿਅਕ ਸੰਸਥਾਵਾਂ ਅਤੇ ਰਾਜ ਪ੍ਰਬੰਧ ਚੋਂ ਅੰਧ-ਵਿਸ਼ਵਾਸ ਫੈਲਾਉਣ ਵਾਲੀਆਂ ਰੂੜੀਵਾਦੀ ਕਾਰਵਾਈਆਂ ਬੰਦ ਕਰਨ ਉਤੇ ਜ਼ੋਰ ਦਿੱਤਾ ਗਿਆ।

ਇਨ੍ਹਾਂ ਸਭ ਤੋਂ ਉਪਰ ਨਿੱਜੀਕਰਨ ਅਤੇ ਉਦਾਰੀਕਰਨ ਦੀਆਂ ਆਰਥਿਕ ਨੀਤੀਆਂ ਰੱਦ ਕਰਨ ਅਤੇ ਪਾਣੀ, ਸਿੱਖਿਆ, ਸਿਹਤ, ਖੇਤੀ, ਅੰਨ, ਰੁਜ਼ਗਾਰ ਅਤੇ ਸਮਾਜਿਕ ਸੁਰੱਖਿਆ ਦੇ ਜਮਹੂਰੀ ਤੇ ਬੁਨਿਆਦੀ ਹੱਕਾਂ ਦੀ ਰਾਖੀ ਕਰਨ ਦੀ ਵੀ ਮੰਗ ਕੀਤੀ ਗਈ।

# ਭਾਰਤ ਅਤੇ ਦੁਨੀਆ ਲਈ ਚੀਨ ਦੇ ਅਰਥਚਾਰੇ ਦੇ ਸਬਕ


ਰਾਜੀਵ ਖੋਸਲਾ

ਕੁਝ ਮਹੀਨਿਆਂ ਦੌਰਾਨ ਚੀਨ ਤੋਂ ਆਉਣ ਵਾਲੀਆਂ ਆਰਥਿਕ ਖ਼ਬਰਾਂ ਉੱਥੋਂ ਦੇ ਅਰਥਚਾਰੇ ਦੇ ਨਿਘਾਰ ਵਾਲੇ ਰੁਝਾਨ ਦੱਸ ਰਹੀਆਂ ਹਨ। ਚੀਨ ਵਿੱਚ ਲਗਾਤਾਰ ਕੀਮਤਾਂ ਡਿੱਗਣਾ, ਬਰਾਮਦਾਂ ਤੇ ਦਰਾਮਦਾਂ ਵਿੱਚ ਗਿਰਾਵਟ, ਵਧਦੀ ਬੇਰੁਜ਼ਗਾਰੀ, ਜ਼ਮੀਨ-ਜਾਇਦਾਦ (ਰੀਅਲ ਅਸਟੇਟ) ਵਿਚ ਸੰਕਟ ਦਾ ਡੂੰਘਾ ਹੋਣਾ ਆਦਿ ਕੁਝ ਅਜਿਹੀਆਂ ਖ਼ਬਰਾਂ ਹਨ ਜੋ ਕੌਮਾਂਤਰੀ ਅਤੇ ਘਰੇਲੂ ਅਖਬਾਰਾਂ ਤੇ ਮੀਡੀਆ ਵਿਚ ਪ੍ਰਮੁੱਖਤਾ ਨਾਲ ਨਸ਼ਰ ਹੋ ਰਹੀਆਂ ਹਨ। ਪ੍ਰਮੁੱਖ ਕੌਮਾਂਤਰੀ ਬੈਂਕਾਂ ਤੇ ਸੰਸਥਾਵਾਂ ਦੇ ਮਾਹਿਰ ਤਾਂ ਇਹ ਵੀ ਮੰਨ ਰਹੇ ਹਨ ਕਿ ਚੀਨ ਦੀ ਵਿਕਾਸ ਦਰ ਇਸ ਸਾਲ ਦੌਰਾਨ 5% ਤੋਂ ਹੇਠਾਂ ਹੀ ਰਹੇਗੀ। ਇੱਥੋਂ ਤਕ ਵੀ ਅਨੁਮਾਨ ਹੈ ਕਿ ਸੰਪਤੀ ਸੰਕਟ, ਕਮਜ਼ੋਰ ਖ਼ਪਤ ਅਤੇ ਤੇਜ਼ੀ ਨਾਲ ਬੁਢਾਪੇ ਵੱਲ ਵਧਦੀ ਆਬਾਦੀ ਦੀਆਂ ਚੁਣੌਤੀਆਂ ਕਾਰਨ 2025 ਅਤੇ 2026 ਵਿਚ ਵਿਕਾਸ ਦਰ 4.4% ਅਤੇ 4.2% ਹੀ ਰਹੇਗੀ। ਸੰਸਾਰ ਦੀ ਜੀਡੀਪੀ ਵਿੱਚ ਚੀਨ ਦਾ ਹਿੱਸਾ ਜੋ 2021 ਵਿੱਚ 18.3% ਸੀ, 2023 ਵਿੱਚ ਘਟ ਕੇ 16|9% ਹੋ ਚੁੱਕਾ ਹੈ। ਯਕੀਨ ਨਹੀਂ ਹੁੰਦਾ, ਇਹ ਉਹੀ ਚੀਨ ਹੈ ਜੋ ਸਾਲ 1978 ਤੋਂ ਆਪਣੇ ਅਰਥਚਾਰੇ ਵਿਚ ਸੁਧਾਰ ਕਰ ਕੇ 2018 ਤੱਕ ਔਸਤਨ 9.5% ਦੀ ਵਾਧਾ ਦਰ ਦੇ ਨਾਲ ਸੰਸਾਰ ਦਾ ਸਭ ਤੋਂ ਤੇਜ਼ੀ ਨਾਲ ਵਧਣ ਵਾਲਾ ਅਰਥਚਾਰਾ ਰਿਹਾ ਹੈ।

**ਚੀਨ ਦਾ ਵਿਕਾਸ ਮਾਡਲ:** ਚੀਨ ਦੇ ਇਤਿਹਾਸ ’ਤੇ ਝਾਤੀ ਮਾਰੀਏ ਹਾਂ ਤਾਂ ਪਤਾ ਲੱਗਦਾ ਹੈ ਕਿ 1949 (ਚੀਨ ਦੀ ਜਪਾਨ ਤੋਂ ਆਜ਼ਾਦੀ) ਤੋਂ 1976 ਤਕ ਮਾਓ ਜ਼ੇ-ਤੁੰਗ ਦੇ ਰਾਜ ਅਧੀਨ ਚੀਨ ਦਾ ਅਰਥਚਾਰਾ ਪੂਰੀ ਤਰ੍ਹਾਂ ਸਰਕਾਰ ਦੇ ਕੰਟਰੋਲ ਵਿੱਚ ਸੀ। ਮਾਹਿਰਾਂ ਦਾ ਮੰਨਣਾ ਹੈ ਕਿ ਮਾਓ ਦੇ ਵਿਕਾਸ ਮਾਡਲ ਨੇ ਚੀਨ ਨੂੰ ਪੇਂਡੂ ਅਤੇ ਗਰੀਬ ਅਰਥਚਾਰੇ ਤੱਕ ਸੀਮਤ ਰੱਖਿਆ। 1978 ਦੌਰਾਨ ਜਦੋਂ ਚੀਨ ਦੇ ਕੁਝ ਅਹਿਮ ਖੇਤਰ ਨਿਵੇਸ਼ ਦੀ ਘਾਟ ਦਾ ਸਾਹਮਣਾ ਕਰ ਰਹੇ ਸਨ ਤਾਂ ਡੈਂਗ ਜ਼ਿਆਓਪਿੰਗ ਨੇ ਮੁਲਕ ਦੇ ਅਰਥਚਾਰੇ ਨੂੰ ਬਾਜ਼ਾਰ ਆਧਾਰਿਤ ਸੁਧਾਰਾਂ ਲਈ ਖੋਲ੍ਹਿਆ। ਡੈਂਗ ਦੀ ਰਣਨੀਤੀ ਵੱਡੇ ਤੌਰ ’ਤੇ ਪੇਂਡੂ ਉਦਯੋਗਾਂ ਅਤੇ ਨਿੱਜੀ ਕਾਰੋਬਾਰਾਂ ਦੇ ਨਾਲ-ਨਾਲ ਵਿਦੇਸ਼ੀ ਵਪਾਰ ਅਤੇ ਨਿਵੇਸ਼ ਨੂੰ ਉਦਾਰ ਬਣਾਉਣ ’ਤੇ ਕੇਂਦਰਿਤ ਸੀ। 1978 ਤੋਂ ਬਾਅਦ ਚੀਨ ਨੇ ਆਪਣਾ ਵਿਕਾਸ ਵੱਡੇ ਤੌਰ ’ਤੇ ਨਿਵੇਸ਼ ਅਤੇ ਬਰਾਮਦ ਮੁਖੀ ਨਿਰਮਾਣ ’ਤੇ ਆਧਾਰਿਤ ਕੀਤਾ। ਘੱਟ ਕਿਰਤ ਲਾਗਤਾਂ, ਘੱਟ ਟੈਕਸ, ਮਜ਼ਬੂਤ ਵਪਾਰਕ ਢਾਂਚਾ ਅਤੇ ਕਮਜ਼ੋਰ ਮੁਦਰਾ ਹੋਣ ਕਾਰਨ ਚੀਨ ਨੇ ‘ਸੰਸਾਰ ਦੀ ਫੈਕਟਰੀ’ ਦਾ ਤਗ਼ਮਾ ਹਾਸਲ ਕੀਤਾ।

1998 ਵਿਚ ਘਰੇਲੂ ਮੰਗ ਵਧਾਉਣ ਅਤੇ ਤੇਜ਼ ਆਰਥਿਕ ਵਿਕਾਸ ਜਾਰੀ ਰੱਖਣ ਲਈ ਚੀਨ ਸਰਕਾਰ ਨੇ ਆਵਾਸ (ਹਾਊਸਿੰਗ) ਸੁਧਾਰ ਪੇਸ਼ ਕੀਤੇ ਜਿਸ ਤਹਿਤ ਸੂਬਾ ਸਰਕਾਰਾਂ ਅਤੇ ਨਗਰਪਾਲਿਕਾਵਾਂ ਨੂੰ ਪੁਰਾਣੀ ਆਵਾਸ ਵੰਡ ਯੋਜਨਾਵਾਂ ਛੱਡ ਕੇ ਮਕਾਨਾਂ ਦੀ ਵੰਡ ਬਾਜ਼ਾਰ ਆਧਾਰਿਤ ਕੀਮਤ ’ਤੇ ਦੇਣ ਦੇ ਨਿਰਦੇਸ਼ ਦਿੱਤੇ। ਇਹ ਨਿਰਦੇਸ਼ ਚੀਨ ਦੇ ਰੀਅਲ ਅਸਟੇਟ ਲਈ ਵਧਣ-ਫੁੱਲਣ ਦੇ ਮੌਕੇ ਲੈ ਕੇ ਆਏ। ਹੌਲੀ-ਹੌਲੀ ਚੀਨ ਵਿੱਚ ਬੈਂਕਾਂ, ਰੀਅਲ ਅਸਟੇਟ, ਸਥਾਨਕ ਤੇ ਸੂਬਾਈ ਸਰਕਾਰਾਂ ਅਤੇ ਜੀਡੀਪੀ ਵਿਚਕਾਰ ਵਿਲੱਖਣ ਸਬੰਧ ਕਾਇਮ ਹੋ ਗਿਆ। ਬੈਂਕਾਂ ਨੇ ਰੀਅਲ ਅਸਟੇਟ ਨੂੰ ਲਗਾਤਾਰ ਕਰਜ਼ੇ ਮੁਹੱਈਆ ਕੀਤੇ ਜਿਸ ਨਾਲ ਰੀਅਲ ਅਸਟੇਟ ਨਾਲ ਜੁੜਦੇ 25 ਹੋਰ ਸਹਾਇਕ ਉਦਯੋਗਾਂ ਨੂੰ ਵੀ ਹੁਲਾਰਾ ਮਿਲਿਆ; ਇਸ ਨਾਲ ਨੌਕਰੀਆਂ ਦੇ ਨਾਲ-ਨਾਲ ਸਥਾਨਕ ਸਰਕਾਰਾਂ ਦੀ ਟੈਕਸ ਆਮਦਨ ਦਾ ਵੀ ਵਿਕਾਸ ਹੋਇਆ। ਕੁਲ ਮਿਲਾ ਕੇ ਚੀਨ ਦੀ ਆਰਥਿਕਤਾ ਵਿੱਚ ਵਾਧਾ ਹੋਇਆ। ਅੰਕੜੇ ਦੱਸਦੇ ਹਨ ਕਿ ਰੀਅਲ ਅਸਟੇਟ ਦਾ ਚੀਨ ਦੀ ਜੀਡੀਪੀ ਵਿੱਚ ਹੁਣ ਲਗਭਗ 29% ਯੋਗਦਾਨ ਹੈ ਅਤੇ



ਚੀਨ ਦੇ ਲੋਕਾਂ ਦੀ ਕੁਲ ਦੌਲਤ-ਜਾਇਦਾਦ ਦਾ ਲਗਭਗ 70% ਹਿੱਸਾ ਇਸ ਖੇਤਰ ਵਿੱਚ ਹੀ ਨਿਵੇਸ਼ ਹੋਇਆ ਹੈ।

ਚੀਨ ਦਾ ਡਿੱਗਦਾ ਅਰਥਚਾਰਾ: ਪਿਛਲੇ 40 ਸਾਲਾਂ ਵਿਚ ਦੁਨੀਆ ਦੇ ਨਕਸ਼ੇ ’ਤੇ ਭਾਵੇਂ ਚੀਨ ‘ਸੰਸਾਰ ਦੀ ਫੈਕਟਰੀ’ ਬਣ ਕੇ ਉੱਭਰਿਆ ਅਤੇ ਚੀਨ ਦੀ ਘਰੇਲੂ ਆਰਥਿਕਤਾ ਵੀ ਮਜ਼ਬੂਤ ਰਹੀ, ਫਿਰ ਵੀ ਇੱਕ ਗੱਲ ਪੱਥਰ ’ਤੇ ਲਕੀਰ ਬਣ ਕੇ ਨਿਕਲੀ ਕਿ ਚੀਨ ਦੀ ਉਤਪਾਦਕਤਾ ਨੂੰ ਖੰਭ ਘਰੇਲੂ ਖ਼ਪਤ ਦੀ ਬਜਾਇ ਨਿਵੇਸ਼ ਨੇ ਮੁੱਹਈਆ ਕਰਵਾਏ ਹਨ; ਭਾਵ, ਕਰਜ਼ੇ ਚੁੱਕ ਕੇ ਹੀ ਚੀਨ ਦੀ ਸਰਕਾਰ ਅਤੇ ਨਿੱਜੀ ਖੇਤਰ ਨੇ ਨਿਵੇਸ਼ ਕੀਤਾ। ਜਦੋਂ ਤਕ ਨਿਵੇਸ਼ ਲਾਭਕਾਰੀ ਸਨ, ਇਹ ਕਰਜ਼ੇ ਲੈ ਕੇ ਕੀਤੇ ਨਿਵੇਸ਼ ਚਿੰਤਾਜਨਕ ਨਹੀਂ ਸਨ ਪਰ 2017 ਤੋਂ ਬਾਅਦ ਕੌਮਾਂਤਰੀ ਆਰਥਿਕ ਦ੍ਰਿਸ਼ ਵਿੱਚ ਤਬਦੀਲੀ ਹੋਣ ਕਾਰਨ ਚੀਨ ਵਿਚ ਨਿਵੇਸ਼ ਦੀ ਗੈਰ-ਉਤਪਾਦਕਤਾ ਵਧਣੀ ਸ਼ੁਰੂ ਹੋਈ ਅਤੇ ਵਿਕਾਸ ਵਾਸਤੇ ਵੱਧ ਕਰਜ਼ੇ ਚੁੱਕਣ ਦੀ ਲੋੜ ਪੈ ਗਈ। ਇਉਂ ਕਰਜ਼ਾ ਚੀਨ ਦੀ ਜੀਡੀਪੀ ਦੇ 300% ਤੱਕ ਪਹੁੰਚ ਗਿਆ। ਤਤਕਾਲੀ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ‘ਅਮਰੀਕਾ ਫਸਟ’ ਨਾਅਰੇ, ਬ੍ਰਿਟੇਨ ਦੇ ਯੂਰੋਪੀਅਨ ਯੂਨੀਅਨ ਤੋਂ ਬਾਹਰ ਨਿਕਲਣ ਅਤੇ ਅਮਰੀਕਾ ਦੇ ਚੀਨ ਵਪਾਰ ਯੁੱਧ ਨੇ ਦੁਨੀਆ ਭਰ ਵਿੱਚ ਸੰਸਾਰੀਕਰਨ ਦੀ ਲਹਿਰ ਨੂੰ ਖ਼ਤਰਾ ਪੈਦਾ ਕਰ ਦਿੱਤਾ ਜਿਸ ਦਾ ਨੁਕਸਾਨ ‘ਸੰਸਾਰ ਦੀ ਫੈਕਟਰੀ’ ਨੂੰ ਸਭ ਤੋਂ ਵੱਧ ਹੋਇਆ ਹੈ।

ਉੱਧਰ, ਘਰੇਲੂ ਪੱਧਰ ’ਤੇ ਵੀ ਚੀਨ ਦੀ ‘ਇੱਕ ਬੱਚਾ ਨੀਤੀ’ ਨੇ ਵੱਧ ਕਿਰਤ ਲਾਗਤਾਂ ਕਾਰਨ ਆਪਣੇ ਮਾੜੇ ਪ੍ਰਭਾਵ ਦਿਖਾਉਣੇ ਸ਼ੁਰੂ ਕਰ ਦਿੱਤੇ। ਕੋਰੋਨਾ ਕਾਲ ਦੌਰਾਨ ਚੀਨ ਦੀ ਸਰਕਾਰ ਦੀ ਜ਼ੀਰੋ-ਕੋਵਿਡ ਨੀਤੀ ਅਤੇ ਸਖ਼ਤ ਪਾਬੰਦੀਆਂ ਕਾਰਨ ਵੀ ਚੀਨ ਦਾ ਅਰਥਚਾਰਾ ਲੀਹਾਂ ਤੋਂ ਉਤਰ ਗਿਆ। ਇਉਂ ਬਾਹਰੀ ਤੇ ਅੰਦਰੂਨੀ ਕਾਰਕਾਂ ਦੇ ਪ੍ਰਭਾਵਾਂ ਹੇਠ ਅੰਨ੍ਹੇਵਾਹ ਨਿਵੇਸ਼ ਆਧਾਰਿਤ ਵਿਕਾਸ ਨੇ ਹੁਣ ਖ਼ਪਤ ਆਧਾਰਿਤ ਵਿਕਾਸ ਦੀ ਜ਼ਰੂਰਤ ਵਧਾਉਣੀ ਸ਼ੁਰੂ ਕਰ ਦਿੱਤੀ ਜਿਸ ਨੂੰ ਚੀਨੀ ਰਾਸ਼ਟਰਪਤੀ ਸ਼ੀ ਨੇ ਵੀ ਇਹ ਕਹਿੰਦੇ ਹੋਏ ਸਵੀਕਾਰ ਕੀਤਾ ਕਿ ਸਾਨੂੰ ‘ਅਸਲ’ ਵਿਕਾਸ ਦੀ ਲੋੜ ਹੈ ਨਾ ਕਿ ‘ਦਿਖਾਵੇ ਵਾਲੇ’ ਵਿਕਾਸ ਦੀ; ਪਰ ਇਸ ਵੇਲੇ ਚੀਨ ਵਿਚ ਆਰਥਿਕ ਸਮੱਸਿਆਵਾਂ ਗੰਭੀਰ ਰੂਪ ਧਾਰਨ ਕਰ ਚੁੱਕੀਆਂ ਹਨ। ਘੱਟ ਵਿਕਾਸ ਦਰ ਅਤੇ ਘੱਟ ਮੰਗ ਕਾਰਨ ਚੀਨ ਦੀਆਂ ਵੱਡੀਆਂ ਕੰਪਨੀਆਂ ਅਤੇ ਉਦਯੋਗਾਂ ਨੇ ਕੰਮਕਾਜ ਮੁਅੱਤਲ ਕਰ ਕੇ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢਣਾ ਸ਼ੁਰੂ ਕਰ ਦਿੱਤਾ ਹੈ। ਇਸ ਕਾਰਨ ਨਵੇਂ ਮਕਾਨਾਂ ਦੀ ਵਿਕਰੀ ਵੀ ਘਟਣੀ ਸ਼ੁਰੂ ਹੋ ਗਈ ਹੈ। ਜਿਨ੍ਹਾਂ ਬੈਂਕਾਂ ਨੇ ਪ੍ਰਾਪਰਟੀ ਡਿਵੈਲਪਰਾਂ ਅਤੇ ਲੋਕਾਂ ਨੂੰ ਕਰਜ਼ੇ ਦਿੱਤੇ ਸਨ, ਉਨ੍ਹਾਂ ਨੂੰ ਹੁਣ ਕਰਜ਼ਿਆਂ ਦੀ ਵਸੂਲੀ ਨਾਲ ਸਬੰਧਿਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦਾ ਖਮਿਆਜ਼ਾ ਚੀਨ ਦੀਆਂ ਸਥਾਨਕ ਸੂਬਾਈ ਸਰਕਾਰਾਂ ਨੂੰ ਵੀ ਘੱਟ ਟੈਕਸ ਆਮਦਨ ਅਤੇ ਹੋਰ ਕਰਜ਼ ਲੈ ਕੇ ਆਰਥਿਕ ਕਿਰਿਆਵਾਂ ਨੂੰ ਜਾਰੀ ਰੱਖਣ ਦੇ ਤੌਰ ’ਤੇ ਭੁਗਤਣਾ ਪੈ ਰਿਹਾ ਹੈ। ਸਮੁੱਚੇ ਤੌਰ ’ਤੇ ਚੀਨ ਵਿਚ ਵਿਕਾਸ ਦਾ ਬੁਲਬੁਲਾ ਫੁੱਟ ਰਿਹਾ ਹੈ ਅਤੇ ਵਿਕਾਸ ਦਰ ਲਗਾਤਾਰ ਘਟ ਰਹੀ ਹੈ। ਇਹ ਦੁਨੀਆ ਦੀ ਕਿਸੇ ਵੀ ਅਰਥਚਾਰੇ, ਖ਼ਾਸ ਕਰ ਕੇ ਭਾਰਤ ਲਈ ਸਬਕ ਲੈਣ ਦਾ ਸਬਬ ਹੈ।

**ਭਾਰਤ ਲਈ ਸਬਕ:** ਭਾਰਤ ਦੀ ਮੌਜੂਦਾ ਕੇਂਦਰ ਸਰਕਾਰ ਨੇ ਵੀ ਪਿਛਲੇ 10 ਸਾਲਾਂ ਦੌਰਾਨ ਕਰਜ਼ੇ ਲੈਣ ਵਿਚ ਕੋਈ ਕਮੀ ਨਹੀਂ ਛੱਡੀ ਹੈ। ਕੇਂਦਰ ਸਰਕਾਰ ਦੇ ਮੰਤਰੀ ਅਤੇ ਨੁਮਾਇੰਦੇ ਇਹ ਗਿਣਵਾਉਂਦੇ ਨਹੀਂ ਥੱਕਦੇ ਕਿ ਭਾਰਤ ਵਿਚ ਸੜਕਾਂ, ਰੇਲ, ਬੰਦਰਗਾਹਾਂ, ਹਵਾਈ ਅੱਡਿਆਂ ਅਤੇ ਬਿਜਲੀ ਖੇਤਰ ਵਿੱਚ ਪਿਛਲੇ 10 ਵਰ੍ਹਿਆਂ ਵਿਚ ਬੇਮਿਸਾਲ ਵਾਧਾ ਹੋਇਆ ਹੈ। ਇਸ ਨਾਲ ਬੁਨਿਆਦੀ ਢਾਂਚਾ ਮਜ਼ਬੂਤ ਹੋਇਆ ਹੈ।

ਅੱਜ ਭਾਰਤ ਦੀ ਜੀਡੀਪੀ 3.5 ਲੱਖ ਕਰੋੜ ਡਾਲਰ ਨੂੰ ਪਾਰ ਕਰ ਗਈ ਹੈ ਅਤੇ ਭਾਰਤ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਅਰਥਚਾਰਾ ਬਣ ਗਿਆ ਹੈ ਪਰ ਸਿੱਕੇ ਦੇ ਪੁੱਠੇ ਪਾਸੇ ਵਾਂਗ ਇਹ ਵੀ ਸੱਚ ਹੈ ਕਿ ਅੱਜ ਮੁਲਕ ਵਿੱਚ ਬੇਤਹਾਸ਼ਾ ਬੇਰੁਜ਼ਗਾਰੀ ਹੈ, ਲੋਕਾਂ ਦੀ ਪੈਸੇ ਬਚਾਉਣ ਦੀ ਸਮਰੱਥਾ ਵਿਚ ਕਮੀ ਆਈ ਹੈ, ਬਹੁਤ ਸਾਰੀ ਜਨਤਾ ਕਰਜ਼ਾ ਲੈ ਕੇ ਖ਼ਰਚ ਕਰਨ ਲਈ ਮਜਬੂਰ ਹੈ, ਪਿੰਡਾਂ ਵਿਚ ਆਮਦਨ ਦਾ ਸੰਕਟ ਡੂੰਘਾ ਹੋ ਰਿਹਾ ਹੈ ਅਤੇ ਸਰਕਾਰ 81.5 ਕਰੋੜ ਲੋਕਾਂ ਨੂੰ ਕਿਸੇ ਤਰੀਕੇ ਨਾਲ 5 ਕਿੱਲੋ ਅਨਾਜ ਮੁਹੱਈਆ ਕਰਵਾ ਤੇ ਮਗਨਰੇਗਾ ਵਿਚ ਵਾਧੂ ਵੰਡ ਮੁਹੱਈਆ ਕਰ ਕੇ ਜਨਤਕ ਪ੍ਰਦਰਸ਼ਨ ਟਾਲ ਰਹੀ ਹੈ।

ਚੀਨ ਦੇ ਮਾਡਲ ਦੇ ਉਲਟ ਭਾਰਤ ਸਰਕਾਰ ਤਾਂ ਨਾ ਹੀ ਨਿਵੇਸ਼ ਆਧਾਰਿਤ ਅਤੇ ਨਾ ਹੀ ਖਪਤ ਆਧਾਰਿਤ ਵਿਕਾਸ ਵੱਲ ਵਧ ਰਹੀ ਹੈ। ਭਾਰਤ ਸਰਕਾਰ ਤਾਂ ਇਨ੍ਹਾਂ ਦੋਹਾਂ ਬਦਲਾਂ ਵਿਚ ਘਿਰੀ ਹੋਈ ਜਾਪਦੀ ਹੈ। ਕਰਜ਼ੇ ਚੁੱਕ ਕੇ ਇੱਕ ਪਾਸੇ ਤਾਂ ਸਰਕਾਰ ਨਿੱਜੀ ਨਿਵੇਸ਼ ਨੂੰ ਮੁੜ ਸੁਰਜੀਤ ਕਰਨ ਲਈ ਕਾਰਪੋਰੇਟਾਂ ਨੂੰ ਟੈਕਸਾਂ ਵਿੱਚ ਰਾਹਤ, ਉਨ੍ਹਾਂ ਦੀ ਕਰਜ਼ਾ ਮੁਆਫ਼ੀ ਅਤੇ ਕਰਜ਼ੇ ਮੁਅੱਤਲ ਕਰਨ ਦੇ ਨਾਲ-ਨਾਲ ਆਪ ਬੁਨਿਆਦੀ ਢਾਂਚੇ ਦੀ ਉਸਾਰੀ ਲਈ ਲੋੜੀਂਦੇ ਨਿਵੇਸ਼ ਕਰ ਰਹੀ ਹੈ; ਦੂਜੇ ਪਾਸੇ ਆਮ ਜਨਤਾ, ਗਰੀਬ ਲੋਕਾਂ ਅਤੇ ਕਿਸਾਨਾਂ ਨੂੰ ਭਰਮਾਊ ਸਕੀਮਾਂ ਦੇ ਕੇ ਖਪਤ ਨੂੰ ਹੁੰਗਾਰਾ ਦੇਣ ਦੀ ਕੋਸ਼ਿਸ਼ ਕਰ ਰਹੀ ਹੈ।

ਇਉਂ ਭਾਰਤੀ ਅਰਥਚਾਰਾ ਵੀ ਦੁਸ਼ਟ ਚੱਕਰ ਵਿੱਚ ਲਗਾਤਾਰ ਫਸ ਰਿਹਾ ਹੈ ਜਿੱਥੇ ਨਿੱਜੀ ਨਿਵੇਸ਼ ਆ ਨਹੀਂ ਰਿਹਾ ਕਿਉਂਕਿ ਲੋਕਾਂ ਦੀ ਖਪਤ ਘੱਟ ਹੈ ਜੋ ਘੱਟ ਰੁਜ਼ਗਾਰ ਅਤੇ ਘੱਟ ਆਮਦਨ ਦਾ ਨਤੀਜਾ ਹੈ। ਸਰਕਾਰ ਕਰਜ਼ੇ ਚੁੱਕ ਕੇ ਪ੍ਰਚਲਿਤ ਨਕਾਰਾਤਮਕ ਭਾਵਨਾ ਦੂਰ ਕਰ ਕੇ ਨਿਵੇਸ਼ ਅਤੇ ਮੰਗ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਜਦੋਂ ਤੱਕ ਮੰਗ ਮੁੜ ਸੁਰਜੀਤ ਨਹੀਂ ਹੁੰਦੀ; ਸੜਕਾਂ, ਰੇਲ, ਬੰਦਰਗਾਹਾਂ, ਹਵਾਈ ਅੱਡਿਆਂ ਅਤੇ ਬਿਜਲੀ ਖੇਤਰ ਉੱਤੇ ਹੋਇਆ ਨਿਵੇਸ਼ ਵੀ ਵਿਅਰਥ ਹੀ ਹੋਵੇਗਾ ਕਿਉਂਕਿ ਇਨ੍ਹਾਂ ਦੀ ਵਰਤੋਂ ਖ਼ਾਸ ਅਮੀਰ ਵਰਗ ਹੀ ਕਰ ਸਕੇਗਾ।

ਸੋ, ਚੀਨ ਤੋਂ ਸਬਕ ਲੈਂਦਿਆਂ 4 ਜੂਨ ਤੋਂ ਬਾਅਦ ਬਣਨ ਵਾਲੀ ਭਾਰਤ ਸਰਕਾਰ ਨੂੰ ਨੀਤੀਘਾੜਿਆਂ ਨਾਲ ਸਲਾਹ ਕਰ ਛੋਟੀ ਅਤੇ ਲੰਮੀ ਮਿਆਦ ਵਾਲੀ ਪੂੰਜੀ ਨਿਵੇਸ਼ ਰਣਨੀਤੀ ਤਿਆਰ ਕਰਨ ਦੀ ਜ਼ਰੂਰਤ ਹੈ ਤਾਂ ਜੋ ਲੋਕਾਂ ਨੂੰ ਵੱਡੇ ਪੱਧਰ ’ਤੇ ਸਹੀ ਨੌਕਰੀਆਂ ਮੁਹੱਈਆ ਕਰ ਕੇ ਮੰਗ ਨੂੰ ਸੁਰਜੀਤ ਕੀਤਾ ਜਾ ਸਕੇ ਜਿਸ ਨਾਲ ਨਿੱਜੀ ਨਿਵੇਸ਼ ਨੂੰ ਵੀ ਹੁਲਾਰਾ ਮਿਲੇ ਅਤੇ ਸਹੀ ਅਰਥਾਂ ’ਚ ਭਾਰਤ ਦਾ ਵਿਕਾਸ ਹੋ ਸਕੇ। ਸਮੇਂ ਦੀ ਨਜ਼ਾਕਤ ਨੂੰ ਧਿਆਨ ’ਚ ਰੱਖਦੇ ਹੋਏ ਨਿਵੇਸ਼ ਅਤੇ ਖਪਤ ਆਧਾਰਿਤ ਵਿਕਾਸ, ਦੋਹਾਂ ਨੂੰ ਸੰਤੁਲਿਤ ਕਰ ਕੇ ਅੱਗੇ ਵਧਣ ਦੀ ਲੋੜ ਹੈ।

# ਪਾਰਟੀ ਬਦਲਦੇ ਹੀ ਬਦਲ ਗਏ ਸੁਰ ਪਾਰਟੀ ਬਦਲਣ ਵਾਲੇ ਉਮੀਦਵਾਰ

ਹੁਣ ਸਿਆਸਤ 'ਚ ਕੋਈ ਵਿਚਾਰਧਾਰਾ ਨਹੀਂ, ਕੁਰਸੀ ਹੀ ਈਮਾਨ ਹੈ। ਇਸ ਦੀ ਮਿਸਾਲ ਇਸ ਵਾਰ ਲੋਕ ਸਭਾ ਚੋਣਾਂ ਲੜ ਰਹੇ ਕਈ ਉਮੀਦਵਾਰਾਂ ਤੋਂ ਦੇਖੀ ਜਾ ਸਕਦੀ ਹੈ। ਜਲੰਧਰ ਅਜਿਹੀ ਸੀਟ ਹੈ, ਜਿਸ 'ਤੇ ਤਿੰਨ ਵੱਡੀਆਂ ਪਾਰਟੀਆਂ ਦੇ ਉਮੀਦਵਾਰ ਆਪਣੀ ਪੁਰਾਣੀ ਪਾਰਟੀ ਛੱਡ ਚੁੱਕੇ ਹਨ।

### ਜਲੰਧਰ ਤੋਂ ਉਮੀਦਵਾਰ

ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਪਵਨ ਟੀਨੂੰ ਕਿਸੇ ਸਮੇਂ ਸ਼੍ਰੋਮਣੀ ਅਕਾਲੀ ਦਲ (ਅਕਾਲੀ ਦਲ) ਦੇ ਸਾਬਕਾ ਵਿਧਾਇਕ ਰਹੇ ਹਨ। ਉਹ ਲੋਕ ਸਭਾ ਚੋਣਾਂ ਵੀ ਲੜਦੇ ਰਹੇ ਹਨ। ਅਕਾਲੀ ਦਲ ਤੋਂ ਪਹਿਲਾਂ ਉਹ ਬਸਪਾ ਵਿੱਚ ਸਨ। ਅਕਾਲੀ ਉਮੀਦਵਾਰ ਮਹਿੰਦਰ ਸਿੰਘ ਕੇਪੀ ਸੋਮਵਾਰ ਨੂੰ ਹੀ ਅਕਾਲੀ ਦਲ ਵਿੱਚ ਸ਼ਾਮਲ ਹੋਏ ਹਨ। ਇਸ ਤੋਂ ਪਹਿਲਾਂ ਵੀ ਉਹ ਜਲੰਧਰ ਤੋਂ ਕਈ ਵਾਰ ਵਿਧਾਨ ਸਭਾ ਚੋਣਾਂ ਜਿੱਤ ਕੇ ਮੰਤਰੀ ਰਹਿ ਚੁੱਕੇ ਹਨ ਅਤੇ ਜਲੰਧਰ ਤੋਂ ਸੰਸਦ ਮੈਂਬਰ ਵੀ ਰਹੇ ਹਨ। ਭਾਜਪਾ ਉਮੀਦਵਾਰ ਸੁਸ਼ੀਲ ਰਿੰਕੂ ਨੇ ਪਿਛਲੇ ਸਾਲ 'ਆਪ' ਦੀ ਟਿਕਟ 'ਤੇ ਜਲੰਧਰ ਲੋਕ ਸਭਾ ਉਪ ਚੋਣ ਜਿੱਤੀ ਸੀ। ਇਸ ਤੋਂ ਪਹਿਲਾਂ ਉਹ ਕਾਂਗਰਸ ਵਿੱਚ ਸਨ ਅਤੇ ਸਾਬਕਾ ਵਿਧਾਇਕ ਸਨ।

### ਪਹਿਲੀ ਵਾਰ ਲੋਕ ਸਭਾ ਚੋਣ ਲੜ ਰਹੇ ਹਨ ਚੰਨੀ

ਕਾਂਗਰਸੀ ਉਮੀਦਵਾਰ ਚਰਨਜੀਤ ਸਿੰਘ ਚੰਨੀ ਨੂੰ ਛੱਡ ਕੇ ਸਾਰਿਆਂ ਨੇ ਪਾਰਟੀਆਂ ਬਦਲ ਲਈਆਂ ਹਨ। ਚੰਨੀ ਪਹਿਲੀ ਵਾਰ ਲੋਕ ਸਭਾ ਚੋਣ ਲੜ ਰਹੇ ਹਨ। ਚਮਕੌਰ ਸਾਹਿਬ ਉਨ੍ਹਾਂ ਦਾ ਵਿਧਾਨ ਸਭਾ ਇਲਾਕਾ ਰਿਹਾ ਹੈ। ਇਸ ਵਿੱਚ ਉਹ ਭਾਜਪਾ ਆਗੂ ਹਰਜੀਤ ਸਿੰਘ ਗਰੇਵਾਲ ਨੂੰ ਇੱਕ ਟੀਵੀ ਚੈਨਲ ’ਤੇ ਕਿਸਾਨੀ ਮੁੱਦਿਆਂ ’ਤੇ ਗਾਲ੍ਹਾਂ ਕੱਢ ਰਹੇ ਹਨ ਅਤੇ ਤਿੰਨ ਖੇਤੀ ਸੁਧਾਰ ਕਾਨੂੰਨਾਂ ਦਾ ਵਿਰੋਧ ਕਰ ਰਹੇ ਹਨ। ਹੁਣ ਜਦੋਂ ਉਹ ਭਾਜਪਾ ਵਿੱਚ ਸ਼ਾਮਲ ਹੋ ਗਿਆ ਹੈ ਅਤੇ ਲੁਧਿਆਣਾ ਤੋਂ ਉ-ਮੀਦਵਾਰ ਹੈ, ਤਾਂ ਉਹ ਉਨ੍ਹਾਂ ਹੀ ਕਾਨੂੰਨਾਂ ਦਾ ਸਮਰਥਨ ਕਰ ਰਿਹਾ ਹੈ। ਇਹੀ ਹਾਲ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਦਾ ਹੈ। ਜਦੋਂ ਤਿੰਨ ਸੁਧਾਰ ਕਾਨੂੰਨ ਪੇਸ਼ ਕੀਤੇ ਗਏ ਸਨ, ਤਾਂ ਉਹ ਇਕੱਲੇ ਨੇਤਾ ਸਨ ਜਿਨ੍ਹਾਂ ਨੇ ਇਨ੍ਹਾਂ ਵਿਰੁੱਧ ਵਿਰੋਧ ਦਾ ਝੰਡਾ ਬੁਲੰਦ ਕਰਦਿਆਂ ਦੋ ਪ੍ਰੈਸ ਕਾਨਫਰੰਸਾਂ ਕੀਤੀਆਂ ਸਨ।



ਸੂਬੇ ਵਿਚ ਟਿਕਟਾਂ ਲਈ ਜਿਸ ਤਰ੍ਹਾਂ ਵਿਚਾਰਧਾਰਾਵਾਂ ਦੀ ਬਲੀ ਦਿੱਤੀ ਜਾ ਰਹੀ ਹੈ, ਉਸ ਨੂੰ ਲੈ ਕੇ ਲੋਕਾਂ ਅਤੇ ਪਾਰਟੀ ਕੇਡਰ ਵਿਚ ਭੰਬਲਭੂਸਾ ਵਧਦਾ ਜਾ ਰਿਹਾ ਹੈ। ਜਿਵੇਂ ਹੀ ਪਾਰਟੀ ਬਦਲਦੀ ਹੈ, ਨੇਤਾਵਾਂ ਦੀ ਵਿਚਾਰਧਾਰਾ ਵੀ ਬਦਲ ਜਾਂਦੀ ਹੈ। ਜਿਨ੍ਹਾਂ ਮੁੱਦਿਆਂ 'ਤੇ ਨੇਤਾ ਵਿਰੋਧ ਕਰਦੇ ਹਨ, ਕਈ ਵਾਰ ਪਾਰਟੀ ਬਦਲਦੇ ਹੀ ਉਨ੍ਹਾਂ ਦਾ ਸਮਰਥਨ ਕਰਨਾ ਪੈਂਦਾ ਹੈ। ਇਸ ਦੀ ਸਭ ਤੋਂ ਵਧੀਆ ਮਿਸਾਲ ਤਿੰਨ ਵਾਰ ਕਾਂਗਰਸ ਦੇ ਸੰਸਦ ਮੈਂਬਰ ਰਵਨੀਤ ਬਿੱਟੂ ਦੀ ਹੈ, ਜਿਸ ਦੀ ਇਕ ਵੀਡੀਓ ਕਾਫੀ ਵਾਇਰਲ ਹੋ ਰਹੀ ਹੈ।

### ਲੁਧਿਆਣਾ ਤੋਂ ਭਾਜਪਾ ਦੇ ਉਮੀਦਵਾਰ ਹਨ ਰਵਨੀਤ ਬਿੱਟੂ

ਇਸ ਵਿੱਚ ਉਹ ਭਾਜਪਾ ਆਗੂ ਹਰਜੀਤ ਸਿੰਘ ਗਰੇਵਾਲ ਨੂੰ ਇੱਕ ਟੀਵੀ ਚੈਨਲ ’ਤੇ ਕਿਸਾਨੀ ਮੁੱਦਿਆਂ ’ਤੇ ਗਾਲ੍ਹਾਂ ਕੱਢ ਰਹੇ ਹਨ ਅਤੇ ਤਿੰਨ ਖੇਤੀ ਸੁਧਾਰ ਕਾਨੂੰਨਾਂ ਦਾ ਵਿਰੋਧ ਕਰ ਰਹੇ ਹਨ। ਹੁਣ ਜਦੋਂ ਉਹ ਭਾਜਪਾ ਵਿੱਚ ਸ਼ਾਮਲ ਹੋ ਗਿਆ ਹੈ ਅਤੇ ਲੁਧਿਆਣਾ ਤੋਂ ਉਮੀਦਵਾਰ ਹੈ, ਤਾਂ ਉਹ ਉਨ੍ਹਾਂ ਹੀ ਕਾਨੂੰਨਾਂ ਦਾ ਸਮਰਥਨ ਕਰ ਰਿਹਾ ਹੈ। ਇਹੀ ਹਾਲ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਦਾ ਹੈ। ਜਦੋਂ ਤਿੰਨ ਸੁਧਾਰ ਕਾਨੂੰਨ ਪੇਸ਼ ਕੀਤੇ ਗਏ ਸਨ, ਤਾਂ ਉਹ ਇਕੱਲੇ ਨੇਤਾ ਸਨ ਜਿਨ੍ਹਾਂ ਨੇ ਇਨ੍ਹਾਂ ਵਿਰੁੱਧ ਵਿਰੋਧ ਦਾ ਝੰਡਾ ਬੁਲੰਦ ਕਰਦਿਆਂ ਦੋ ਪ੍ਰੈਸ ਕਾਨਫਰੰਸਾਂ ਕੀਤੀਆਂ ਸਨ। ਜਦੋਂਕਿ ਜਾਖੜ ਹੁਣ ਐਮਐਸਪੀ ਵਰਗੇ ਮੁੱਦਿਆਂ 'ਤੇ ਆਪਣੀ ਸੁਰ ਬਦਲ ਰਹੇ ਹਨ। ਬੇਸ਼ੱਕ ਉਸਦੀ ਦਲੀਲ ਸਹੀ ਹੈ, ਪਰ ਆਮ ਲੋਕ ਭੰਬਲਭੂਸੇ ਵਿਚ ਹਨ। ਪਿਛਲੇ ਸਾਲ 'ਆਪ' 'ਚ ਸ਼ਾਮਲ ਹੋਣ ਤੋਂ ਪਹਿਲਾਂ ਵੀ ਭਾਜਪਾ ਉਮੀਦਵਾਰ ਸੁਸ਼ੀਲ ਰਿੰਕੂ ਦਾ ਕਾਂਗਰਸ ਦੇ ਸੂਬਾ ਹੈਡਕੁਆਰਟਰ 'ਤੇ ਭਾਸ਼ਣ ਬਹੁਤ ਜ਼ਬਰਦਸਤ ਸੀ। ਉਨ੍ਹਾਂ ਕਿਹਾ ਸੀ ਕਿ ਜੋ ਲੋਕ ਕਾਂਗਰਸ ਛੱਡ ਕੇ ਜਾ ਰਹੇ ਹਨ, ਉਹ ਦੇਸ਼ ਧ੍ਰੋਹੀ ਹਨ ਅਤੇ ਉਨ੍ਹਾਂ ਦੀਆਂ ਤਸਵੀਰਾਂ ਵੀ ਉਸੇ ਹਾਲਤ 'ਚ ਲਗਾਈਆਂ ਜਾਣਗੀਆਂ ਪਰ ਕੁਝ ਦਿਨਾਂ ਬਾਅਦ ਉਹ ਕਾਂਗਰਸ ਛੱਡ ਕੇ 'ਆਪ' 'ਚ ਸ਼ਾਮਲ ਹੋ ਗਏ ਅਤੇ ਸੰਸਦ ਮੈਂਬਰ ਬਣ ਗਏ। ਪਾਰਟੀ ਨੇ ਉਨ੍ਹਾਂ 'ਤੇ ਮੁੜ ਭਰੋਸਾ ਪ੍ਰਗਟਾਇਆ ਅਤੇ ਉਨ੍ਹਾਂ ਨੂੰ ਆਪਣਾ ਉਮੀਦਵਾਰ ਬਣਾਇਆ, ਪਰ ਕੁਝ ਦਿਨਾਂ ਬਾਅਦ ਉਹ ਆਪਣੇ ਕੱਟੜ ਵਿਰੋਧੀ 'ਆਪ' ਵਿਧਾਇਕ ਸ਼ੀਤਲ ਅੰਗੁਰਾਲ ਨਾਲ ਭਾਜਪਾ 'ਚ ਸ਼ਾਮਲ ਹੋ ਗਏ।

# ਜ਼ਮੀਨ ਦੇ ਹੇਠਾਂ ਵੀ ਛੁਪਿਆ ਹੈ 'ਖਜਾਨਾ'

ਡਾ: ਐਚ ਕੇ ਡੌਲੀ, ਡਾ: ਸਤਵੰਤ ਕੌਰ

ਸਿੱਖਿਆ ਦੇ ਖੇਤਰ ਵਿਚ ਆ ਰਹੀਆਂ ਨਵੀਂਆਂ ਤਬਦੀਲੀਆਂ ਅਤ ਝੁਕਾਵਾਂ ਦ ਮੱਦੇ-ਨਜ਼ਰ ਮਾਪਿਆਂ ਅਤੇ ਵਿਦਿਆਰਥੀਆਂ ਨੂੰ ਕਦਮ ਕਦਮ 'ਤੇ ਸਿੱਖਿਆ ਲਈ ਅਗਵਾਈ ਅਤੇ ਮਾਰਗ ਦਰਸ਼ਨ ਦੀ ਲੋੜ ਪੈਂਦੀ ਹੈ। ਸਹੀ ਅਤੇ ਢੁਕਵੀਂ ਰਹਿਨੁਮਾਈ ਦੀ ਅਣਹੋਂਦ ਵਿਚ ਅਕਸਰ ਵਿਦਿਆਰਥੀ ਗ਼ਲਤ ਜਾਂ ਅਢੁਕਵਾਂ ਵਿਸ਼ਾ ਲੈ ਲੈਂਦੇ ਹਨ। ਵਿਦਿਆਰਥੀਆਂ ਨੂੰ ਉਨ੍ਹਾਂ ਦੀ ਲੋੜ, ਸੁਭਾਅ, ਰੁਝਾਨ, ਦਿਲਚਸਪੀ ਅਤੇ ਨਜ਼ਰੀਏ ਦੇ ਅਨੁਸਾਰ, ਉਨ੍ਹਾਂ ਦੇ ਜੀਵਨ ਟੀਚੇ ਨੂੰ ਸਾਹਮਣੇ ਰੱਖ ਕ ਹੀ ਵਿਸ਼ਿਆਂ ਦੀ ਚੋਣ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਵੱਖ ਵੱਖ ਵਿਸ਼ਿਆਂ ਅਤੇ ਪਾਠਕ੍ਰਮਾਂ ਬਾਰੇ ਵੀ ਵਿਸਤ੍ਰਿਤ ਜਾਣਕਾਰੀ ਹੋਣੀ ਚਾਹੀਦੀ ਹੈ। ਵਿਦਿਆਰਥੀਆਂ ਦੀ ਇਸ ਲੋੜ ਨੂੰ ਧਿਆਨ ਵਿਚ ਰੱਖ ਕੇ ਅਸੀਂ ਇਹ ਲੇਖ ਪ੍ਰਕਾਸ਼ਿਤ ਕਰ ਰਹੇ ਹਾਂ।

ਅੱਜ ਦਾ ਯੁੱਗ ਵਿਗਿਆਨ ਤੇ ਤਕਨਾਲੋਜੀ ਦਾ ਯੁੱਗ ਹੈ। ਮੁਕਾਬਲੇ ਦੇ ਅਜੋਕੇ ਯੁੱਗ ਦੇ ਵਿਚ ਨਾ ਤਾਂ ਸਮਰੱਥਾ ਦੀ ਕਮੀ ਹੈ ਅਤੇ ਨਾ ਹੀ ਮੌਕਿਆਂ ਦੀ ਕੋਈ ਘਾਟ ਹੈ। ਪਰ ਸਹੀ ਮਾਰਗ ਦਰਸ਼ਨ ਅਤੇ ਰੀਸੋ-ਰੀਸ ਦੀ ਆਦਤ ਦੇ ਵਿਚ ਜ਼ਿਆਦਾਤਰ ਵਿਦਿਆਰਥੀ ਭਟਕ ਜਾਂਦੇ ਹਨ ਅਤੇ ਬਾਅਦ ਦੇ



ਵਿਚ ਸੱਚਾਈ ਦਾ ਸਾਹਮਣਾ ਕਰਨ 'ਤੇ ਜਦ ਸੱਚਾਈ ਸਾਹਮਣੇ ਆਉਂਦੀ ਹੈ ਤਾਂ ਬਹੁਤ ਸਮਾਂ ਲੰਘ ਚੁੱਕਾ ਹੁੰਦਾ ਹੈ। ਬਿਨਾਂ ਅਨੁਭਵ ਤੋਂ ਵੱਡਾ ਅਧਿਆਪਕ ਕੋਈ ਨਹੀਂ ਹੈ, ਪਰ ਜੇ ਮੌਕੇ 'ਤੇ ਹੀ ਸਹੀ ਅਗਵਾਈ ਮਿਲ ਜਾਵੇ ਤਾਂ ਭਵਿੱਖ ਸੰਵਰਦਾ ਹੀ ਨਹੀਂ, ਅਜਾਂਈ ਸਮਾਂ ਨਹੀਂ ਗੁੰਮਦਾ ਅਤੇ ਯਤਨ ਵੀ ਵਿਅਰਥ ਨਹੀਂ ਜਾਂਦੇ। ਆਮ ਤੌਰ 'ਤੇ ਵਿਦਿਆਰਥੀ ਇੰਜੀਨੀਅਰਿੰਗ ਜਾਂ ਐਮ. ਬੀ. ਬੀ. ਐਸ. ਆਦਿ ਦੇ ਕੋਰਸਾਂ ਨੂੰ ਹੀ ਤਰਜੀਹ ਦਿੰਦੇ ਹਨ ਅਤੇ ਇਨ੍ਹਾਂ ਦੇ ਵਿਚ ਦਾਖ਼ਲਾ ਹਾਸਲ ਕਰਨ ਦੇ ਲਈ ਪੂਰੀ-ਪੂਰੀ ਕੋਸ਼ਿਸ਼ ਕਰਦੇ ਹਨ। ਪਰ ਸਿਰਫ਼ ਇਹੀ ਦੋ ਕੋਰਸ ਨਹੀਂ ਹਨ, ਜਿਨ੍ਹਾਂ ਦੇ ਦੁਆਰਾ ਨੌਕਰੀ ਪ੍ਰਾਪਤ ਕਰਨ ਦਾ ਰਾਹ ਪੱਧਰਾ ਕੀਤਾ ਜਾ ਸਕਦਾ ਹੈ। ਹੋਰ ਵੀ ਅਨੇਕਾਂ ਅਜਿਹੇ ਮੌਕੇ ਹਨ, ਜਿਨ੍ਹਾਂ ਵਿਚ ਸੁਨਹਿਰੀ ਭਵਿੱਖ ਛੁਪਿਆ ਹੁੰਦਾ ਹੈ, ਪਰ ਜਾਣਕਾਰੀ ਜਾਂ ਅਗਵਾਈ ਦੀ ਕਮੀ ਕਰਕੇ ਵਿਦਿਆਰਥੀਆਂ ਦੀਆਂ ਅੱਖਾਂ ਤੋਂ ਉਹਲੇ ਰਹਿ ਜਾਂਦੇ ਹਨ।

ਇਸ ਲੇਖ ਦਾ ਮਕਸਦ ਭੂ-ਗਰਭ ਸ਼ਾਸ਼ਤਰੀ ਦੇ ਕੰਮ ਅਤੇ ਇਸ ਬਾਰੇ ਸਿਖਲਾਈ ਹਾਸਲ ਕਰਨ ਅਤੇ ਇਸ ਖੇਤਰ ਵਿਚ ਨੌਕਰੀ ਹਾਸਲ ਕਰਨ ਬਾਰੇ ਲੋੜੀਂਦੀ ਅਤੇ ਜ਼ਰੂਰੀ ਜਾਣਕਾਰੀ ਪ੍ਰਦਾਨ ਕਰਨਾ ਹੈ। ਧਰਤੀ ਦੇ ਹੇਠਾਂ ਛਿਪੇ ਰਹੱਸਾਂ ਅਤੇ ਭੇਦਾਂ ਦੀਆਂ ਵੱਖ-ਵੱਖ ਪਰਤਾਂ ਬਾਰੇ ਜਾਣਕਾਰੀ ਰੱਖਣਾ ਜਿਓਲੌਜਿਸਟ ਦਾ ਕੰਮ ਹੈ। ਜਿਓਲਾਜੀ ਭਾਵ ਭੂ-ਗਰਭ-ਸ਼ਾਸ਼ਤਰ ਦਾ ਮਾਨਵੀ ਜੀਵਨ ਵਿਚ ਬੜਾ ਅਹਿਮ ਯੋਗਦਾਨ ਹੈ। ਦਰਅਸਲ ਦੇਸ਼ ਦੇ ਆਰਥਿਕ ਵਿਕਾਸ ਵਿਚ ਇਹ ਬੜਾ ਅਹਿਮ ਭੂਮਿਕਾ ਅਦਾ ਕਰਦਾ ਹੈ ਅਤੇ ਨਾਲ ਹੀ ਕੁਦਰਤੀ ਆਪਣਾ ਪ੍ਰਬੰਧਨ ਦੇ ਖੇਤਰ ਵਿਚ ਵੀ ਇਹ ਬੜਾ ਅਹਿਮ ਸਥਾਨ ਰੱਖਦਾ ਹੈ।

ਦੂਸਰੇ ਸ਼ਬਦਾਂ ਵਿਚ ਕਹਿ ਸਕਦੇ ਹਾਂ ਕਿ ਜਿਓਲੌਜਿਸਟ ਦਾ ਮੁੱਖ ਕੰਮ ਇਹ ਪਤਾ ਲਗਾਉਣਾ ਹੁੰਦਾ ਹੈ ਕਿ ਦੇਸ਼ ਦੇ ਵਿਚ ਕੁਦਰਤੀ ਗੈਸ ਅਤੇ ਹੋਰ ਕੁਦਰਤੀ ਸਰੋਤਾਂ ਦੇ ਭੰਡਾਰ ਕਿੱਥੇ-ਕਿੱਥੇ ਛੁਪੇ ਹੋਏ ਹਨ। ਇਹ ਇਕ ਔਖਾ, ਤਕਨੀਕੀ ਪਰ ਲਾਹਵੰਦ ਖੇਤਰ ਹੈ, ਜਿਸ ਵਿਚ ਸਫ਼ਲਤਾ ਪ੍ਰਾਪਤ ਕਰਨ ਲਈ ਉਮੀਦਵਾਰ ਨੂੰ ਭੂ-ਗਰਭ ਦੇ ਵੱਖ ਵੱਖ ਪੱਖਾਂ ਦੀ ਸੂਖਮ ਜਾਣਕਾਰੀ ਹੋਣੀ ਅਤਿ-ਜ਼ਰੂਰੀ ਹੈ। ਜਿਓਲੌਜਿਸਟ ਨੂੰ ਆਮ ਭਾਸ਼ਾ ਵਿਚ ਭੂ-ਗਰਭ-ਸ਼ਾਸ਼ਤਰੀ ਵੀ ਆਖਿਆ ਜਾਂਦਾ ਹੈ ਅਤੇ ਉਹ ਇਹ ਵੀ ਵੇਖਦਾ ਹੈ ਕਿ ਦੇਸ਼ ਦੇ ਕਿਸ ਖੇਤਰ ਵਿਚ ਪ੍ਰਾਕਿਰਤਕ ਆਫਤ ਜਾਂ ਸੰਕਟ ਆਉਣ ਦੀ ਸੰਭਾਵਨਾ ਹੈ ਅਤੇ ਭੂਗੋਲਿਕ ਹਿੱਲਜੁਲ ਦੀ ਮੌਜੂਦਾ ਸਥਿਤੀ ਕੀ ਹੈ, ਤਾਂ ਜੋ ਭਵਿੱਖ ਵਿਚ ਕਿਸੇ ਭੁਚਾਲ ਜਾਂ ਸੁਨਾਮੀ, ਸਮੁੰਦਰੀ ਤੂਫ਼ਾਨ ਜਾਂ ਕੈਟਰੀਨਾ ਆਦਿ ਦੀ ਸੰਭਾਵਨਾ ਬਾਰੇ ਪਤਾ ਲਗਾਇਆ ਜਾ ਸਕੇ।

ਜੇਕਰ ਕਿਤੇ ਪੁਲ, ਭੂਮੀਗਤ ਰੇਲ ਮਾਰਗ, ਸੜਕ ਆਦਿ ਬਣ ਰਹੀ ਹੋਵ, ਤਾਂ ਉਸ ਸਮੇਂ ਭੂ ਗਰਭ ਸ਼ਾਸ਼ਤਰੀ ਦੀ ਭੂਮਿਕਾ ਹੋਰ ਵੀ ਅਹਿਮ ਹੋ ਜਾਂਦੀ ਹੈ, ਕਿਉਂਕਿ ਉਸ ਸਮੇਂ ਉਹ ਭੂਮੀ ਅੰਦਰ ਘਟਿਤ ਹੋ ਰਹੀਆਂ ਘਟਨਾਵਾਂ ਦੀ ਸਮਝ ਰੱਖਦਾ ਹੈ ਅਤੇ ਵਧੀਆ ਸੁਝਾਓ ਦੇਣ ਦੀ ਸਥਿਤੀ ਵਿਚ ਹੁੰਦਾ ਹੈ। ਇਸ ਦਾ ਪਤਾ ਲੱਗਣ ਨਾਲ ਬਹੁਤ ਧਨ ਦੀ ਬੱਚਤ ਹੁੰਦੀ ਹੈ ਅਤੇ ਸੁਰੱਖਿਆ ਪ੍ਰਬੰਧਨ ਵੀ ਹੁੰਦਾ ਹੈ, ਜਿਸ ਕਰਕੇ ਇਨ੍ਹਾਂ ਅਧਿਕਾਰੀਆਂ ਨੂੰ ਵਧੀਆ ਵਤਨ ਜਾਂ ਤਨਖਾਹਾਂ ਦੇ ਨਾਲ-ਨਾਲ ਹੋਰ ਵੀ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਜੇਕਰ ਤੁਹਾਡੀ ਵੀ ਰੁਚੀ ਇਸ ਖੇਤਰ ਵਿਚ ਹੈ ਤਾਂ ਤੁਸੀਂ ਇਸ ਲਈ ਸੰਘ ਲੋਕ ਸੇਵਾ ਆਯੋਗ ਭਾਵ ਯੂ ਪੀ ਐਸ ਸੀ ਦੁਆਰਾ ਆਯੋਜਿਤ 'ਭੂ ਗਰਭ ਸ਼ਾਸਤਰੀ ਪ੍ਰੀਖਿਆ' ਵਿਚ ਭਾਗ ਲੈ ਕੇ ਆਪਣੀ ਕਾਰਗੁਜ਼ਾਰੀ ਦੇ ਆਧਾਰ ਤੇ ਵਧੀਆ ਸਰਕਾਰੀ ਨੌਕਰੀ ਹਾਸਲ ਕਰ ਸਕਦੇ ਹੋ।

ਯੂ ਪੀ ਐਸ ਸੀ ਵੱਲੋਂ ਭੂ ਗਰਭ ਸ਼ਾਸ਼ਤਰੀ (ਜੂਨੀਅਰ), ਹਾਈਡ੍ਰੋ ਭੂ-ਗਰਭ ਸ਼ਾਸ਼ਤਰੀ ਅਤੇ ਸਹਾਇਕ ਹਾਈਡ੍ਰੋ ਭੂ-ਗਰਭ ਸ਼ਾਸ਼ਤਰੀ ਆਦਿ ਪਦਾਂ ਵਿਚ ਭਰਤੀ ਲਈ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਜੇਕਰ ਤੁਸੀਂ ਇਸ ਔਖੀ ਪਰ ਉੱਚ ਦਰਜੇ ਦੀ ਪ੍ਰੀਖਿਆ ਵਿਚ ਬੈਠਣ ਦੇ ਇੱਛੁਕ ਹੋ, ਤਾਂ ਤੁਸੀਂ ਵੀ ਇਸ ਲਈ ਆਪਣੀ ਅਰਜ਼ੀ ਭੇਜ ਸਕਦੇ ਹੋ, ਜੋ ਕਿ ਨਿਰਧਾਰਤ ਪਰਫਾਰਮੇ ਤੇ ਭਰ ਕੇ ਸੰਘ ਲੋਕ ਸੇਵਾ ਆਯੋਗ ਦੇ ਮੁੱਖ ਦਫ਼ਤਰ ਵਿਖੇ ਭੇਜ ਸਕਦੇ ਹੋ ਅਤੇ ਆਪਣੀ ਕਾਰਗੁਜ਼ਾਰੀ ਦੇ ਆਧਾਰ 'ਤੇ ਨੌਕਰੀ ਹਾਸਲ ਕਰ ਸਕਦੇ ਹੋ। ਇਸ ਸਾਲ ਇਹ ਪ੍ਰੀਖਿਆ ਦਸੰਬਰ ਦੇ ਮਹੀਨੇ ਲਈ ਜਾਂਦੀ ਹੈ।

ਇਸ ਪਦ ਲਈ ਸਧਾਰਨ ਉਮੀਦਵਾਰਾਂ ਲਈ ਉਮਰ ਦੀ ਸੀਮਾ 21 ਤੋਂ 32 ਸਾਲ ਨਿਰਧਾਰਤ ਕੀਤੀ ਗਈ ਹੈ, ਜਦੋਂ ਕਿ ਓ.ਬੀ.ਸੀ., ਐਸ.ਸੀ. ਅਤੇ ਐਸ.ਟੀ. ਅਤ ਸਮਾਜ ਦ ਅਪਾਹਜ ਵਿਅਕਤੀਆਂ ਲਈ ਅਧਿਕਤਮ ਉਮਰ ਦੀ ਸੀਮਾ ਵਿਚ ਛੋਟ ਵੀ ਦਿੱਤੀ ਗਈ ਹੈ। ਭਰਤੀ ਲਈ ਇਕ ਪ੍ਰੀਖਿਆ ਲਈ ਜਾਵਗੀ, ਜਿਸ ਵਿਚ ਇਕ ਲਿਖਤ ਪ੍ਰੀਖਿਆ ਲਈ ਜਾਵੇਗੀ, ਜਿਸ ਵਿਚ ਜਨਰਲ ਅੰਗਰਜ਼ੀ ਤੋਂ ਇਲਾਵਾ ਵਿਸ਼ੇ ਨਾਲ ਸੰਬੰਧਤ ਉਪ ਵਿਸ਼ਿਆਂ ਤੇ ਆਧਾਰਤ ਪ੍ਰਸ਼ਨ ਪੁੱਛੇ ਜਾਣਗੇ। ਇਹ ਦੋਵੇਂ ਪ੍ਰੀਖਿਆਵਾਂ 400, 400 ਅੰਕਾਂ ਦੀਆਂ ਹਨ। ਸਭ ਸਵਾਲ ਵੱਡੇ ਉੱਤਰਾਂ ਵਾਲੇ ਹੋਣਗੇ। ਇਸ ਵਿਚ ਸਫ਼ਲ ਰਹਿਣ ਵਾਲ ਵਿਦਿਆਰਥੀਆਂ ਜਾਂ ਉਮੀਦਵਾਰਾਂ ਦੀ ਬਾਕਾਇਦਾ ਇੰਟਰਵਿਊ ਲਈ ਜਾਵੇਗੀ, ਜੋ ਕਿ ਦੋ ਸੌ ਅੰਕ ਦੀ ਹੋਵੇਗੀ। ਇਸ ਵਿਚ ਸਫ਼ਲ ਰਹਿਣ ਵਾਲ ਵਿਦਿਆਰਥੀਆਂ ਦੇ ਸਮੁੱਚੇ ਅੰਕਾਂ ਦੇ ਆਧਾਰ ਤੇ ਮੈਰਿਟ ਲਿਸਟ ਤਿਆਰ ਕੀਤੀ ਜਾਵੇਗੀ, ਅਤੇ ਪਹਿਲੇ 500 ਉਮੀਦਵਾਰਾਂ ਦੀ ਅੰਤਿਮ ਚੋਣ ਕਰ ਲਈ ਜਾਵੇਗੀ। ਜਨਰਲ ਅੰਗਰੇਜ਼ੀ ਦੇ ਪੇਪਰ ਦਾ ਪੱਧਰ ਗ੍ਰੈਜੂਏਟ ਪੱਧਰ ਹੋਵੇਗਾ ਅਤੇ ਇਸ ਵਿਚ ਛੋਟੇ ਲੇਖ ਲਿਖਣ ਦੇ ਨਾਲ-ਨਾਲ ਅੰਗਰੇਜ਼ੀ ਦੀ ਸਮਝ ਨਾਲ ਸੰਬੰਧਤ ਸਵਾਲ ਅਤੇ ਸ਼ਬਦਾਵਲੀ ਬਾਰੇ ਸਵਾਲ ਪੁੱਛੇ ਜਾਣਗੇ। ਭੂ-ਗਰਭ ਸ਼ਾਸ਼ਤਰ ਦੇ ਵਿਸ਼ਾ ਵਿਚ ਜਿਓਮਾਰਫੋਲੌਜੀ ਅਤੇ ਰਿਮੋਟ ਸੈਸਿੰਗ, ਸੰਰਚਨਾਤਮਕ ਭੂ ਗਰਭ ਸ਼ਾਸ਼ਤਰ, ਭੂ-ਗਰਭ ਤਕਨੀਕੀ, ਮਿਰਨੋਲੌਜੀ, ਸੈਂਡੀਮੋਟੌਲੌਜੀ, ਭੂ ਰਸਾਇਣ ਵਿਗਿਆਨ, ਜਿਨਸਿਸ, ਖਾਣ ਵਿਗਿਆਨ, ਕੱਚੀ ਧਾਤ ਵਿਗਿਆਨ ਅਤੇ ਭੂ ਗਰਭ ਇੰਜੀਨੀਅਰਿੰਗ ਨਾਲ ਸੰਬੰਧਤ ਪ੍ਰਸ਼ਨ ਪੁੱਛੇ ਜਾਣਗੇ। ਹਾਈਡ੍ਰੋ ਭੂ ਗਰਭ ਸ਼ਾਸ਼ਤਰ ਅਧੀਨ ਇਸ ਵਿਗਿਆਨ ਦ ਜਨਮ, ਵਿਕਾਸ, ਮੌਜੂਦਾ ਸਥਿਤੀ, ਯੰਤਰਿਕ ਵਿਗਿਆਨ, ਜ਼ਮੀਨੀ ਪਾਣੀ ਦਾ ਰਸਾਇਣ ਵਿਗਿਆਨ ਅਤੇ ਜ਼ਮੀਨੀ ਪਾਣੀ ਦੀ ਸੰਭਾਲ ਬਾਰ ਵਿਸਤ੍ਰਿਤ ਸਵਾਲ ਪੁੱਛੇ ਜਾਣ ਦੀ ਸੰਭਾਵਨਾ ਹੈ।

ਪ੍ਰੀਖਿਆ ਦੀ ਤਿਆਰੀ ਕਰਨ ਲਈ ਤੁਹਾਨੂੰ ਇਕ ਰਣਨੀਤੀ ਤਿਆਰ ਕਰਨੀ ਪਵੇਗੀ। ਅੰਗਰੇਜ਼ੀ ਪ੍ਰੀਖਿਆ ਵਿਚ ਵਧੀਆ ਕਾਰਗੁਜ਼ਾਰੀ ਲਈ ਤੁਹਾਨੂੰ ਅੰਗਰਜ਼ੀ ਭਾਸ਼ਾ ਦਾ ਲਿਖਤੀ ਅਤੇ ਜ਼ੁਬਾਨੀ ਗਿਆਨ ਹੋਣਾ ਜ਼ਰੂਰੀ ਹੈ। ਇਸ ਲਈ ਤੁਹਾਨੂੰ ਵਾਕ-ਬੋਧ, ਸ਼ਬਦ-ਬੋਧ ਅਤ ਅਰਥ-ਬੋਧ ਦੇ ਨਾਲ ਨਾਲ ਪੈਰਾ ਲਿਖਣ, ਵਿਆਕਰਣ ਅਤੇ ਹੋਰ ਭਾਸ਼ਾਈ ਪੱਖਾਂ ਵੱਲ ਡੂੰਘਾ ਧਿਆਨ ਦੇਣਾ ਪਵੇਗਾ।

ਜਿਹੜੇ ਵਿਦਿਆਰਥੀਆਂ ਨੇ ਗਰੈਜੂਏਸ਼ਨ ਜਾਂ ਪੋਸਟ-ਗ੍ਰੈਜੂਏਸ਼ਨ ਪੱਧਰ ਤ ਭੂ ਗਰਭ ਸ਼ਾਸ਼ਤਰ ਵਿਸ਼ਾ ਪੜ੍ਹਿਆ ਹੈ, ਉਨ੍ਹਾਂ ਨੂੰ ਇਸ ਪ੍ਰੀਖਿਆ ਵਿਚ ਸਫ਼ਲਤਾ ਪ੍ਰਾਪਤ ਕਰਨ ਵਿਚ ਕੋਈ ਖਾਸ ਸਮੱਸਿਆ ਨਹੀਂ ਆਵੇਗੀ। ਭੂ-ਗਰਭ ਸ਼ਾਸ਼ਤਰ ਵਿਸ਼ਾ ਦੀ ਪ੍ਰੀਖਿਆ ਲਈ ਗਰੈਜੂਏਟ ਪੱਧਰ ਦੇ ਪਾਠਕ੍ਰਮ ਅਨੁਸਾਰ ਤਿਆਰੀ ਕਰਨੀ ਪਵੇਗੀ, ਜਿਸ ਲਈ ਇਸ ਪੱਧਰ ਦੀਆਂ ਪੁਸਤਕਾਂ ਦੀ ਮਦਦ ਲਈ ਜਾਣੀ ਚਾਹੀਦੀ ਹੈ।

# ਛੋਟੇ-ਵੱਡੇ ਟਾਪੂਆਂ ਦੀ ਸ਼ਾਂਤ ਅਤੇ ਸੁੰਦਰ ਧਰਤੀ-ਸਿੰਗਾਪੁਰ

ਛੋਟੇ-ਛੋਟੇ ਦੀਪਾਂ ਨਾਲ ਸਜੇ ਛੋਟੇ ਜਿਹੇ ਮੁਲਕ ਸਿੰਗਾਪੁਰ ਵਿਚ ਸਮੁੰਦਰ ਦੇ ਕਿਨਾਰੇ ਤੋਂ ਲੰਘਦੇ ਹੋਏ ਇਸ ਤਰ੍ਹਾਂ ਲੱਗਦਾ ਹੈ, ਜਿਵੇਂ ਕੁਦਰਤ ਆਪਣੇ ਵੱਲ ਖਿੱਚ ਕੇ ਬੁਲਾ ਰਹੀ ਹੋਵੇ। ਨੀਲੇ ਸਮੁੰਦਰ ਦੇ ਨੇੜੇ ਸਫੈਦ ਚਮਕਦੀ ਰੇਤ ਜਿਵੇਂ ਚਾਂਦੀ ਦਾ ਵਰਕ ਲਈ ਹੋਵੇ। ਉਸ 'ਤੇ ਚੜ੍ਹਦੇ ਸੂਰਜ ਦੀਆਂ ਸੁਨਹਿਰੀ ਕਿਰਨਾਂ ਆਪਸ ਵਿਚ ਮਿਲਕੇ ਅਦਭੁਤ ਨਜ਼ਾਰਾ ਪੇਸ਼ ਕਰਦੀਆਂ ਸਨ। ਇਸ ਵਿਚ ਚਾਰ ਚੰਨ ਲਗਾਉਂਦੇ ਕਤਾਰ ਵਿਚ ਖੜ੍ਹੇ ਨਾਰੀਅਲ ਦੇ ਸੁੰਦਰ ਸਜੀਲੇ ਦਰਖਤ। ਲੱਗਦਾ ਹੈ ਸਭ ਕੁਝ ਤਰੀਕੇ ਨਾਲ ਸਜਾਇਆ ਹੋਵੇ। ਬਿਲਕੁਲ ਸ਼ਾਂਤ ਮਾਹੌਲ ਵਿਚ ਹਲੋਰੀ ਮਾਰਦੀਆਂ ਲਹਿਰਾਂ ਦੀ ਆਵਾਜ਼ ਜਿਵੇਂ ਕੁਝ ਕਹਿਣਾ ਚਾਹੁੰਦੀਆਂ ਹੋਣ। ਅਜਿਹੇ ਵਿਚ ਕਿਤੇ ਕੋਈ ਰੇਤ ਤੇ ਧੁੱਪ ਦਾ ਆਨੰਦ ਲੈ ਰਿਹਾ ਹੈ, ਤਾਂ ਕਿਤੇ ਲਹਿਰਾਂ ਦੀਆਂ ਠੰਡੀਆਂ ਫੁਹਾਰਾਂ ਦਾ। ਗਰਮ ਸਿੰਗਾਪੁਰ ਵਿਚ ਸਮੁੰਦਰ ਤਟਾਂ ਤੇ ਦਰਖਤਾਂ ਦੀ ਲੰਮੀ ਕਤਾਰ ਦੇਖ ਕੇ ਲੱਗਦਾ ਹੈ, ਜਿਵੇਂ ਕੁਦਰਤ ਨੇ ਬਾਰਿਸ਼ ਤੋਂ ਬਚਣ ਲਈ ਛਤਰੀ ਲੈ ਰੱਖੀ ਹੋਵੇ। ਇਸ ਹਰੇ ਭਰੇ ਮਾਹੌਲ ਵਿਚ ਦਰਖਤਾਂ ਵਿਚਕਾਰ ਬਣੇ ਟ੍ਰੈਕ ਤੇ ਸਾਈਕਲਿੰਗ ਕਰਦੇ ਬੱਚੇ, ਨੌਜਵਾਨ ਅਤੇ ਬੁੱਢੇ ਜਿਵੇਂ ਇਸ ਹਰਿਆਲੀ ਨੂੰ ਆਪਣੇ ਅੰਦਰ ਸਮੇਟ ਲੈਣਾ ਚਾਹੁੰਦੇ ਹੋਣ, ਨਵੀਂ ਊਰਜਾ ਦੇ ਲਈ। ਕਿਤੇ ਹੱਥ ਵਿਚ ਹੱਥ ਪਾਈ ਪ੍ਰੇਮੀ ਜੋੜੇ ਦੁਨੀਆ ਦੀ ਭੀੜ ਤੋਂ ਬੇਖ਼ਬਰ ਇਕ ਦੂਜੇ ਵਿਚ ਗੁਆਚੇ ਹਨ। ਕੁਦਰਤ ਦੇ ਇਸ ਅਦਭੁਤ ਸ਼ਿੰਗਾਰ ਤੇ ਕਿਸਦਾ ਮਨ ਰੁਮਾਂਟਿਕ ਨਹੀਂ ਹੁੰਦਾ। ਉਹ ਵੀ ਉਦੋਂ ਜਦੋਂ ਬਸੰਤੀ ਰੰਗ ਵਿਚ ਰੰਗਿਆ ਸਿੰਗਾਪੁਰ ਸਪਰਿੰਗ ਫੈਸਟੀਵਲ ਦੇ ਲਈ ਤਿਆਰ ਹੋ ਰਿਹਾ ਹੋਵੇ। ਅਸੀਂ ਇਸਨੂੰ ਦੇਖਦੇ ਹੋਏ ਮੰਤਰ ਮੁਗਧ ਹੋਏ ਅੱਗੇ ਵਧਦੇ ਚਲੇ ਗਏ।



ਸਾਡੀ ਦੁਬਿਧਾ ਸੀ ਕਿ ਅਸੀਂ ਇਹਨਾਂ ਨੂੰ ਦਿਮਾਗ ਵਿਚ ਉਤਾਰੀਏ ਜਾਂ ਤਸਵੀਰਾਂ ਵਿਚ। ਸਿੰਗਾਪੁਰ ਵਿਚ ਚਾਂਗੀ ਹਵਾਈ ਅੱਡੇ ਤੇ ਪਹੁੰਚਦੇ ਹੀ ਇਸ ਮਹਿਸੂਸ ਹੁੰਦਾ ਹੈ ਕਿ 50 ਲੱਖ ਦੀ ਆਬਾਦੀ ਵਾਲਾ ਇਹ ਪਿਆਰਾ ਜਿਹਾ ਏਸ਼ੀਆਈ ਦੇਸ਼ ਮਹਿਮਾਨਾਂ ਦੇ ਸਵਾਗਤ ਲਈ ਪਲਕਾਂ ਵਿਛਾ ਕੇ ਖੜ੍ਹਿਆ ਹੋਵੇ। ਸਮੁੰਦਰ ਅਤੇ ਹਰਿਆਲੀ ਵਿਚਕਾਰ ਕੁਦਰਤ ਨੇ ਤਾਂ ਇਸਨੂੰ ਸੰਵਾਰਿਆ ਹੀ ਹੈ, ਇਸ ਸ਼ਹਿਰ ਨੂੰ ਖੁਦ ਵੀ ਆਪਣੀ ਸੁੰਦਰਤਾ ਦਾ ਅਹਿਸਾਸ ਹੈ। ਨਤੀਜਾ ਇਹ ਹੈ ਕਿ ਅਸਮਾਨ ਛੂੰਹਦੀਆਂ ਇਮਾਰਤਾਂ ਹੋਣ ਜਾਂ ਖੁੱਲ੍ਹੀਆਂ ਸੜਕਾਂ, ਹਰ ਪਾਸੇ ਸੁਹੱਪਣ ਝਲਕਦਾ ਹੈ। ਹੁਣ ਤੱਕ ਆਚਰ ਰੋਡ ਤੇ ਆਕਰਸ਼ਕ ਮਾਲਜ਼ ਜਾਂ ਵੀਵੋਸਿਟੀ ਵਿਚ ਖਰੀਦਦਾਰੀ ਜਾਂ ਅੰਡਰ ਵਾਟਰ ਪਾਰਕ ਅਤੇ ਸੌਂਗ ਆਫ ਦਾ ਸੀ ਇੱਥੇ ਸੈਲਾਨੀਆਂ ਨੂੰ ਖਿੱਚਣ ਲਈ ਤਿਆਰ ਹਨ। ਸਿੰਗਾਪੁਰ ਦੀ ਖੂਬਸੂਰਤੀ ਵਿਚ ਚਾਰ ਚੰਨ ਲਗਾਉਣ ਵਾਲਾ ਸੇਂਟੋਸਾ ਦੀਪ ਲੰਮੇ ਸਮੇਂ ਤੱਕ ਸਿਰਫ ਆਪਣੇ ਨਾਂ ਦੇ ਚੱਕਰ ਵਿਚ ਫਸਿਆ ਰਿਹਾ। ਇਸਦੀ ਇਕ ਅਲੱਗ ਕਹਾਣੀ ਹੈ। ਮੌਤ ਤੋਂ ਬਾਅਦ ਦੀ ਧਰਤੀ ਤੋਂ ਬਦਲ ਕੇ ਇਸ ਦਾ ਨਾਂ ਸ਼ਾਂਤੀ ਅਤੇ ਨਿਸਚਿੰਤਤਾ ਦਾ ਪ੍ਰਤੀਕ ਸੇਂਟੋਸਾ ਕਿਵੇਂ ਹੋਇਆ। ਸਮੁੰਦਰ ਦੇ ਕਿਨਾਰੇ ਪਾਮ ਦੇ ਦਰਖਤਾਂ ਵਿਚਕਾਰ ਖੂਬਸੂਰਤ ਸੜਕਾਂ ਤੋਂ ਲੰਘਦਿਆਂ ਅਸੀਂ ਉਸੇ ਸੇਂਟੋਸਾ ਦੀਪ ਦੇ ਵੱਡੇ ਭੂਮੀ ਖੇਤਰ ਵਿਚ ਬਣੇ ਰਿਜ਼ਾਰਟਸ ਵਰਲਡ ਸੇਂਟੋਸਾ ਦੀ ਅਨੋਖੀ ਦੁਨੀਆ ਵਿਚ ਪਹੁੰਚ ਗਏ।

ਉਥੋਂ ਦੇ ਆਕਰਸ਼ਕ ਹੋਟਲ ਫੈਸਟੀਵਲ ਵਿਚ ਪਹੁੰਚਣ ਤੋਂ ਬਾਅਦ ਜਦੋਂ ਭਾਰਤੀ ਪੱਤਰਕਾਰਾਂ ਦੇ ਦਲ ਦੇ ਸਾਹਮਣੇ ਹੋਟਲ ਘੁੰਮਣ ਦਾ ਪ੍ਰਸਤਾਵ ਆਇਆ ਤਾਂ ਅਸੀਂ ਸਮਝ ਨਹੀਂ ਪਾ ਰਹੇ ਸੀ ਕਿ ਕਿਸੇ ਹੋਟਲ ਵਿਚ ਘੁੰਮਣ ਲਾਇਕ ਕੀ ਹੋਵੇਗਾ। ਪਰ ਜਦੋਂ ਅਸੀਂ ਨਿਕਲੇ ਤਾਂ ਅਹਿਸਾਸ ਹੋਇਆ ਕਿ ਚਾਰ ਹੋਟਲਾਂ ਦੀ ਇਹ ਸੀਰੀਜ਼ ਸਿਰਫ ਠਹਿਰਨ ਦੀ ਜਗ੍ਹਾ ਨਹੀਂ ਹੈ। ਬਲਕਿ ਇੱਥੇ ਅਲੱਗ ਅਲੱਗ ਖਾਸੀਅਤਾਂ ਦੇ ਨਾਲ ਕਮਰਿਆਂ, ਦੀਵਾਰਾਂ ਅਤੇ ਰੈਸਟੋਰੈਂਟਾਂ ਦੀ ਕਲਾਤਮਕਤਾ ਨੂੰ ਸਮਝਣ ਲਈ ਪੂਰਾ ਇਕ ਦਿਨ ਵੀ ਘੱਟ ਹੈ। ਸਾਡੇ ਸਾਹਮਣੇ ਵੀ ਸਿੰਗਾਪੁਰ ਦੀ ਇਕ ਨਵੀਂ ਬੋਲਦੀ ਤਸਵੀਰ ਸੀ। ਇਸ ਦੇ ਸਾਰੇ ਹੋਟਲਾਂ ਦੀ ਅਲੱਗ-ਅਲੱਗ ਪਛਾਣ ਦਿੱਸੀ।

ਅਗਲੇ ਦਿਨ ਅਸੀਂ ਇਸੇ ਕੈਂਪਸ ਵਿਚ ਬਣੇ ਯੂਨੀਵਰਸਲ ਸਟੂਡੀਓ ਥੀਮ ਪਾਰਕ ਵਿਚ ਪਹੁੰਚੇ ਤਾਂ ਮਹਿਸੂਸ ਹੋਇਆ ਕਿ ਹਾਲੀਵੁੱਡ ਵਿਚ ਕਦਮ ਰੱਖ ਰਹੇ ਹਾਂ। ਚਾਰੇ ਪਾਸੇ ਭੇਦ ਅਤੇ ਰੋਮਾਂਚ ਨਾਲ ਭਰਿਆ ਵਾਤਾਵਰਣ। ਕਿਤੇ ਤੁਸੀਂ ਮੰਤਰ ਮੁਗਧ ਹੋ ਜਾਂਦੇ ਹੋ ਤਾਂ ਕਿਤੇ ਹਿੰਮਤ ਜਵਾਬ ਦੇ ਜਾਂਦੀ ਹੈ। ਇਸ ਦੇ ਆਮ ਲੋਕਾਂ ਦੇ ਲਈ ਖੁੱਲ੍ਹਣ ਦੀਆਂ ਤਿਆਰੀਆਂ ਦੇ ਆਖਰੀ ਪੜਾਅ ਨੂੰ ਦੇਖਦਿਆਂ ਜਦੋਂ ਅਸੀਂ ਅੰਦਰ ਪਹੁੰਚੇ ਤਾਂ ਹਮੇਸ਼ਾ ਗਰਮ ਰਹਿਣ ਵਾਲੇ ਸਿੰਗਾਪੁਰ ਵਿਚ ਠੰਡਕ ਮਹਿਸੂਸ ਹੋਈ। ਸਾਡੀ ਗਾਈਡ ਨੇ ਦੱਸਿਆ ਕਿ ਸੜਕ ਦੇ ਉਪਰ ਇਸ ਕਿਸਮ ਦੀ ਚਾਦਰ ਲਗਾਈ ਗਈ ਹੈ, ਜਿਸ ਤੋਂ ਪੂਰੀ ਰੌਸ਼ਨੀ ਆਵੇ ਪਰ ਸੂਰਜ ਦਾ ਤਾਪ ਮਹਿਸੂਸ ਨਾ ਹੋਵੇ। ਦੁਨੀਆ ਦੇ ਇਸ ਚੌਥੇ ਯੂਨੀਵਰਸਲ ਸਟੂਡੀਓ ਨੂੰ ਵੀ ਅਲੱਗ ਅਲੱਗ ਥੀਮ ਜੋਨ ਵਿਚ ਵੰਡਿਆ ਗਿਆ ਹੈ। ਕਈ ਹਿੱਸੇ ਮੁੱਖ ਤੌਰ ਤੇ ਹਾਲੀਵੁੱਡ ਦੀਆਂ ਮਸ਼ਹੂਰ ਫਿਲਮਾਂ ਜਾਂ ਟੀ. ਵੀ. ਸ਼ੋਅ 'ਤੇ ਆਧਾਰਿਤ ਹਨ। ਇਸਦੇ ਅੰਦਰ ਰਾਲਰ ਕੋਸਟਰ ਦੀਆਂ ਰਾਈਡਾਂ ਨੂੰ ਦੇਖਕੇ ਦਿਲ ਬੱਚਿਆਂ ਵਾਂਗ ਖਿੜ ਗਿਆ। ਪਰ 140 ਫੁੱਟ ਦੀ ਉਚਾਈ 'ਤੇ 90 ਕਿਲੋਮੀਟਰ ਦੀ ਰਫਤਾਰ ਨਾਂ ਚੱਲਣ ਵਾਲੇ ਉਹਨਾਂ ਰਾਈਡਾਂ 'ਤੇ ਚੜ੍ਹਨ ਦੀ ਹਿੰਮਤ ਇਕੱਠੀ ਕਰਨਾ ਵੀ ਵੱਡੀ ਗੱਲ ਹੈ। ਤੇਜ਼ੀ ਨਾਲ ਉਪਰ-ਹੇਠਾਂ ਆਉਂਦੇ ਇਹਨਾਂ 24 ਰਾਈਡਾਂ ਨੂੰ ਦੇਖ ਕੇ ਅਸੀਂ ਇਹੀ ਸੋਚ ਰਹੇ ਸੀ ਕਿ ਇਸ ਵਿਚ ਬੈਠਣ ਤੋਂ ਬਾਅਦ ਕਿਵੇਂ ਲੱਗਦੀ ਹੋਵੇਗੀ ਦੁਨੀਆ।

ਇਸ ਪਾਰਕ ਵਿਚ ਪੁਰਾਤਨ ਮਿਸਰ ਦੀ ਦੁਨੀਆ ਵੀ ਸਜੀ ਹੈ। ਅੱਗੇ ਜੁਰਾਸਿਕ ਪਾਰਕ ਵਿਚ ਡਾਇਨਾਸੋਰ ਦਾ ਢਾਂਚਾ ਮਸ਼ਹੂਰ ਫਿਲਮ 'ਦਾ ਲਾਸਟ ਵਰਲਡ' ਦਾ ਪੂਰਾ ਦ੍ਰਿਸ਼ ਪੇਸ਼ ਕਰ ਰਿਹਾ ਸੀ। 'ਦਾ ਵਾਟਰ ਵਰਲਡ' ਵਿਚ ਪਾਣੀ ਦੇ ਅੰਦਰ ਅੱਗ ਦੀਆਂ ਤੇਜ਼ ਲਪਟਾਂ ਦੇ ਵਿਚਕਾਰ ਖ਼ਤਰਨਾਕ ਸਟੰਟ ਦਾ ਰਿਹੱਸਲ ਰੋਮਾਂਚ ਪੈਦਾ ਕਰ ਰਿਹਾ ਸੀ। ਇਸ ਥੀਮ ਪਾਰਕ ਵਿਚ ਘੁੰਮਦੇ ਹੋਏ ਜਿੱਥੇ ਵੀ ਤੁਸੀਂ ਥੱਕ ਜਾਓ, ਆਸ ਪਾਸ ਕੋਈ ਰੈਸਟੋਰੈਂਟ ਜ਼ਰੂਰ ਮਿਲੇਗਾ। ਘੁੰਮਣ ਦੌਰਾਨ ਅਚਾਨਕ ਆਈ ਬਾਰਿਸ਼ ਤੋਂ ਬਚਦੇ ਹੋਏ ਅਸੀਂ ਇਕ ਰੈਸਟੋਰੈਂਟ ਵਿਚ ਵੜੇ ਤਾਂ ਉਸ ਦੇ ਬਾਹਰ ਹੀ ਬੋਲਡ ਲੱਗਿਆ ਸੀ-ਗੁਲਾਬ ਜਾਮਣ ਅਤੇ ਬਦਾਮ ਦੀ ਖੀਰ। ਖੂਬਸੂਰਤ ਫਾਰ-ਫਾਰ ਅਵੇ ਕੈਸਲ ਅਤੇ ਦੁਨੀਆ ਦਾ ਪਹਿਲਾ ਮੈਡਾਗਾਸਕਰ ਥੀਮ ਪਾਰਕ ਰਾਈਡ ਨੂੰ ਦੇਖਣ ਤੋਂ ਬਾਅਦ 'ਡ੍ਰਾਈਵ ਇਨ' ਰੈਸਟੋਰੈਂਟ ਵਿਚ ਅਸੀਂ ਅਮਰੀਕਨ ਬਰਗਰ ਦਾ ਆਨੰਦ ਲੈ ਰਹੇ ਸੀ, ਤਾਂ ਸਾਡਾ ਇਕ ਸਾਥੀ 'ਵਰਮਸ ਇਨ ਮਡ' ਖਾਣ ਲਈ ਉਤਸੁਕ ਹੋ ਗਿਆ। ਅਸੀਂ ਉਤਸੁਕਤਾ ਦਾ ਆਨੰਦ ਲੈਂਦੇ ਹੋਏ ਇਸਨੂੰ ਆਈਸਕ੍ਰੀਮ ਦੇ ਤੌਰ ਤੇ ਪੇਸ਼ ਕੀਤਾ। ਸਾਨੂੰ ਦੱਸਿਆ ਗਿਆ ਕਿ ਘਬਰਾਉਣ ਦੀ ਲੋੜ ਨਹੀਂ 'ਕੀਚੜ ਵਿਚ ਕੀੜੇ' ਨਹੀਂ ਮਿਲਣਗੇ, ਇਹ ਤਾਂ ਸਿਰਫ ਨਾਂ ਹੈ। ਸਿੰਗਾਪੁਰ ਦੀ ਇਹ ਖੂਬਸੂਰਤ ਸ਼ਾਮ ਸਾਡੇ ਲਈ ਯਾਦਗਾਰ ਬਣ ਗਈ। ਅਸੀਂ ਆਪਣੇ ਹੋਟਲ ਦੇ ਅੰਦਰ ਤੋਂ ਹੀ ਆਕਰਸ਼ਕ ਐਸਕੇਲੇਟਰਾਂ ਰਾਹੀਂ ਸਿੱਧੇ ਕੈਸੀਨੋ ਤੱਕ ਜਾ ਪਹੁੰਚੇ। ਇਹੀ ਉਹ ਕੈਸੀਨੋ ਹੈ, ਜਿਸ ਦੇ ਸਹਾਰੇ ਸਿੰਗਾਪੁਰ ਆਪਣੇ ਦੇਸ਼ ਦੀ ਆਰਥਿਕ ਤਸਵੀਰ ਬਦਲਣ ਲਈ ਉਤਸ਼ਾਹਿਤ ਹੈ। ਕਦੀ ਚੁਇੰਗਗਮ ਤੱਕ 'ਤੇ ਪਾਬੰਦੀ ਲਗਾਉਣ ਵਾਲੇ ਇਸ ਦੇਸ਼ ਨੂੰ ਨੈਤਿਕਤਾ ਦੀ ਜੱਦੋ-ਜਹਿਦ ਵਿਚਕਾਰ ਇਹ ਫੈਸਲਾ ਲੈਣ ਵਿਚ ਚਾਲੀ ਸਾਲ ਲੱਗ ਗਏ ਕਿ ਪੜੌਸੀ ਦੇਸ਼ਾਂ ਵਾਂਗ ਸਿੰਗਾਪੁਰ ਵਿਚ ਵੀ ਕੈਸੀਨੋ ਖੁੱਲ੍ਹਣ ਜਾਂ ਨਹੀਂ। ਚਿੰਤਾ ਸੀ ਕਿ ਸਾਡੇ ਲੋਕ ਜੁਆਰੀ ਤਾਂ ਨਹੀਂ ਬਣ ਜਾਣਗੇ। ਲੰਮੀ ਸਰਵਜਨਕ ਬਹਿਸ ਤੋਂ ਬਾਅਦ 2005 ਵਿਚ ਸਰਕਾਰ ਨੇ ਕੈਸੀਨੋ ਖੋਲ੍ਹਣ ਦੀ ਹਰੀ ਝੰਡੀ ਦਿੱਤੀ। ਇਸ ਕਰਕੇ ਇਸ ਸਾਲ 14 ਫਰਵਰੀ ਨੂੰ ਚੀਨ ਦੇ ਨਵੇਂ ਸਾਲ ਦੇ ਸ਼ੁਭ ਮਹੂਰਤ ਵਿਚ ਇਸ ਕੈਸੀਨੋ ਦੇ ਨਾਲ ਸਿੰਗਾਪੁਰ ਦਾ ਨਵਾਂ ਅਧਿਆਏ ਸ਼ੁਰੂ ਹੋਇਆ।

ਸਿੰਗਾਪੁਰੀਆਂ ਦੇ ਲਈ ਕਈ ਸਖਤ ਪਾਬੰਦੀਆਂ ਵਿਚਕਾਰ ਆਮ ਲੋਕਾਂ ਦੇ ਲਈ ਖੋਲ੍ਹਦੇ ਹੋਏ ਇਸਦਾ ਟੀਚਾ ਵਿਦੇਸ਼ੀਆਂ ਨੂੰ ਖਿੱਚਣਾ ਹੈ ਪਰ ਅਸੀਂ ਤਾਂ ਇਸਦੀ ਸਜਾਵਟ ਦੇਖ ਕੇ ਹੀ ਹੈਰਾਨ ਹੋ ਗਏ। ਤਰੱਕੀ ਦੇ ਪ੍ਰਤੀਕ ਦੇ ਤੌਰ 'ਤੇ ਸਜੇ ਸ਼ੀਸ਼ਿਆਂ ਦੇ ਇਕ ਰੰਗ ਬਿਰੰਗੇ ਦਰਖਤ ਨਾਲ ਲੱਗਦੀਆਂ ਖਾਣ-ਪੀਣ ਦੀਆਂ ਕਈ ਸਟਾਲਾਂ ਹਨ। ਹਰ ਕਿਸਮ ਦੇ ਲਜ਼ੀਜ਼ ਖਾਣੇ ਅਤੇ ਰੋਟੀ-ਪਰੌਂਠੇ ਦਾ ਆਨੰਦ ਲਿਆ।

# ਅਜੇ ਆਪਾਂ ਇੰਨੇ ਨਹੀਂ ਮਾੜੇ

**ਕਹਾਣੀ - ਅਨੇਮਨ ਸਿੰਘ**

ਦੋ-ਤਿੰਨ ਦਿਨਾਂ ਤੋਂ ਸਿਰਫ਼ ਇੱਕੋ ਜੁਗਤ ਮੇਰੇ ਮਨ 'ਤੇ ਛਾਈ ਹੋਈ ਐ। ਮੈਨੂੰ ਲੱਗਦੈ ਦਿਨ ਹੁਣ ਬਦਲ ਜਾਣਗੇ। ਵੇਖੋ ਸਕੀਮ ਨੇਪਰੇ ਚੜ੍ਹ ਜਾਂ ਨਾ। ਹੁਣ ਹੋਰ ਭੁੱਖਾ ਨਹੀਂ ਮਰਿਆ ਜਾਂਦਾ। ਛੇਕੜ ਦੋ ਕੁੜੀਆਂ ਦੇ ਤਾਂ ਭਾਗ ਖੁੱਲ੍ਹ ਹੀ ਜਾਣਗੇ। ਦੀਪੋ ਜਿਉਂਦੀ ਹੁੰਦੀ, ਫੇਰ ਹੋਰ ਗੱਲ ਸੀ ਪਰ ਹੁਣ ਤਾਂ ਮੈਨੂੰ ਹੀ ਕਰਨਾ ਪਊ ਕੁਝ।

ਦੋ-ਤਿੰਨ ਦਿਨਾਂ ਤੋਂ ਮੈਂ ਟੋਏ ਵੱਲ ਜ਼ਿਆਦਾ ਧਿਆਨ ਦੇਣ ਲੱਗ ਪਿਆਂ। ਪਹਿਲਾਂ ਮੈਂ ਹੋਰ ਤਰ੍ਹਾਂ ਈ ਸੋਚਦਾ ਰਹਿੰਦਾ ਸੀ ਕਿ ਟੋਏ ਨੂੰ ਮਿੱਟੀ ਨਾਲ ਭਰ ਦੇਵਾਂ। ਸਰਕਾਰੀ ਗਰਾਂਟ ਤਾਂ ਹੁਣ ਆਉਣੋਂ ਈ ਰਹੀ। ਮਿੰਦਰ ਤਾਂ ਗਪੌੜੀ ਨਿਕਲਿਆ। ਅੰਦਰੋਂ ਖਾਰ ਰੱਖ ਗਿਆ ਮੇਰੇ 'ਤੇ। ਚਲੋ ਕੋਈ ਨੀ ਮਾੜਿਆ ਅਜੇ ਆਪਾਂ ਇੰਨੇ ਨੀ ਮਾੜੇ। ਬਣੂੰ ਕੁਝ ਨਾ ਕੁਝ ਤਾਂ। ਟੋਏ ਉੱਪਰ ਅਜੇ ਮੈਂ ਫੱਟੇ ਰੱਖੇ ਹੋਏ ਐ। ਮਤੇ ਕਿਸੇ ਨੂੰ ਭਿਣਕ ਨਾ ਲੱਗ ਜੇ। ਅਜੇ ਤਾਂ ਇੰਝ ਈ ਕਰਨਾ ਪਊ। ਜਿੰਨਾ ਚਿਰ ਕੰਮ ਨੇਪਰੇ ਨਹੀਂ ਚੜ੍ਹਦਾ। ਲੋਕਾਂ ਦਾ ਕੋਈ ਪਤਾ ਨਹੀਂ ਪਹਿਲੋਂ ਈ ਬਾਤ ਦਾ ਬਤੰਗੜ ਬਣਾ ਦੇਣ। ਸਾਡਾ ਵਿਹੜਾ ਤਾਂ ਉਂ ਵੀ ਏਸ ਕਾਸੇ ਲਈ ਸਾਰੇ ਪਿੰਡਾਂ 'ਚ ਬਦਨਾਮ ਐ।

ਜਦੋਂ ਦਾ ਮੈਂ ਪਾਲੇ ਦੇ ਘਰੇ ਟੀ.ਵੀ. ਵੇਖਿਐ, ਮੈਨੂੰ ਉਦੋਂ ਦਾ ਪਾਲੇ ਦਾ ਘਰ ਚੰਗਾ-ਚੰਗਾ ਲੱਗਣ ਲੱਗ ਪਿਐ। ਪਹਿਲੋਂ ਮੈਨੂੰ ਉਸਦਾ ਘਰ ਚੰਗਾ ਨਹੀਂ ਲੱਗਦਾ ਸੀ, ਉਹ ਵੀ ਉਹਦੀ ਬਹੂ ਤਾਰੋ ਕਰਕੇ। ਤਾਰੋ ਮੈਨੂੰ ਉੱਕਾ ਚੰਗੀ ਨਹੀਂ ਲੱਗਦੀ। ਉਹਦਾ ਵਿਹਾਰ ਵੀ ਬੁਰੈ। ਉਹਦੀਆਂ ਤਿਰਛੀਆਂ ਅੱਖਾਂ ਵੱਲ ਮੇਰੇ ਤੋਂ ਵੇਖਿਆ ਨੀ ਜਾਂਦਾ। ਮੈਨੂੰ ਡਰ ਲੱਗਣ ਲੱਗ ਜਾਂਦੈ। ਅੰਦਰ ਈ ਅੰਦਰ ਇੱਕ ਕੰਬਣੀ ਜਿਹੀ ਵੀ ਮਹਿਸੂਸ ਕਰਦਾਂ ਮੈਂ।

''ਵੇ ਮਾੜਿਆ... ਮੇਰੇ 'ਚ ਕੀ ਜ਼ਹਿਰ ਐ... ਜਿਹੜਾ ਤੇਰੇ ਡੰਗ ਮਾਰਦੂੰ।'' ਮੇਰੇ ਵੱਲ ਉੱਲਰਦਿਆਂ ਉਹ ਅਕਸਰ ਬੋਲਦੀ ਐ।

''ਨਾ ਭਾਬੀ ਨਾ... ਪਾਲਾ ਮੇਰੇ ਭਰਾਵਾਂ ਵਰਗੈ।'' ਮੈਂ ਬਾਰ ਵੱਲ ਮੁੜਦਿਆਂ ਜਵਾਬ ਦਿੰਦਾ। ਤਾਰੋ ਫਿਰ ਵੀ ਦੰਦ ਕੱਢਦਿਆਂ ਆਖਦੀ ਹੁੰਦੀ ਸੀ ਅਕਸਰ।

''ਮਾੜਿਆ... ਦੀਪੋ ਦੇ ਜਾਣ ਦਾ ਦੁੱਖ ਐ ਤੈਨੂੰ... ਸਿਆਣਾ ਬਣ ਭਾਈ, ...ਤੀਵੀਂ ਨਾਲ ਈ ਘਰ ਹੁੰਦੈ ...ਵੇਖ ਕਿਵੇਂ ਬੀਆਬਾਨ ਬਣ ਗਿਆ ਹੱਸਦਾ-ਵੱਸਦਾ ਘਰ।'' ਤਾਏ ਟੇਕੇ ਨੇ ਮੈਨੂੰ ਸੋਚਾਂ 'ਚ ਡੁੱਬਿਆ ਵੇਖ ਕਿਹਾ ਸੀ।

''ਕੋਈ ਨੀ ਤਾਇਆ... ਵੇਖ ਲੀਂ ਛੇਤੀ ਈ ਦਿਨ ਫਿਰ ਜਾਣਗੇ।'' ਮੈਨੂੰ ਵੀ ਆਪਣੀ ਜੁਗਤ ਦਾ ਖ਼ਿਆਲ ਆ ਗਿਆ ਸੀ।

ਤਾਏ ਟੇਕੇ ਨੇ ਮੇਰੀ ਕਈ ਵਾਰ ਹਮਾਇਤ ਕੀਤੀ ਐ। ਜਦੋਂ ਸਾਰਾ ਵਿਹੜਾ ਮੇਰੇ ਉਲਟ ਸੀ। ਤਾਇਆ ਟੇਕਾ ਈ ਖੜ੍ਹਿਆ, ਭੀੜ 'ਚੋਂ ਵੱਖ ਹੋ ਕੇ। ਕਹਿੰਦਾ, ''ਮਾੜੇ ਨੇ ਕੰਮ ਤਾਂ ਬੁਰਾ ਕੀਤੈ... ਪਰ ਇਸ ਨੂੰ ਸਾਂਝ ਤੋਂ ਮੋੜ ਦੇਣਾ ਵੀ ਠੀਕ ਨੀ... ਇਹਦੇ ਘਰ-ਬਾਰ ਬਾਰੇ ਤਾਂ ਸੋਚੋ... ਤੇ ਆਹ ਜੋ ਤਿੰਨ ਨੰਗੇ ਪੈਰੀਂ ਖੜ੍ਹੀਆਂ ਨੇ... ਇਨ੍ਹਾਂ ਦਾ ਕੀ ਬਣੂੰ।'' ਫਿਰ ਵਿਹੜੇ ਵਾਲੇ ਸਾਰੇ ਆਪ ਈ ਚੁੱਪ ਵੱਟ ਗਏ। ''ਸਿਆਣਾ ਬਣ ਜਾ ਮਾੜਿਆ... ਛੱਡ ਦੇ ਵਹਿਬਤਾਂ। ਬੱਚੇ ਰੋਲ ਲਏਂਗਾ।'' ਮੈਂਬਰ ਮਿੰਦਰ ਬੋਲਿਆ ਸੀ 'ਕੱਲਾ। ਮਿੰਦਰ ਬੋਲਦਾ ਮੈਨੂੰ ਭੈੜਾ ਤਾਂ ਬਹੁਤ ਲੱਗਿਆ ਸੀ। ਵੋਟਾਂ ਵੇਲੇ ਤਾਂ ਕਿਵੇਂ ਤਰਲੇ ਕੱਢਦਾ ਸੀ। ਅਖੇ, ''ਮਾੜਾ ਸਿਆਂ ਖਿਆਲ ਰੱਖਿਓ ਐਤਕੀਂ।''

ਹੁਣ ਅੱਖ ਵੀ ਨਹੀਂ ਮਿਲਾਉਂਦਾ। ਫਲੱਸ਼ਾਂ ਵਾਰੀ ਵੀ ਉਪਰੋਂ-ਉਪਰੋਂ ਈ ਕਹੀ ਗਿਆ, ''ਮਾੜਿਆ, ਟੋਆ ਪੁੱਟ ਲੈ, ਬਾਕੀ ਗੌਰਮਿੰਟ ਤੋਂ ਆਪੇ ਕਰਾ ਦੂੰ ਮੈਂ।'' ਪਰ ਮੁੜ ਕੇ ਘਰ ਵੰਨੀਂ ਗੇੜਾ ਵੀ ਨੀ ਮਾਰਿਆ। ਵਿਹੜੇ ਦੇ ਕਈ ਘਰਾਂ ਦੇ ਚੈੱਕ ਆ ਗਏ, ਪੰਜ ਪੰਜ ਹਜ਼ਾਰ ਦੇ। ਸਰਪੰਚ ਕੋਲ ਪਤਾ ਕੀਤਾ। ਕਹਿੰਦਾ, ''ਮਾੜਿਆ ਤੇਰਾ ਤਾਂ ਨਾਂ ਈ ਨੀ ਹੈਗਾ ਲਿਸਟ 'ਚ।''

''ਭੈਣ...।'' ਵੱਡੀ ਸਾਰੀ ਗਾਲ੍ਹ ਮਿੰਦਰ ਨੂੰ ਕੱਢਦਾ ਮੈਂ ਸਰਪੰਚ ਦੇ ਘਰ 'ਚੋਂ ਬਾਹਰ ਆ ਗਿਆ ਸਾਂ। ਜਦੋਂ ਦਾ ਮਿੰਦਰ ਮੈਂਬਰ ਬਣਿਐ... ਦੋ-ਤਿੰਨ ਸਾਲਾਂ 'ਚ ਈ ਘਰ ਪੱਕਾ ਪਾ ਲਿਆ। ਸਾਰੀਆਂ ਚੀਜ਼ਾਂ ਘਰ 'ਚ ਸਜਾ ਲੀਆਂ। ਟੀ.ਵੀ., ਫਰਿੱਜ, ਸੋਫੇ ਤੇ ਦੋ ਟਾਇਰਾਂ ਵਾਲਾ ਮੋਟਰ ਸਾਈਕਲ। ਹੁਣ ਇਹਦੇ ਪੈਰ ਜ਼ਮੀਨ 'ਤੇ ਨੀ ਲੱਗਦੇ। ਜਿੱਥੇ ਹੋਰ ਘਰਾਂ ਦੀਆਂ ਤੀਵੀਆਂ ਜਾਂਦੀਆਂ ਨੇ, ਮੇਰੀਆਂ ਕੁੜੀਆਂ ਵੀ ਜਾ ਆਉਣਗੀਆਂ। ਉਨ੍ਹਾਂ ਨੂੰ ਕੀ ਜ਼ਿਆਦਾ ਮੁਸ਼ਕ ਚੜ੍ਹਦੀ ਐ।

ਤਾਈ ਪਾਸ਼ੋ, ਬੀਬੀ ਸੰਤੀ ਅਤੇ ਮੂਲੋ ਹੁਰਾਂ ਈ ਰੌਲਾ ਪਾਇਆ ਤੀ। ਅਖੇ, ''ਭਾਈ ਬੈਂਬਰਾ। ਆਹ ਨਿੱਕੇ ਜਿਹੇ ਪਲਾਂਟ 'ਚ ਨੀ ਜਾਇਆ ਜਾਂਦਾ। ਸਾਰੇ ਪਿੰਡ ਦੇ ਘਰਾਂ 'ਚ ਪੱਕੀਆਂ ਫਲੱਸ਼ਾਂ ਨੇ... ਪਰ ਆਪਣਾ ਵਿਹੜਾ ਇੱਥੇ ਈ ਨਰਕ ਭੋਗਦਾ ਰਹੂ।''

ਉਸ ਮਰਲੇ ਦੇ ਪਲਾਟ ਕੋਲੋਂ ਕਿਹੜਾ ਲੰਘਣ ਨੂੰ ਜੀਅ ਕਰਦੈ। ਇੱਕ ਵਾਰ ਬੱਕਰੀ ਭੱਜ ਗਈ ਤੀ, ਰੱਸੀ ਤੁੜਾ ਕੇ ਪਲਾਟ 'ਚ ਜਾ ਵੜੀ। ਮੇਰਾ ਤਾਂ ਨੱਕ ਰਾਹੀਂ ਸਾਹ ਲੈਣਾ ਵੀ ਔਖਾ ਹੋ ਗਿਆ। ਗੰਦ-ਮੰਦ ਨਾਲ ਪੈਰ ਵੀ ਲਿੱਬੜ ਗਏ। ਤੀਵੀਂਆਂ ਦੇ ਬੁੱਜੇ ਥਾਂ-ਥਾਂ ਖਿੰਡੇ ਪਏ। ਬੱਕਰੀ ਪਰਲੇ ਪਾਰ ਨਿਕਲਗੀ। ਮੈਂ ਵੀ ਸ਼ੁਕਰ ਮਨਾਇਆ। ਘਰ ਆ ਕੇ ਸਾਰਾ ਦਿਨ ਮੈਨੂੰ ਨੱਕ ਥਾਣੀ ਉਹੋ-ਜਿਹੀ ਮੁਸ਼ਕ ਈ ਆਈ ਗਈ।

ਉਦੋਂ ਮੈਨੂੰ ਪਹਿਲੀ ਵਾਰ ਭੰਗੀਆਂ ਨਾਲ ਹਮ-ਦਰਦੀ ਹੋਈ ਸੀ। ਇੱਕ ਦੋ ਘਰ ਈ ਨੇ ਸਾਰੇ ਪਿੰਡ 'ਚ ਉਨ੍ਹਾਂ ਦੇ, ਉਹ ਵੀ ਟੋਭੇ ਦੇ ਪਰ੍ਹਾਂ ਗੰਦ-ਮੰਦ 'ਚ। ਵਿਚਾਰੇ ਸਾਰੇ ਪਿੰਡ ਦਾ ਗੰਦ-ਮੰਦ ਚੁੱਕ ਕੇ ਆਪਣੇ ਘਰਾਂ ਕੋਲ 'ਕੱਠਾ ਕਰ ਸੁੱਟ ਲੈਂਦੇ ਨੇ। ਤੇ ਬਦਲੇ 'ਚ ਕੀ ਮਿਲਦੈ... ਖਾਣ ਨੂੰ ਦੋ ਟੁੱਕ... ਉਹ ਵੀ ਬਾਕੀ ਬਚੀ ਜੂਠ ਦੇ।

ਜਦੋਂ ਦੀ ਦੀਪੋ ਤੁਰ ਗਈ ਐ, ਮੇਰਾ ਘਰ 'ਚ ਜੀਅ ਨੀ ਲੱਗਦਾ। ਮੈਂ ਤਾਂ ਕੁੜੀਆਂ ਕਰਕੇ ਈ ਆ ਜਾਨਾਂ ਘਰ। ਦੀਪੋ ਦਾ ਪਤਾ ਨਹੀਂ ਸੀ ਉਹ ਏਨੀ ਛੇਤੀ ਤੁਰ ਜਾਊ। ਸਾਰਾ ਘਰ ਈ ਡੋਲ ਗਿਆ। ਰੱਬ ਨੇ ਬਿਮਾਰੀਆਂ ਵੀ ਤਾਂ ਗ਼ਰੀਬਾਂ ਨੂੰ ਈ ਦਿੱਤੀਐਂ। ਕੀ ਪਤਾ ਤੀ ਹੋਣੀ ਦਾ। ਚਾਅ ਤਾਂ ਉਹਨੂੰ ਮੁੰਡੇ ਦੇ ਜਨਮ ਦਾ ਸੀ, ਪਰ ਭਾਣਾ ਹੋਰ ਈ ਵਾਪਰ ਗਿਆ।

''ਵੇਖੀਂ ਸ਼ਿੰਦੋ ਦੇ ਬਾਪੂ... ਐਤਕੀਂ ਰੱਬ ਮੁੰਡਾ ਈ ਦੇਊ... ਆਪਾਂ ਕਿਹੜਾ ਰੱਬ ਦੇ ਮਾਂਹ ਮਾਰੇ ਐ।'' ਦੀਪੋ ਖ਼ੁਸ਼ ਹੋ-ਹੋ ਕਹਿੰਦੀ ਸੀ। ਪਰ ਜਦੋਂ ਉਹਨੂੰ ਪੀੜਾਂ ਉੱਠੀਆਂ, ਪਿੰਡ ਦੀ ਦਾਈ ਦੀ ਰਮਜ਼ 'ਚ ਵੀ ਕੁਝ ਨਾ ਪਿਆ ਸਗੋਂ ਸ਼ਹਿਰ ਦੀ ਡਾਕਟਰਨੀ ਕੋਲ ਛੇਤੀ ਲਿਜਾਣ ਨੂੰ ਕਹਿਣ ਲੱਗੀ। ਨੰਬਰਦਾਰਾਂ ਤੋਂ ਉਧਾਰੇ ਪੈਸੇ ਫੜ੍ਹ ਸ਼ਹਿਰ ਲੈ ਗਏ।



''ਬੱਚੇ ਨੂੰ ਖ਼ਤਰੈ ਭਾਈ। ਦਸ-ਪੰਦਰਾਂ ਹਜ਼ਾਰ ਦਾ ਖ਼ਰਚ ਆਊ।'' ਗਲੇ 'ਚ ਪਾਈਪ ਜਿਹੀ ਪਾਈ ਡਾਕਟਰਨੀ ਬੋਲੀ ਸੀ।

ਬੱਚਾ ਵੱਡੇ ਅਪਰੇਸ਼ਨ ਨਾਲ ਹੋਇਆ ਉਹ ਵੀ ਕੁੜੀ। ਡਾਕਟਰਨੀ ਦੀਪੋ ਨੂੰ ਨਾ ਬਚਾ ਸਕੀ।

''ਕੋਈ ਨੀ ਪੁੱਤ ਮਾੜਿਆ... ਜਿਹਨੇ ਦਿੱਤੀਆਂ ਨੇ ਉਹ ਰਿਜ਼ਕ ਵੀ ਦੇਊ...। ਦਿਲ ਨਾ ਸੁੱਟੀਂ।'' ਤਾਈ ਹਮੇਸ਼ਾ ਮੈਨੂੰ ਢਾਰਸ ਦਿੰਦੀ ਰਹਿੰਦੀ ਸੀ। ਤਾਈ ਦਾ ਮੇਰੇ ਪ੍ਰਤੀ ਇੰਨਾ ਪਿਆਰ ਮੈਨੂੰ ਬੜਾ ਚੰਗਾ ਲੱਗਦਾ ਸੀ। ਤਾਈ ਹੁਰੀਂ ਰਿਸ਼ਤੇ 'ਚੋਂ ਵੀ ਸਾਡੇ ਕੀ ਲੱਗਦੇ ਸਨ ਤੇ ਦੂਜੇ ਪਾਸੇ ਮੇਰਾ ਆਪਣਾ ਸਕਾ ਭਰਾ ਸੀ। ਜਦੋਂ ਦੀ ਉਹਨੇ ਚੁੜੇਲ ਜਿਹੀ ਤੀਵੀਂ ਘਰ ਲਿਆਂਦੀ ਹੈ, ਉਹਨੇ ਹਮਦਰਦੀ ਦਾ ਇੱਕ ਬੋਲ ਵੀ ਕਦੇ ਮੇਰੇ ਨਾਲ ਸਾਂਝਾ ਨਹੀਂ ਕੀਤਾ ਸੀ।

ਦੀਪੋ ਤੁਰ ਗਈ ਤਾਂ ... ਅਫ਼ਸੋਸ ਨੂੰ ਵੀ ਨਾ ਆਏ। ਉਦੋਂ ਮੈਨੂੰ ਪਾਲੇ ਦਾ ਚੇਤਾ ਆਉਂਦਾ। ਵਿਚਾਰੇ ਨੇ ਕੀ ਲੈਣਾ ਮੇਰੇ ਕੋਲੋਂ। ਦੀਪੋ ਦੇ ਜਾਣ ਤੋਂ ਬਾਅਦ ਮੇਰੇ ਦੁੱਖ 'ਚ ਇੱਕ ਉਹੋ ਸ਼ਰੀਕ ਹੋਇਆ। ਵਿਹਲੇ ਬੈਠੇ ਨੂੰ ਕੰਮ ਵੀ ਉਹਨੇ ਲਾਇਆ। ਕਹਿੰਦਾ- ''ਮਾੜਿਆ, ਤੁਰ ਜਾਣ ਵਾਲੇ ਦੇ ਨਾਲ ਨੀ ਜਾਇਆ ਜਾ ਸਕਦਾ... ਚੱਲ ਮੇਰੇ ਨਾਲ ਚੱਲ, ਦੋ ਸੌ ਦਿ-ਵਾਊਂ ਦਿਹਾੜੀ ਦੇ।''

ਮੈਂ ਬਿਨਾਂ ਕੁਝ ਬੋਲੇ ਤੁਰ ਪਿਆ ਉਹਦੇ ਨਾਲ। ਮਾਸਟਰ ਦੇ ਘਰ ਫਲੱਸ਼ ਪੁੱਟਣੀ ਸੀ, ਨਿਵੇਕਲੀ ਤਰ੍ਹਾਂ ਦੀ। ਚਾਰ ਟੋਏ ਪੁੱਟ ਕੇ। ਗਟਰ ਵਾਲੀ। ਇਹ ਮਾਸਟਰ ਹੁਰੀਂ ਵੀ ਸਾਡੇ ਈ ਲਾਣੇ 'ਚੋਂ ਨੇ। ਗੇਰੂ ਦਾ ਵੱਡਾ ਮੁੰਡੈ ਮਾਸਟਰ ਤੇ ਸਾਰਾ ਪਰਿਵਾਰ ਕਾਮਰੇਡ ਐ। ਵਿਹੜੇ ਵਾਲੇ ਇਨ੍ਹਾਂ ਨੂੰ ਕਾਮਰੇਟਾਂ ਦਾ ਲਾਣਾ ਕਹਿੰਦੇ ਐ। ਗੇਰੂ ਨੇ ਪੜ੍ਹਾਤਾ ਇਹਨੂੰ। ਦਸ ਪੜ੍ਹਨ ਤੋਂ ਬਾਅਦ ਕੋਈ ਕੋਰਸ ਜਿਹਾ ਕਰਕੇ ਸਕੂਲ 'ਚ ਮਾਸਟਰ ਲੱਗ ਗਿਆ। ਘਰੇ ਕੁਰਸੀ 'ਤੇ ਬੈਠੇ ਦੀ ਟੌਰ ਵੇਖਣ ਵਾਲੀ ਹੁੰਦੀ ਐ। ਸਾਡੇ ਵਿਹੜੇ ਦੇ ਵਿਹਲੜ ਸਾਰੇ ਇਹਦੇ ਆਲੇ-ਦੁਆਲੇ ਘੇਰਾ ਪਾਈ ਬੈਠੇ, ਇਹਦੀਆਂ ਗੱਲਾਂ ਸੁਣਦੇ ਹੁੰਦੇ ਐ... ਇਹ ਵੀ ਬੜੇ ਸਵਾਦ ਨਾਲ ਗੱਲਾਂ ਸੁਣਾਉਂਦੈ। ਅੱਜ ਵੀ ਛੇੜ ਲਈ ਕਥਾ। ਕਹਿੰਦਾ-

''ਭਾਈ ਜੈਤਾ ਜੇ ਉੱਚੀ ਜਾਤ ਦਾ ਹੁੰਦਾ- ਉਹਦੀ ਕਦਰ ਦੁੱਗਣੀ ਪੈਣੀ ਸੀ- ਗੁਰੂ ਗੋਬਿੰਦ ਸਿੰਘ ਨੇ ਸੱਤ ਮੈਂਬਰ ਕੌਮ ਲਈ ਵਾਰੇ ਸਨ... ਤੇ ਭਾਈ ਜੈਤਾ ਉਨ੍ਹਾਂ ਦਾ ਸਿੱਖ ਵੀ ਘੱਟ ਨਹੀਂ ਸੀ... ਉਹਨੇ ਵੀ ਗਿਆਰਾਂ ਜੀਅ ਵਾਰੇ... ਪਰ ਹੁਣ ਉਹਦਾ ਨਾਂ ਵੀ ਮਸਾਂ ਹੀ ਲੈਂਦੇ ਐ... ਵੇਖੋ ਧਰਮ 'ਚ ਵੀ ਜਾਤਾਂ-ਪਾਤਾਂ ਦੀ ਵੰਡ ਹੋ ਗਈ।'' ਫੇਰ ਉਹਨੇ ਬਾਬੇ ਬੀਰ-ਧੀਰ ਦਾ ਇਤਿਹਾਸ ਛੇੜ ਲਿਆ... ਕਹਿੰਦਾ-

''ਮਿਸਲਾਂ ਨੂੰ ਬਣਾਉਣ ਵਕਤ ਇਨ੍ਹਾਂ ਨੇ ਰੌਲਾ ਪਾਇਆ ਸੀ... ਅਖੇ ਇਹ ਤਾਂ ਰਾਜ ਸੱਤਾ ਵਾਲਾ ਕੰਮ ਹੋ ਜਾਊ... ਅਸੀਂ ਨੀ ਇਨ੍ਹਾਂ ਦੇ ਹੱਕ 'ਚ। ਉਸ ਵੇਲੇ ਦੇ ਜਥੇਦਾਰ ਨੇ ਬੀਰ ਸਿੰਘ-ਧੀਰ ਸਿੰਘ ਦੇ ਜਥੇ ਨੂੰ ਅਫ਼ਗਾਨਿ-ਸਤਾਨ ਦੀ ਸਰਹੱਦ ਵੱਲ ਤੋਰ ਦਿੱਤਾ... ਅਖੇ ਮੁਗ਼ਲਾਂ ਦੇ ਹਮਲੇ ਕਰਨ ਦੀ ਖ਼ਬਰ ਹੈ... ਪੰਥ ਦੀ ਰਾਖੀ ਕਰੋ... ਸਰਹੱਦ 'ਤੇ ਜਥਾ ਲਿਜਾ ਕੇ...। ਮਗਰੋਂ ਮਿਸਲਾਂ ਬਣਾ ਕੇ ਸਾਰੇ ਆਪੋ-ਆਪਣੇ ਜਥਿਆਂ ਦੇ ਸਰਦਾਰ ਬਣ ਗਏ। ਬਾਅਦ ਵਿੱਚ ਬਾਬਿਆਂ ਨੂੰ ਸੱਦਾ ਦਿੱਤਾ ਅਖੇ ਅੰਬਰਸਰ ਜਥੇ ਨੂੰ ਪਹੁੰਚਣ ਦਾ ਹੁਕਮ ਐ... ਮੁਗ਼ਲਾਂ ਦੇ ਹਮਲੇ ਦਾ ਡਰ ਐ... ਸਾਰੇ ਪਹਿਲਾਂ ਤਰਨਤਾਰਨ 'ਕੱਠੇ ਹੋਵੋ... ਤਰਨਤਾਰਨ ਜਥੇ ਦੇ ਪਹੁੰਚਣ ਤੋਂ ਬਾਅਦ ਪੰਜ-ਪੰਜ ਦੇ ਟੋਲੇ ਬਣਾ ਕੇ ਅੰਬਰਸਰ ਵੱਲ ਤੋਰਿਆ ਗਿਆ... ਪਰ ਪਹੁੰਚਿਆ ਉੱਥੇ ਜਥੇ ਦਾ ਇੱਕ ਵੀ ਜਣਾ ਨਾ। ਵੇਖਿਆ ਇਤਿਹਾਸ 'ਚ ਇਸ ਕਾਰੇ 'ਤੇ ਜਮ੍ਹਾਂ ਹੀ ਚੁੱਪ ਵੱਟ ਲਈ ਗਈ।'' ਮੈਂ ਮਿੱਟੀ ਪੁੱਟੀ ਗਿਆ, ਪਾਲਾ ਕੱਢੀ ਗਿਆ। ਮਾਸਟਰ ਪੂਰੇ ਜੋਸ਼ 'ਚ ਬੋਲੀ ਗਿਆ ਸੀ। ਸਾਨੂੰ ਉਹਦੀਆਂ ਗੱਲਾਂ ਦੀ ਕੋਈ ਬਹੁਤੀ ਸਮਝ ਨਾ ਆਈ। ਸ਼ਾਮ ਨੂੰ ਉਹਨੇ ਪੀਣ ਲਈ ਸੰਤਰੇ ਦੀ ਬੋਤਲ ਵੀ ਦੇ ਦਿੱਤੀ। ਪਾਲੇ ਨੇ ਮੋਟਾ ਜਿਹਾ ਪੈੱਗ ਸੰਘੋਂ ਲੰਘਾ ਕਿਹਾ, ''ਮਾ-ੜਆ... ਮਾਸ਼ਟਰ ਨੂੰ ਆਉਂਦੀਐ ਗੱਲਾਂ... ਤੂੰ ਦੱਸ ਕਿੰਨੇ ਵਾਰ ਗਿਐਂ ਇਹਦੇ ਘਰ... ਕਦੇ ਬਰੋਬਰ ਕੁਰਸੀ 'ਤੇ ਬਿਠਾਇਆ ਇਹਨੇ...? ਤੈਨੂੰ ਮੈਂ ਦੱਸਾਂ... ਇਹਨੇ ਐਮ.ਐਲ.ਏ. ਤੋਂ ਸਫ਼ਾਰਸ਼ ਪੁਆ ਅਪਣੇ ਛੋਟੇ ਭਾਈ ਨੂੰ ਤੇਲ ਦਾ ਡਿੱਪੂ ਦਵਾਤਾ... ਵੇਖ ਲੈ ਸਾਲ 'ਚ ਈ ਕਿੰਨਾ ਅਮੀਰ ਹੋ ਗਿਆ ਉਹ... ਰਾਸ਼ਨ 'ਚ ਕਦੇ ਕਿਸੇ ਨੂੰ ਕੁਝ ਨੀਂ ਦਿੰਦਾ। ਢੋਲ ਦੇ ਢੋਲ ਤੇਲ ਦੇ ਬਾਹਰ ਈ ਗਿੱਟ-ਮਿੱਟ ਕਰਕੇ ਵੇਚ ਦਿੰਦੈ ਪੰਪ ਆਲਿਆਂ ਨੂੰ। ਜੇ ਕੋਈ ਰਾਸ਼ਨ ਕਾਰਡ 'ਤੇ ਲੈਣ ਆਊ ਤਾਂ ਅੱਗੋਂ ਕਹੂ ਕਿੱਲਤ ਚੱਲ ਰਹੀ ਐ... ਪਿੱਛੋਂ ਨੀ ਆਇਆ।''

''ਹਾਂ ਇਹ ਤਾਂ ਤੇਰੀ ਸੱਚੀ ਗੱਲ ਐ... ਵੱਡੇ ਭਾਈ।'' ਮੈਨੂੰ ਵੀ ਸਰੂਰ ਜਿਹਾ ਆ ਗਿਆ ਸੀ। ਇੱਕ ਮੋਟਾ ਜਿਹਾ ਪੈੱਗ ਉਹਨੇ ਹੋਰ ਖਿੱਚ ਲਿਆ ਤੇ ਹੋ ਗਿਆ ਦੁਬਾਰਾ ਸਟਾਰਟ- ''ਲੈ ਉਦੋਂ ਡੀ.ਸੀ. ਰੇਟ ਦੀ ਦਿਹਾੜੀ ਦਾ ਜਦੋਂ ਰੌਲਾ ਪਿਆ ਤਾਂ ਇਹੋ ਮਾਸ਼ਟਰ ਸਾਡੇ ਨਾਲ ਨੀ ਖੜ੍ਹਿਆ। ਕਹਿੰਦਾ ਵਿਹੜੇ ਵਾਲਿਓ ਤੁਸੀਂ ਗੁੱਸਾ ਨਾ ਕਰਿਓ... ਮੈਂ ਤਾਂ ਸਰਕਾਰੀ ਮੁਲਾਜ਼ਮ ਆਂ... ਤੁਹਾਡੇ ਨਾਲ ਇਸ ਗੱਲ 'ਤੇ ਨੀ ਖੜ੍ਹ ਸਕਦਾ... ਅੰਦਰੋਂ ਥੋਡੇ ਨਾਲ ਆਂ। ਪਿੱਛੋਂ ਪਤਾ ਲੱਗਾ ਸਰਪੰਚ ਨੇ ਐਮ.ਐਲ.ਏ. ਕੋਲ ਕਹਿ ਕੇ ਇਹਦੀ ਬੋਲਤੀ ਬੰਦ ਕਰਤੀ ਸੀ। ਫਿਰ ਵਿਹੜੇ ਆਲਿਆਂ ਨੇ ਆਪਣੇ ਬਲਬੂਤੇ ਈ ਰੌਲਾ ਪਾਇਆ ਦਿਹਾੜੀ ਦਾ ਰੇਟ ਤੈਅ ਕਰਨ ਦਾ। ਉਧਰੋਂ ਜਿਮੀਂਦਾਰ ਵੀ ਇਕੱਠੇ ਹੋ ਗਏ। ਗੁਰੂ ਘਰੋਂ ਲੌਸਮੈਂਟ ਕਰਾਤੀ- 'ਅਖੇ ਇਨ੍ਹਾਂ ਨੂੰ ਆਪਣੇ ਖੇਤਾਂ 'ਚ ਨਾ ਵੜਨ ਦਿਉ... ਸਾਰੇ ਕੰਮ ਆਪਾਂ ਰਲਮਿਲ ਕੇ ਕਰਾਂਗੇ... ਪੰਦਰਾਂ-ਵੀਹ ਦਿਨ ਤਾਂ ਆਪਣੇ ਬੰਦੇ ਵੀ ਪੱਕੇ ਰਹੇ... ਪਰ ਫਿਰ ਹਥਿਆਰ ਸਿੱਟਣੇ ਪਏ। ਉਹੋ ਬੰਦੇ ਸਮਝੌਤੇ 'ਚ ਅੱਗੇ ਆ ਗਏ। ਤਿੰਨ ਸੌ ਦੀ ਥਾਏਂ ਦੋ ਸੌ ਤੀਹ ਰੁਪਏ ਦਿਹਾੜੀ ਦੇ ਹੀ ਵਧੇ... ਕੀ ਪੱਲੇ ਪਿਆ ਛੁਣਛੁਣਾ? ਨਾਲੇ ਖਾਹ-ਮਖਾਹ ਵੈਰ ਪੁਆ ਲਿਆ।''

ਮੈਂ ਵੇਖਿਆ ਪਾਲੇ ਦੀਆਂ ਅੱਖਾਂ ਲਾਲ ਹੋ ਗਈਆਂ ਸਨ। ਉਹਦਾ ਸਾਰਾ ਸਰੀਰ ਪੱਥਰ ਵਾਂਗ ਸਖ਼ਤ ਹੁੰਦਾ ਜਾ ਰਿਹਾ ਸੀ। ''ਚੱਲ ਬਾਈ ਚੱਲੀਏ... ਨ੍ਹੇਰਾ ਹੋ ਗਿਆ।'' ਮੈਂ ਉਹਦੀ ਬਾਂਹ ਫੜ ਘਰ ਵੱਲ ਲੈ ਆਇਆ ਸਾਂ। ਦਾਰੂ ਦਾ ਕੀ ਪਤੈ, ਨਸ਼ੇ 'ਚ ਬੰਦਾ ਕੀ ਕਰ ਦੇਵੇ। ਇਹੋ ਸੋਚ ਡਰ ਗਿਆ ਸਾਂ ਉਦੋਂ।

ਮਿੱਟੀ ਪੁੱਟਣ ਦਾ ਕੰਮ ਕਰਦੇ-ਕਰਦੇ ਮੇਰੇ ਢਿੱਡ 'ਚ ਪੀੜ ਜਿਹੀ ਉੱਠਣ ਲੱਗ ਪਈ। ਕਈ ਵਾਰ ਤਾਂ ਅਣਗੌਲੀ ਕਰ ਗਿਆ। ਪਰ ਦਰਦ ਹੋਰ ਜ਼ਿਆਦਾ ਵਧਣ ਲੱਗਾ। ਹਾਰ ਕੇ ਡਾਕਟਰ ਨੂੰ ਵਿਖਾਇਆ। ਅਲਟਰਾਸੌਂਡ ਕੀਤੀ ਪਤਾ ਲੱਗਾ ਬਈ ਮੇਰੇ ਤਾਂ ਗੁਰਦਿਆਂ 'ਚ ਤਿੰਨ ਪਥਰੀਆਂ ਬਣੀਆਂ ਪਈਆਂ ਨੇ। ਉਹਨੇ ਦਾਰੂ ਲਿਖਤੀ। ਕਹਿੰਦਾ- ਭਾਰੀ ਕੰਮ ਨਾ ਕਰੀਂ... ਜੇ ਪਥਰੀਆਂ ਇੰਜ ਨਾ ਨਿੱਕਲੀਆਂ ਤਾਂ ਫੇਰ ਅਪ੍ਰੇਸ਼ਨ ਕਰਨਾ ਪਊ। ਉਦਾਸ ਜਿਹਾ ਮੈਂ ਪਿੰਡ ਪਰਤ ਆਇਆ।

ਇੱਕ ਦੋ ਵਾਰ ਮਨ ਮਾਰ ਕੇ ਪਾਲੇ ਨਾਲ ਦਿਹਾੜੀ 'ਤੇ ਗਿਆ, ਪਰ ਦਰਦ ਫਿਰ ਉੱਠ ਆਇਆ ਕਰੇ। ਹਾਰ ਕੇ ਮੈਂ ਘਰ ਈ ਰਹਿਣ ਲੱਗ ਪਿਆ। ਲਾਲਾਂ ਵਾਲੇ ਪੀਰਖਾਨੇ 'ਚ ਵੀਰਵਾਰ ਨੂੰ ਮੇਰੀ ਵੱਡੀ ਕੁੜੀ ਸ਼ਿੰਦੋ ਪਤਾਸੇ ਤੇ ਲੱਡੂ ਵੇਚਣ ਜਾਇਆ ਕਰਦੀ ਸੀ। ਇੱਕ ਦਿਨ ਉਹਨੇ ਘਰ ਆ ਕੇ ਕਿਹਾ- ''ਬਾਪੂ ਬਾਪੂ, ਅੱਜ ਪੀਰ ਦੀ ਮਜ਼ਾਰ 'ਤੇ ਬਹੁਤ ਅਮੀਰ ਬੰਦਾ ਮੱਥਾ ਟੇਕ ਕੇ ਗਿਐ... ਦੋ ਹਜ਼ਾਰ ਦਾ ਨੋਟ ਨਾਲੇ ਚਾਦਰ ਚੜ੍ਹਾਈ ਸੀ ਉਹਨੇ।''

ਮੈਂ ਉਹਦੇ ਵੱਲ ਵੇਖ ਸੋਚਿਆ, ਕੀ ਮੇਰੀ ਕਿਸਮਤ ਐ? ਸਾਰੀ ਰਾਤ ਉਧੇੜ-ਬੁਣ 'ਚ ਪਿਆ ਰਿਹਾ। ਕਿਉਂ ਨਾ ਰੱਬ ਦੇ ਘਰੋਂ ਈ ਆਸਰਾ ਲੈ ਲਈਏ? ਅਗਲੇ ਦਿਨ ਹਨੇਰ ਪਏ ਮੈਂ ਪੀਰਖਾਨੇ ਵੱਲ ਚਾਲੇ ਪਾ ਦਿੱਤੇ। ਬੁੱਢਾ ਸੇਵਾਦਾਰ ਸੁਲਫ਼ੇ ਦੇ ਨਸ਼ੇ 'ਚ ਧੁੱਤ ਸੁੱਤਾ ਪਿਆ ਸੀ। ਮੈਂ ਇੱਕ ਬੋਰੀ 'ਚ ਜਿੰਨੀ ਕਣਕ ਚੁੱਕੀ ਜਾ ਸਕਦੀ ਸੀ ਭਰੀ ਤੇ ਮਲਕ ਦੇਣੀ ਘਰ ਆ ਗਿਆ। ਸਵੇਰ ਨੂੰ ਪੀਰਖਾਨੇ ਦੀ ਕਮੇਟੀ ਵਾਲੇ ਮੇਰੇ ਘਰ ਆ ਗਏ। ਮਿੰਦਰ ਮੈਂਬਰ ਸਭ ਤੋਂ ਮੂਹਰੇ ਸੀ।

ਬਾਅਦ 'ਚ ਪਤਾ ਲੱਗਾ ਜਿਸ ਬੋਰੀ 'ਚ ਮੈਂ ਕਣਕ ਪਾ ਕੇ ਚੁੱਕ ਲਿਆਇਆ ਸਾਂ ਉਹ ਪਾਟੀ ਹੋਈ ਸੀ ਤੇ ਕਣਕ ਮੇਰੇ ਘਰ ਤੱਕ ਡੁੱਲ੍ਹਦੀ ਆਈ ਸੀ। ਮਿੰਦਰ ਹੁਰਾਂ ਤਾਂ ਕਾਫ਼ੀ ਰੌਲਾ ਪਾਇਆ ਮੈਨੂੰ ਵਿਹੜੇ ਤੋਂ ਛੇਕ ਦੇਣ ਬਾਰੇ, ਪਰ ਤਾਏ ਟੇਕੇ ਹੁਰੀਂ ਅੜ ਗਏ ਮੇਰੀ ਹਮਾਇਤ 'ਚ। ਮਸ੍ਹਾਂ ਗ੍ਰਹੁ ਟਲਿਆ ਸੀ।

'ਗ੍ਰਹੁ ਤਾਂ ਹੁਣ ਸਾਰੇ ਟਲ ਜਾਣਗੇ ਮਾੜਿਆ... ਬੱਸ ਇੱਕ ਦੋ ਦਿਨਾਂ ਦੀ ਦੇਰ ਐ।' ਮਨ 'ਚ ਫਿਰ ਜੁਗਤ ਭਾਰੂ ਹੋ ਗਈ ਐ। ਮੈਨੂੰ ਲੱਗਦੈ ਹੁਣ ਸਭ ਤਕਲੀਫ਼ਾਂ ਦੂਰ ਹੋ ਜਾਣਗੀਆਂ।

''ਬਾਪੂ, ਚਾਹ ਪੀ ਲੈ।'' ਵੱਡੀ ਕੁੜੀ ਸ਼ਿੰਦੋ ਦੇ ਬੋਲਾਂ ਨੇ ਮੇਰੀਆਂ ਸੋਚਾਂ ਨੂੰ ਤੋੜ ਕੇ ਰੱਖ ਦਿੱਤਾ ਹੈ। ਮੈਂ ਚਾਹ ਦੀ ਬਾਟੀ ਹੱਥ 'ਚ ਫੜ, ਵਿਹੜੇ ਵੱਲ ਨਜ਼ਰ ਮਾਰਦਾਂ।

''ਛੋਟੀਆਂ ਕਿੱਧਰ ਨੇ?'' ਦੂਜੀਆਂ ਕੁੜੀਆਂ ਦਾ ਖਿਆਲ ਆਉਂਦੇ ਹੀ ਸ਼ਿੰਦੋ ਤੋਂ ਪੁੱਛਦਾ ਹਾਂ। ''ਉਹ ਤਾਂ ਬਾਪੂ... ਤਾਰੋ ਮਾਸੀ ਘਰੇ ਟੀ.ਵੀ. ਵੇਖਣ ਗਈਆਂ ਨੇ।''

'ਟੀ.ਵੀ.' ਬਾਰੇ ਸੁਣ ਮੇਰੀ ਜੁਗਤ ਫਿਰ ਉੱਛਲਣ ਲੱਗ ਪਈ ਐ।

ਉਸ ਦਿਨ ਵੀ ਪਾਲੇ ਦੇ ਘਰ ਟੀ.ਵੀ. ਚੱਲਦਾ ਸੀ। ਕਿਸੇ ਦਾ ਬੱਚਾ ਡਿੱਗਾ ਸੀ ਟੋਏ 'ਚ, ਲੋਕਾਂ ਦਾ 'ਕੱਠ ਹੀ 'ਕੱਠ। ਖ਼ਬਰਾਂ ਵਾਲੀ ਕੁੜੀ ਦੱਸਦੀ ਸੀ ਕਿ ਲੋਕਾਂ ਨੇ ਉਸ ਬੱਚੇ ਲਈ ਕਿੰਨਾ ਰੁਪਇਆ 'ਕੱਠਾ ਕਰ ਦਿੱਤਾ ਹੈ। ਉਹ ਗ਼ਰੀਬ ਘਰ ਦਾ ਮੁੰਡਾ ਸੀ।

''ਮੈਂ ਵੀ ਤਾਂ ਗ਼ਰੀਬ ਈ ਆਂ।'' ਮੇਰੇ ਮਨ 'ਚ ਵੀ ਜੁਗਤ ਆਉਣ ਲੱਗ ਪਈ ਸੀ। ਮੈਂ ਵੀ ਆਪਣੀਆਂ ਕੁੜੀਆਂ ਬਾਰੇ ਸੋਚਣ ਲੱਗ ਪਿਆ ਸਾਂ। ''ਸ਼ਿੰਦੋ! ਨਹੀਂ, ਸ਼ਿੰਦੋ ਬਹੁਤ ਵੱਡੀ ਹੈ। ਮੀਤੋ, ਨਹੀਂ ਮੀਤੋ ਵੀ ਠੀਕ ਨਹੀਂ। ਨਿੱਕੀ! ਹਾਂ ਨਿੱਕੀ ਈ ਠੀਕ ਰਹੂ।'' ਮੈਂ ਵੀ ਉਧੇੜ-ਬੁਣ 'ਚ ਲੱਗ ਗਿਆ ਸਾਂ।

''ਜਾਹ ਪਾਲੇ ਘਰੋਂ ਨਿੱਕੀ ਨੂੰ ਬੁਲਾ ਲਿਆ।''

''ਚੰਗਾ, ਬਾਪੂ।'' ਆਖ ਉਹ ਚਲੀ ਗਈ ਹੈ। ਹੁਣ ਹੋਰ ਭੁੱਖੇ ਨਹੀਂ ਮਰਿਆ ਜਾਂਦਾ, ਮਾੜਿਆ। ਛੇਕੜ ਦੋ ਕੁੜੀਆਂ ਦੇ ਤਾਂ ਭਾਗ ਖੁੱਲ੍ਹ ਹੀ ਜਾਣਗੇ। ''ਬਾਹਰ ਖੇਡਦੀ ਫਿਰਦੀ ਸੀ ਤਾਂ ਇਹ ਭਾਣਾ ਵਾਪਰ ਗਿਆ।'' ਮੈਂ ਤਾਂ ਸਾਰਿਆਂ ਨੂੰ ਇਹੋ ਦੱਸੂੰ। ਨਿੱਕੀ ਨੂੰ ਕੁੱਛੜ ਚੁੱਕ ਮੈਂ ਘਰੋਂ ਬਾਹਰ ਨਿਕਲ ਆਇਆ ਹਾਂ। ਟੋਏ ਵੱਲ।

''ਬਾਪੂ, ਮੈਨੂੰ ਟੌਫ਼ੀਆਂ ਲੈ ਕੇ ਦੇਵੇਂਗਾ?'' ਨਿੱਕੀ ਮੇਰੀ ਦਾੜ੍ਹੀ 'ਤੇ ਹੱਥ ਫੇਰਦੀ ਬੋਲੀ ਹੈ। ਮੈਂ ਉਹਦੇ ਚਿਹਰੇ ਵੱਲ ਵੇਖਣ ਲੱਗ ਪਿਆਂ। ਹੈਂ! ਇਹਦੀ ਸ਼ਕਲ-ਸੂਰਤ ਤਾਂ ਜਮਾਂ ਦੀਪੋ 'ਤੇ ਗਈ ਹੈ। ਮੇਰੀ ਸੁਰਤ 'ਚ ਦੀਪੋ ਆ ਗਈ ਹੈ। ਟੋਏ ਕੋਲ ਆ, ਮੈਂ ਰੁਕ ਗਿਆ ਹਾਂ। ਮੈਨੂੰ ਦੀਪੋ ਦੇ ਬੋਲ ਕਿਉਂ ਸੁਣਾਈ ਦੇਣ ਲੱਗ ਪਏ ਹਨ।

''ਇਹ ਕੀ ਕਰਦੈਂ, ਸ਼ਿੰਦੋ ਦੇ ਬਾਪੂ... ਮੈਂ ਨਿੱਕੀ ਨੂੰ ਜਿਉਂਦੇ ਰੱਖਣ ਲਈ ਖ਼ੁਦ ਨੂੰ ਮਾਰ ਲਿਆ... ਤੇ ਤੂੰ ਇਹਨੂੰ ਮਾਰਨ ਦੀ ਸੋਚੀ ਬੈਠੈਂ।''

ਮੇਰੇ ਹੱਥ ਜਿਵੇਂ ਕਿਸੇ ਨੇ ਨਿੱਕੀ ਨਾਲ ਬੰਨ੍ਹ ਦਿੱਤੇ ਹੋਣ। ਗੁੰਮ-ਸੁੰਮ ਹੋਇਆ ਮੈਂ ਟੋਏ ਕੋਲ ਪੱਥਰ ਬਣ ਗਿਆ ਹਾਂ। ਮੇਰੇ ਕੋਲੋਂ ਨਿੱਕੀ ਨੂੰ ਟੋਏ 'ਚ ਸੁੱਟਿਆ ਨਹੀਂ ਜਾ ਰਿਹਾ।

# ਕਾਂਗਰਸ ਦੀ ਵਿਚਾਰਧਾਰਕ ਲੜਾਈ ਅਤੇ ਚੋਣਾਂ



ਰਾਜੇਸ਼ ਰਾਮਚੰਦਰਨ

ਮੀਡੀਆ ਰਿਪੋਰਟਾਂ, ਪ੍ਰੈੱਸ ਕਾਨਫਰੰਸਾਂ ਅਤੇ ਕਿਆਸ ਅਰਾਈਆਂ ਦੇ ਆਧਾਰ ’ਤੇ ਸਾਫ਼ ਸੰਕੇਤ ਦਰਸਾਉਣ ਅਤੇ ਚੋਣ ਨਤੀਜਿਆਂ ਦੀ ਭਵਿੱਖਬਾਣੀ ਲਈ ਜੀਅ ਲਲਚਾਉਂਦਾ ਹੈ। ਦਰਅਸਲ, ਬਹੁਤੀ ਵਾਰ ਚੋਣਾਂ ਤੋਂ ਪਹਿਲਾਂ ਦੀ ਸਮੀਖਿਆ ਅੱਖੋਂ ਓਝਲ ਹੋ ਜਾਂਦੀ ਹੈ। ਫਿਰ ਜਿਵੇਂ ਜੋਤਸ਼ੀ, ਸਿਆਸੀ ਸਮੀਖਿਅਕ ਆਪਣੀਆਂ ਝੂਠੀਆਂ ਪੇਸ਼ੀਨਗੋਈਆਂ ਦਾ ਠੀਕਰਾ ਨਛੱਤਰਾਂ ਦੀ ਬਜਾਇ ਸਿਆਸਤਦਾਨਾਂ ਸਿਰ ਇਵੇਂ ਭੰਨਦੇ ਹਨ: “ਜੇ ਉਨ੍ਹਾਂ ਨੇ ਇੰਝ ਜਾਂ ਫਿਰ ਉਂਝ ਤੇ ਕੁਝ ਹੋਰ ਕੀਤਾ ਹੁੰਦਾ ਤਾਂ।” ਇਸ ਲਈ ਚੋਣ ਨਤੀਜਿਆਂ ਦੀ ਭਵਿੱਖਬਾਣੀ ਤੋਂ ਜਿੰਨਾ ਬਚਿਆ ਜਾ ਸਕਦਾ ਹੈ, ਓਨਾ ਹੀ ਚੰਗਾ ਹੈ।

ਬਹਰਹਾਲ, ਇਕ ਚੋਣ ਸਰਵੇਖਣ ਕੰਪਨੀ ਵਲੋਂ ਐਕਸ ’ਤੇ ਪਾਈ ਪੋਸਟ ਡਿਲੀਟ ਕਰਨ ਅਤੇ ਝੂਠੇ ਚੋਣ ਸਰਵੇਖਣ ਬਾਰੇ ਪੈ ਰਹੇ ਰੌਲੇ-ਰੱਪੇ ਨੂੰ ਅੱਖੋਂ ਓਹਲੇ ਕਰਨਾ ਬਹੁਤ ਔਖਾ ਹੈ। ਚੋਣ ਸਰਵੇਖਣਕਾਰ ਪ੍ਰਦੀਪ ਗੁਪਤਾ ਦੀ ‘ਐਕਸਿਸ ਮਾਇ ਇੰਡੀਆ’ ਦੇ ਹੈਂਡਲ ’ਤੇ ਡਿਲੀਟ ਕੀਤੀ ਪੋਸਟ ਵਿਚ ਕਿਹਾ ਗਿਆ ਸੀ ਕਿ 13 ਸੂਬਿਆਂ ਵਿਚ ਪਹਿਲੇ ਗੇੜ ਦੇ ਮਤਦਾਨ ਤੋਂ ਪਹਿਲਾਂ ਭਾਜਪਾ ਨੂੰ ਬਹੁਤ ਕਠਿਨ ਲੜਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ; ਤੇ ਫਿਰ ਇਸੇ ਏਜੰਸੀ ਦੇ ਹਵਾਲੇ ਨਾਲ ਕਰਵਾਏ ਚੋਣ ਸਰਵੇਖਣ ਵਿਚ ਕਿਹਾ ਗਿਆ ਕਿ ਭਾਜਪਾ ਦੀ ਅਗਵਾਈ ਵਾਲੇ ਐੱਨਡੀਏ ਨੂੰ ਹਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਥੋੜ੍ਹੀ ਦੇਰ ਬਾਅਦ ਹੀ ਇਹ ਖ਼ਬਰ ਆ ਗਈ ਕਿ ‘ਐਕਸਿਸ ਮਾਇ ਇੰਡੀਆ’ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਜਾਣਕਾਰੀ ਝੂਠੀ ਸੀ ਅਤੇ ਅਸਲ ਵਿਚ ਇਸ ਕੰਪਨੀ ਨੇ ਚੋਣ ਸਰਵੇਖਣ ਨਹੀਂ ਸਗੋਂ ਐਗਜ਼ਿਟ ਪੋਲ ਕੀਤੇ ਹਨ।

ਉਂਝ, ਇਹ ਗੱਲ ਸਾਫ਼ ਨਜ਼ਰ ਆ ਰਹੀ ਹੈ ਕਿ 2019 ਦੀਆਂ ਆਮ ਚੋਣਾਂ ਵਿਚ ਜਿਨ੍ਹਾਂ ਸੂਬਿਆਂ ਵਿਚ ਭਾਜਪਾ ਨੇ ਹੂੰਝਾ ਫੇਰੂ ਜਿੱਤਾਂ ਦਰਜ ਕੀਤੀਆਂ ਸਨ, ਐਤਕੀਂ ਉੱਥੇ ਇਸ ਨੂੰ ਸਖ਼ਤ ਮੁਕਾਬਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਇਸ ਤਰ੍ਹਾਂ ਦੇ ਸਖ਼ਤ ਮੁਕਾਬਲੇ ਦਾ ਵਿਰੋਧੀ ਧਿਰ ਨੂੰ ਲਾਹਾ ਲੈਣ ਲਈ ਹਰ ਕਦਮ ’ਤੇ ਭਾਜਪਾ ਨੂੰ ਟੱਕਰਨ ਲਈ ਤਿਆਰ ਵੀ ਹੋਣਾ ਪਵੇਗਾ। ਲਗਾਤਾਰ ਚੋਣ ਪ੍ਰਚਾਰ ਵਿਚ ਰੁੱਝੀ ਕਿਸੇ ਵੱਡ ਅਕਾਰੀ ਮਸ਼ੀਨ ਦਾ ਮੁਕਾਬਲੇ ਕਰਨ ਲਈ ਕਿਸੇ ਝੂਠੇ ਸਰਵੇਖਣ ਜਾਂ ਐਕਸ ’ਤੇ ਡਿਲੀਟ ਕੀਤੀ ਪੋਸਟ ਨਾਲ ਕੋਈ ਫਾਇਦਾ ਨਹੀਂ ਹੋਣਾ। ਪਹਿਲੇ ਗੇੜ ਦਾ ਮਤਦਾਨ ਹੋ ਚੁੱਕਿਆ ਹੈ ਪਰ ਕਾਂਗਰਸ ਅਜੇ ਵੀ ਤਿਆਰ ਨਜ਼ਰ ਨਹੀਂ ਆ ਰਹੀ ਹੈ। ਚੰਡੀਗੜ੍ਹ ਨੂੰ ਹੀ ਲੈ ਲਓ। ਇਸ ਸੁੰਦਰ ਸ਼ਹਿਰ ਵਿਚ ਜਿਸ ਕਿਸਮ ਦੀ ਮੌਕਾਪ੍ਰਸਤੀ ਦਾ ਨਾਟਕ ਖੇਡਿਆ ਜਾ ਰਿਹਾ ਹੈ, ਉਸ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਿਹਾ ਜਾ ਸਕਦਾ। ਦਰਅਸਲ, ਇਸ ਦੇ ਆਂਢ-ਗੁਆਂਢ ਦੀ ਸੁੰਦਰਤਾ ਇਸ ਦੇ ਸੌਦੇਬਾਜ਼ੀ ਨਾਲ ਫੁੱਲੇ ਹੋਏ ਪੇਟ ਨੂੰ ਢਕ ਲੈਂਦੀ ਹੈ। ਇਸ ਸ਼ਹਿਰ ਵਿਚ ਕਾਂਗਰਸ ਅਤੇ ਭਾਜਪਾ ਵਿਚਕਾਰ ਆਹਮੋ-ਸਾਹਮਣੇ ਮੁਕਾਬਲਾ ਹੈ ਜਿਸ ਕਰ ਕੇ ਚੋਣ ਮੁਹਿੰਮ ਚਲਾਉਣੀ ਅਤੇ ਦੋਵਾਂ ’ਚੋਂ ਜਿੱਤ ਹਾਰ ਦਾ ਫ਼ੈਸਲਾ ਮੁਕਾਬਲਤਨ ਆਸਾਨ ਹੈ। ਉਮੀਦਵਾਰ ਦਾ ਐਲਾਨ ਕਰਨ ਵਿਚ ਭਾਜਪਾ ਨੇ ਪਹਿਲ ਕਰ ਲਈ। ਇਸ ਸੀਟ ਲਈ ਇਕ ਮੌਜੂਦਾ ਐੱਮਪੀ, ਇਕ ਸਾਬਕਾ ਐੱਮਪੀ, ਪਾਰਟੀ ਦੀ ਮੁਕਾਮੀ ਇਕਾਈ ਦੇ ਦੋ ਸਾਬਕਾ ਪ੍ਰਧਾਨਾਂ ਸਮੇਤ ਚਾਰ ਜਣੇ ਟਿਕਟ ਦੇ ਦਾਅਵੇਦਾਰ ਸਨ ਪਰ ਫ਼ੈਸਲਾ ਹੋਣ ਤੋਂ ਬਾਅਦ ਬਾਕੀ ਦੇ ਦਾਅਵੇਦਾਰਾਂ ਵਲੋਂ ਨਾਰਾਜ਼ਗੀ ਪ੍ਰਗਟ ਕਰਨ ਦੀ ਕੋਈ ਕਨਸੋਅ ਨਹੀਂ ਆਈ। ਉਮੀਦਵਾਰ ਦਾ ਐਲਾਨ ਹੋਣ ਤੋਂ ਬਾਅਦ ਚੋਣ ਪ੍ਰਚਾਰ ਵੀ ਸ਼ੁਰੂ ਹੋ ਗਿਆ ਪਰ ਕਾਂਗਰਸ ਲਈ ਅਜਿਹਾ ਨਹੀਂ। ਇਸ ਦੇ ਉਮੀਦਵਾਰ ਦਾ ਐਲਾਨ ਹੋਣ ਤੋਂ ਬਾਅਦ ਪਿਛਲੀਆਂ ਦੋ ਚੋਣਾਂ ਵਿਚ ਹਾਰ ਦਾ ਮੂੰਹ ਦੇਖ ਚੁੱਕੇ ਇਸ ਦੇ ਸਾਬਕਾ ਐੱਮਪੀ ਨੇ ਚੋਣ ਪ੍ਰਚਾਰ ਦੀ ਬਜਾਇ ਵਿਦਰੋਹ ਦਾ ਝੰਡਾ ਚੁੱਕ ਲਿਆ।

ਮੁਕਾਮੀ ਮੀਡੀਆ ਵਿਚ ਪਿਛਲੇ ਇਕ ਹਫ਼ਤੇ ਤੋਂ ਅੰਦਰੂਨੀ ਖਹਿਬਾਜ਼ੀ ਦੀਆਂ ਖ਼ਬਰਾਂ ਛਪ ਰਹੀਆਂ ਸਨ। ਆਖ਼ਰਕਾਰ, ਪਾਰਟੀ ਹਾਈ ਕਮਾਂਡ ਨੇ ਹਾਰੇ ਹੋਏ ਪਰ ਅਜੇ ਤੱਕ ਅੜੇ ਹੋਏ ਆਗੂ ਨੂੰ ਸ਼ਾਂਤ ਕਰਨ ਲਈ ਆਪਣਾ ਦੂਤ ਭੇਜਿਆ।

ਸੁਲ੍ਹਾ ਲਈ ਹਾਈ ਕਮਾਂਡ ਨੇ ਕਿਹੋ ਜਿਹਾ ਫਾਰਮੂਲਾ ਪੇਸ਼ ਕੀਤਾ ਹੋਵੇਗਾ, ਇਸ ਬਾਰੇ ਕੋਈ ਵੀ ਅਨੁਮਾਨ ਲਾ ਸਕਦਾ ਹੈ। ਚੰਡੀਗੜ੍ਹ ਨੇੜਲੇ ਪਟਿਆਲਾ ਹਲਕੇ ਵਿਚ ਕਾਂਗਰਸ ਨੇ ਸਾਫ਼ ਸੁਥਰੇ ਅਕਸ ਵਾਲੇ ਅਤੇ ਮਰੀਜ਼ਾਂ ਦੇ ਹਮਦਰਦ ਗਿਣੇ ਜਾਂਦੇ ਡਾਕਟਰ ਨੂੰ ਆਪਣਾ ਉਮੀਦਵਾਰ ਬਣਾਇਆ ਜਿਸ ਨੇ 2014 ਦੀ ਚੋਣ ਵਿਚ ਮੌਜੂਦਾ ਐੱਮਪੀ ਨੂੰ ਹਰਾਇਆ ਸੀ ਪਰ ਉੱਥੇ ਵੀ ਮੁਕਾਮੀ ਕਾਂਗਰਸੀਆਂ ਲਈ ਇਹ ਸਭ ਕੁਝ ਕਾਫ਼ੀ ਨਹੀਂ ਹੈ।

ਪਟਿਆਲਾ ਹਲਕੇ ਵਿਚ ਕਾਂਗਰਸੀ ਵਰਕਰ ਅਜੇ ਵੋਟਰਾਂ ਦੇ ਦਰਾਂ ’ਤੇ ਜਾਣ ਦੀ ਬਜਾਇ ਆਪਸੀ ਕਲੇਸ਼ ਵਿਚ ਉਲਝੇ ਹੋਏ ਹਨ; ਵੋਟਾਂ ਲਈ ਮਹੀਨੇ ਤੋਂ ਕੁਝ ਦਿਨ ਹੀ ਜ਼ਿਆਦਾ ਰਹਿ ਗਏ ਹਨ। ਪੰਜਾਬ ਵਿਚ ਸੱਤਾਧਾਰੀ ‘ਆਪ’, ਮੁੱਖ ਵਿਰੋਧੀ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਰਮਿਆਨ ਚਹੁੰ ਕੋਨੇ ਮੁਕਾਬਲੇ ਹੋਣ ਦੇ ਆਸਾਰ ਹਨ ਜਿਸ ਕਰ ਕੇ ਵੋਟਰਾਂ ਕੋਲ ਕਾਫ਼ੀ ਬਦਲ ਰਹਿਣਗੇ। ਕਾਂਗਰਸ ਆਪਣੇ ਸਾਰੇ ਉਮੀਦਵਾਰ ਐਲਾਨਣ ਤੋਂ ਝਿਜਕ ਰਹੀ ਹੈ; ਬਾਕੀ ਤਿੰਨੇ ਧਿਰਾਂ ਵਿਚ ਇਸ ਕਿਸਮ ਦੀ ਅੰਦਰੂਨੀ ਖਹਿਬਾਜ਼ੀ ਨਜ਼ਰ ਨਹੀਂ ਆ ਰਹੀ। ਆਪ ਨੇ ਆਪਣੇ ਸਾਰੇ 13 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ ਅਤੇ ਜ਼ੋਰ ਸ਼ੋਰ ਨਾਲ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। ਜੇ ਪਾਰਟੀ ਨੇ ਬਾਕੀ ਧਿਰਾਂ ਤੋਂ ਨਾਰਾਜ਼ ਵੋਟਰਾਂ ਦੀ ਪਹਿਲੀ ਪਸੰਦ ਬਣਨਾ ਹੈ ਤਾਂ ਇਸ ਨੂੰ ਆਪਸੀ ਅੰਦਰੂਨੀ ਖਹਿਬਾਜ਼ੀ ਦੀ ਬਜਾਇ ਚੰਗੀ ਲੜਾਈ ਦੇਣ ਦੇ ਮਨਸ਼ੇ ਦਾ ਮੁਜ਼ਾਹਰਾ ਕਰਨ ਦੀ ਲੋੜ ਹੈ।

ਹਰਿਆਣਾ ਵਿਚ 25 ਮਈ ਨੂੰ ਵੋਟਾਂ ਪੈਣਗੀਆਂ ਪਰ ਭਾਜਪਾ ਨੇ ਮਾਰਚ ਦੇ ਅੰਤ ਵਿਚ ਹੀ ਆਪਣੇ ਸਾਰੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਸੀ। ਪੰਜਾਬ ਵਾਂਗ ਹਰਿਆਣਾ ਵਿਚ ਵੀ ਭਾਜਪਾ ਨੂੰ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨ ਪੈ ਸਕਦਾ ਹੈ। ਭਾਜਪਾ ਨੇ ਕਾਂਗਰਸ ਦੇ ਸਾਬਕਾ ਸੂਬਾਈ ਪ੍ਰਧਾਨ ਅਸ਼ੋਕ ਤੰਵਰ ਅਤੇ ਸਾਬਕਾ ਐੱਮਪੀ ਨਵੀਨ ਜਿੰਦਲ ਨੂੰ ਉਮੀਦਵਾਰ ਐਲਾਨਿਆ ਹੈ ਅਤੇ ਉਨ੍ਹਾਂ ਲੋਕਾਂ ਅੰਦਰ ਸਰਕਾਰ ਨਾਲ ਨਾਰਾਜ਼ਗੀ ’ਤੇ ਕਾਬੂ ਪਾਉਣ ਲਈ ਚੋਣ ਪ੍ਰਚਾਰ ਸ਼ੁਰੂ ਕੀਤਾ ਹੋਇਆ ਹੈ। ਇਸ ਸੂਬੇ ਵਿਚ ‘ਆਪ’ ਵਿਰੋਧੀ ਧਿਰ ਦੇ ਇੰਡੀਆ ਗੱਠਜੋੜ ਦੇ ਭਿਆਲ ਵਜੋਂ ਕੰਮ ਕਰ ਰਹੀ ਹੈ ਅਤੇ ਇਸ ਨੇ ਇਕਮਾਤਰ ਸੁਸ਼ੀਲ ਗੁਪਤਾ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ ਅਤੇ ਉਸ ਵਲੋਂ ਵੀ ਚੋਣ ਪ੍ਰਚਾਰ ਸ਼ੁਰੂ ਕੀਤਾ ਜਾ ਚੁੱਕਿਆ ਹੈ। ਉਂਝ, ਕਾਂਗਰਸ ਨੇ ਨੌਂ ਹਲਕਿਆਂ ਤੋਂ ਆਪਣੇ ਉਮੀਦਵਾਰਾਂ ਦਾ ਐਲਾਨ ਅਜੇ ਕਰਨਾ ਹੈ।

ਜਿਨ੍ਹਾਂ ਸੂਬਿਆਂ ਵਿਚ ਭਾਜਪਾ ਨੂੰ ਭਾਰੀ ਨੁਕਸਾਨ ਹੋਣ ਦਾ ਡਰ ਹੈ, ਕੀ ਉੱਥੇ ਵਿਰੋਧੀ ਧਿਰ ਦੀਆਂ ਪਾਰਟੀਆਂ ਵਲੋਂ ਉਮੀਦਵਾਰਾਂ ਦੇ ਐਲਾਨ ਵਿਚ ਦੇਰੀ ਲਈ ਭਾਰਤੀ ਲੋਕਰਾਜ ਜਾਂ ਈਵੀਐੱਮ ਨੂੰ ਕਸੂਰਵਾਰ ਠਹਿਰਾਇਆ ਜਾ ਸਕਦਾ ਹੈ? ਕਾਂਗਰਸ ਦੇ ਉਮੀਦਵਾਰਾਂ ਦੇ ਐਲਾਨ ਵਿਚ ਦੇਰੀ ਦਾ ਅਣਕਿਹਾ ਤਰਕ ਇਹ ਹੈ ਕਿ ਇਸ ਨਾਲ ਬਗ਼ਾਵਤ ਘੱਟ ਹੋਵੇਗੀ ਅਤੇ ਨੁਕਸਾਨ ਦੀ ਰੋਕਥਾਮ ਕੀਤੀ ਜਾ ਸਕਦੀ ਹੈ ਪਰ ਇਸ ਤਰ੍ਹਾਂ ਲੀਡਰਸ਼ਿਪ ਦੀ ਬਾਂਹ ਮਰੋੜਨ ਅਤੇ ਬਲੈਕਮੇਲਿੰਗ ਨੂੰ ਲੋਕਰਾਜੀ ਨੇਮ ਕਰਾਰ ਨਹੀਂ ਦਿੱਤਾ ਜਾ ਸਕਦਾ; ਇਹ ਸੱਤਾ ਦੇ ਭੁੱਖੇ ਲੋਕਾਂ ਵਲੋਂ ਇਕ ਬਹੁਤ ਹੀ ਕਮਜ਼ੋਰ ਲੀਡਰਸ਼ਿਪ ਤੋਂ ਕੀਤੀ ਜਾਣ ਵਾਲੀ ਮਹਿਜ਼ ਜਬਰੀ ਫਿਰੌਤੀ ਵਸੂਲੀ ਹੈ।

ਇਹ ਲੋਕ ਉਦੋਂ ਮਾਇਨੇ ਰੱਖਦੇ ਹਨ ਜਦੋਂ ਹਾਈ ਕਮਾਂਡ ਇੰਨੀ ਤਾਕਤਵਰ ਹੁੰਦੀ ਹੈ ਕਿ ਆਪਣੀ ਮਰਜ਼ੀ ਨਾਲ ਸੱਤਾ ਅਤੇ ਸੰਪਦਾ ਦੀ ਵੰਡ ਕਰ ਸਕੇ। ਇਹ ਲੋਕ ਜਨਤਕ ਆਗੂਆਂ ਨੂੰ ਕੁੰਡੇ ਹੇਠ ਰੱਖਣ ਵਾਸਤੇ ਔਜ਼ਾਰ ਦਾ ਕੰਮ ਦਿੰਦੇ ਹਨ ਪਰ ਹੁਣ ਪਾਰਟੀ ਲਈ ਸਿਰਦਰਦ ਸਾਬਿਤ ਹੋ ਰਹੇ ਹਨ। ਇਹ ਲੋਕ ਉਸ ਸੂਰਤ ਵਿਚ ਨੁਕਸਾਨ ਦਾ ਸਬਬ ਬਣ ਜਾਂਦੇ ਹਨ ਜਦੋਂ ਪਾਰਟੀ ਆਪਣੀ ਕਿਸੇ ਜਥੇਬੰਦਕ ਤਾਕਤ ਨਹੀਂ ਸਗੋਂ ਸੱਤਾ ਖਿਲਾਫ਼ ਲੋਕਾਂ ਦੇ ਰੋਹ ਕਾਰਨ ਜਿੱਤਣ ਦੀ ਹਾਲਤ ਵਿਚ ਹੁੰਦੀ ਹੈ। ਇਹ ਪਾਰਟੀ ਹਮੇਸ਼ਾ ਤੋਂ ਸ਼ਾਸਨ ਦੇ ਸਵਾਲ ’ਤੇ ਸੱਤਾ ਦੀ ਮੰਗ ਕਰਦੀ ਰਹੀ ਹੈ। ਹਾਲ ਹੀ ਵਿਚ ਰਾਹੁਲ ਗਾਂਧੀ ਨੇ ਇਕ ਵੀਡੀਓ ਵਿਚ ਆਖਿਆ ਸੀ ਕਿ ਕਾਂਗਰਸ ਵਿਚਾਰਧਾਰਕ ਲੜਾਈ ਲੜ ਰਹੀ ਹੈ ਅਤੇ ਇਸ ਦੇ ਵਰਕਰ ਪਾਰਟੀ ਦੀ ਰੀੜ੍ਹ ਦੀ ਹੱਡੀ ਅਤੇ ਡੀਐੱਨਏ ਹਨ। ਚੰਡੀਗੜ੍ਹ, ਪਟਿਆਲਾ ਜਾਂ ਹੋਰ ਥਾਈਂ ਟਿਕਟ ਲਈ ਮਾਰੋ-ਮਾਰ ਕਰ ਰਹੇ ਇਨ੍ਹਾਂ ਆਗੂਆਂ ਬਾਰੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਪਤਾ ਹੋਣਾ ਚਾਹੀਦਾ ਹੈ। ਜਦੋਂ ਉਨ੍ਹਾਂ ਨੂੰ ਟਿਕਟ ਤੋਂ ਨਾਂਹ ਕਰ ਦਿੱਤੀ ਜਾਂਦੀ ਹੈ ਤਾਂ ਉਹ ਬਗ਼ਾਵਤ ਕਰ ਦਿੰਦੇ ਹਨ ਤੇ ਪਾਰਟੀ ਛੱਡ ਦਿੰਦੇ ਹਨ। ਸੱਤਾ ਅਤੇ ਫਾਇਦਿਆਂ ਦੀ ਝਾਕ ਰੱਖਣ ਵਾਲੇ ਲੋਕ ਕਦੇ ਵੀ ਵਿਚਾਰਧਾਰਕ ਲੜਾਈ ਨਹੀਂ ਲੜਦੇ। ਸਾਧਾਰਨ ਕਾਂਗਰਸ ਵਰਕਰ ਉਪਰ ਵਿਚਾਰਧਾਰਾ ਦਾ ਬੋਝ ਲੱਦਣ ਦੀ ਬਜਾਇ, ਪਾਰਟੀ ਨੂੰ ਇਹ ਸਮਝਣ ਦੀ ਲੋੜ ਹੈ ਕਿ ਇਹ ਮਸਲਾ ਵਿਚਾਰਧਾਰਕ ਤੌਰ ’ਤੇ ਨਿਰਲੇਪ ਅਤੇ ਨਿਰਾਸ਼ ਵੋਟਰਾਂ ਨਾਲ ਜੁੜਿਆ ਹੋਇਆ ਹੈ। ਇਸ ਸਮੇਂ ਸੱਤਾ ’ਤੇ ਬੈਠੇ ਲੋਕਾਂ ਨੂੰ ਉਤਾਰ ਕੇ ਸੁੱਟਣ ਲਈ ਕਾਂਗਰਸ ਔਜ਼ਾਰ ਮਾਤਰ ਹੈ ਬਸ਼ਰਤੇ ਵੋਟਰ ਆਪਣਾ ਮਨ ਬਣਾ ਲਵੇ।

## ਰਾਣਾ ਗੁਰਜੀਤ ਤੇ ਰਾਣਾ ਇੰਦਰ ਪ੍ਰਤਾਪ ਦੀਆਂ ਸਰਗਰਮੀਆਂ ਕਾਰਨ ਕਾਂਗਰਸੀਆਂ ’ਚ ਹਲਚਲ

ਕੁਰਾਲੀ- ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ ਕਾਂਗਰਸ ਦੀ ਟਿਕਟ ’ਤੇ ਚੋਣ ਲੜਨ ਦੇ ਇਛੁੱਕ ਕਾਂਗਰਸ ਦੇ ਵਿਧਾਇਕ ਰਾਣਾ ਗੁਰਜੀਤ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਤੇ ਆਜ਼ਾਦ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਦੀਆਂ ਸਰਗਰਮੀਆਂ ਨੇ ਹਲਕੇ ਵਿੱਚ ਹਲਚਲ ਛੇੜ ਦਿੱਤੀ ਹੈ। ਦੋਵੇਂ ਵਿਧਾਇਕ ਪਿਓ-ਪੁੱਤਰਾਂ ਵੱਲੋਂ ਹਲਕੇ ਵਿੱਚ ਟਕਸਾਲੀ ਕਾਂਗਰਸੀਆਂ ਨਾਲ ਮੁਲਾਕਾਤਾਂ ਦਾ ਸਿਲਸਿਲਾ ਸ਼ੁਰੂ ਕੀਤਾ ਹੋਇਆ ਹੈ, ਜਿਸ ਨੂੰ ਟਿਕਟ ਮਿਲਣ ਦਾ ਸੰਕੇਤ ਮੰਨਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਸ੍ਰੀ ਆਨੰਦਪੁਰ ਸਾਹਿਬ ਦੀ ਲੋਕ ਸਭਾ ਸੀਟ ’ਤੇ ਇਸ ਵੇਲੇ ਕਾਂਗਰਸ ਪਾਰਟੀ ਦਾ ਕਬਜ਼ਾ ਹੈ ਪਰ ਇੱਥੋਂ ਮੌਜੂਦਾ ਸੰਸਦ ਮੈਂਬਰ ਮਨੀਸ਼ ਤਿਵਾੜੀ ਨੂੰ ਚੰਡੀਗੜ੍ਹ ਲੋਕ ਸਭਾ ਸੀਟ ਲਈ ਉਮੀਦਵਾਰ ਐਲਾਨਣ ਕਾਰਨ ਕਾਂਗਰਸ ਪਾਰਟੀ ਵੱਲੋਂ ਹੁਣ ਸ੍ਰੀ ਆਨੰਦਪੁਰ ਸਾਹਿਬ ਤੋਂ ਨਵੇਂ ਉਮੀਦਵਾਰ ਦੀ ਭਾਲ ਕੀਤੀ ਜਾ ਰਹੀ ਹੈ।

ਤਾਜ਼ਾ ਰਿਪੋਰਟਾਂ ਅਨੁਸਾਰ ਕਾਂਗਰਸ ਪਾਰਟੀ ਦੀ ਟਿਕਟ ਦੇ ਚਾਹਵਾਨਾਂ ਵਿੱਚ ਭਾਵੇਂ ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ, ਸਾਬਕਾ ਵਿਧਾਇਕ ਅੰਗਦ ਸਿੰਘ, ਰਾਣਾ ਕੇਪੀ ਸਿੰਘ ਅਤੇ ਕੁਲਜੀਤ ਸਿੰਘ ਨਾਗਰਾ ਦੇ ਨਾਂ ਵੀ ਚਰਚਾ ਵਿੱਚ ਹਨ। ਬਲਬੀਰ ਸਿੰਘ ਸਿੱਧੂ, ਰਾਣਾ ਕੇਪੀ ਸਿੰਘ ਅਤੇ ਅੰਗਦ ਸਿੰਘ ਲੋਕ ਸਭਾ ਹਲਕਾ ਸ੍ਰੀ ਆਨੰਦ-ਪੁਰ ਸਾਹਿਬ ਨਾਲ ਹੀ ਸਬੰਧਤ ਹੋਣ ਕਾਰਨ ਲਗਾਤਾਰ ਟਿਕਟ ਦਾ ਦਾਅਵਾ ਠੋਕ ਰਹੇ ਹਨ।

ਪਰ ਰਾਣਾ ਗੁਰਜੀਤ ਸਿੰਘ ਅਤੇ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਹਲਕੇ ਵਿੱਚ ਸਗਰਮੀਆਂ ਲਗਾਤਾਰ ਵਧਾ ਦਿੱਤੀਆਂ ਹਨ। ਜ਼ਿਕਰਯੋਗ ਹੈ ਕਿ ਰਾਣਾ ਗੁਰਜੀਤ ਸਿੰਘ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਜਿੱਥੇ ‘ਆਪ’ ਦੀ ਹਨੇਰੀ ਦੌਰਾਨ ਵੀ ਆਪਣੀ ਸੀਟ ਬਚਾਉਣ ਵਿੱਚ ਸਫ਼ਲ ਰਹੇ ਸਨ, ਉੱਥੇ ਉਨ੍ਹਾਂ ਦੇ ਸਪੁੱਤਰ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਕਾਂਗਰਸ ਦੀ ਟਿਕਟ ਨਾ ਮਿਲਣ ’ਤੇ ਆਜ਼ਾਦ ਉਮੀਦਵਾਰ ਵਜੋਂ ਹਲਕਾ ਸੁਲਤਾਨਪੁਰ ਲੋਧੀ ਤੋਂ ਜਿੱਤ ਦਰਜ ਕੀਤੀ ਸੀ।

## ਨਿੱਝਰ ਬਾਰੇ ਰਿਪੋਰਟਿੰਗ ਕਾਰਨ ਆਸਟਰੇਲਿਆਈ ਪੱਤਰਕਾਰ ਦਾ ਵੀਜ਼ਾ ਨਹੀਂ ਵਧਾਇਆ

ਨਵੀਂ ਦਿੱਲੀ- ਆਸਟਰੇਲੀਅਨ ਪੱਤਰਕਾਰ ਨੇ ਦਾਅਵਾ ਕੀਤਾ ਕਿ ਭਾਰਤ ਸਰਕਾਰ ਵੱਲੋਂ ਵਰਕ ਵੀਜ਼ਾ ਵਧਾਉਣ ਤੋਂ ਇਨਕਾਰ ਕਰਨ ਮਗਰੋਂ ਉਸ ਨੂੰ ਭਾਰਤ ਛੱਡਣ ਲਈ ਮਜਬੂਰ ਕੀਤਾ ਗਿਆ। ਉਸ ਨੇ ਕਿਹਾ ਕਿ ਭਾਰਤ ਸਰਕਾਰ ਨੇ ਵਰਕ ਵੀਜ਼ਾ ਵਧਾਉਣ ਤੋਂ ਇਨਕਾਰ ਕਰ ਦਿੱਤਾ ਹੈ, ਕਿਉਂਕਿ ਉਸ ਦੀਆਂ ਰਿਪੋਰਟਾਂ ‘ਸੀਮਾਵਾਂ ਦੀ ਉਲੰਘਣਾ’ ਹਨ। ਆਸਟਰੇਲੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ ਦੀ ਦੱਖਣੀ ਏਸ਼ੀਆ ਬਿਊਰੋ ਦੀ ਮੁਖੀ ਅਵਨੀ ਡਾਇਸ ਨੇ ਕਿਹਾ ਕਿ ਸਿੱਖ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਰਿਪੋਰਟਿੰਗ ‘ਤੇ ਭਾਰਤ ਸਰਕਾਰ ਵੱਲੋਂ ਇਤਰਾਜ਼ ਕਰਨ ਬਾਅਦ ਲੋਕ ਸਭਾ ਚੋਣਾਂ ਵਾਲੇ ਦਿਨ 19 ਅਪਰੈਲ ਨੂੰ ਉਸ ਨੂੰ ਭਾਰਤ ਛੱਡਣਾ ਪਿਆ।

# ਭਾਰਤ ਵਿਚ ਤੇਜੀ ਨਾਲ ਵਧਦੇ ਜਾ ਰਹੇ ਨੇ ਕੈਂਸਰ ਦੇ ਮਰੀਜ !

ਕੀ ਭਾਰਤ ਸੱਚਮੁੱਚ ਦੁਨੀਆ ਦੀ ‘ਕੈਂਸਰ ਦੀ ਰਾਜਧਾਨੀ’ ਬਣਨ ਜਾ ਰਿਹਾ ਹੈ? ਅਜਿਹਾ ਚਿੰਤਾਜਨਕ ਪ੍ਰਗਟਾਵਾ ਅਪੋਲੋ ਹਾਸਪਿਟਲਜ਼ ਵੱਲੋਂ ਦੇਸ਼ ਬਾਰੇ ਜਾਰੀ ਸਾਲ 2024 ਦੀ ਰਿ-ਪੋਰਟ ‘ਹੈਲਥ ਆਫ ਦਿ ਨੇਸ਼ਨ’ (ਰਾਸ਼ਟਰ ਦੀ ਸਿਹਤ) ’ਚ ਕੀਤਾ ਗਿਆ ਹੈ। ਇਸ ਰਿਪੋਰਟ ਮੁਤਾਬਕ 2020 ’ਚ ਭਾਰਤ ਵਿਚ ਲਗਪਗ 14 ਲੱਖ ਵਿਅਕਤੀ ਕੈਂਸਰ ਨਾਲ ਜੂਝ ਰਹੇ ਸਨ ਅਤੇ 2025 ਤੱਕ ਇਹ ਗਿਣਤੀ 15 ਲੱਖ 70 ਹਜ਼ਾਰ ਤੱਕ ਪੁੱਜਣ ਦੀ ਸੰਭਾਵਨਾ ਹੈ।

ਕਿਸੇ ਇਕ ਮਰੀਜ਼ ਤੋਂ ਹੋਰਨਾਂ ਨੂੰ ਛੂਤ ਜਾਂ ਲਾਗ ਰਾਹੀਂ ਲੱਗਣ ਵਾਲੀਆਂ ਬਿਮਾਰੀਆਂ ਦਾ ਵਧਣਾ ਤਾਂ ਸੁਭਾਵਕ ਹੈ ਪਰ ਅਜਿਹਾ ਹਮਲਾ ਕਦੇ-ਕਦਾਈਂ ਹੀ ਹੁੰਦਾ ਹੈ ਜਿਵੇਂ ਕੋਵਿਡ-19 ਵਾਇਰਸ ਦਾ ਹੋਇਆ ਸੀ। ਭਾਰਤ ’ਚ ਪਿਛਲੇ 20 ਸਾਲਾਂ ਤੋਂ ਅਜਿਹੀਆਂ ਬਿਮਾਰੀਆਂ ਬੜੀ ਤੇਜ਼ੀ ਨਾਲ ਵਧ ਰਹੀਆਂ ਹਨ ਜਿਹੜੀਆਂ ਲਾਗ ਲੱਗਣ ਵਾਲੀਆਂ ਤਾਂ ਨਹੀਂ ਹੁੰਦੀਆਂ ਪਰ ਮਨੁੱਖ ਲਈ ਬੇਹੱਦ ਘਾਤਕ ਹੁੰਦੀਆਂ ਹਨ। ਕੈਂਸਰ ਅਜਿਹੇ ਹੀ ਬਿਨਾਂ ਛੂਤ ਵਾਲੇ ਰੋਗਾਂ ’ਚੋਂ ਇਕ ਹੈ। ਤਾਜ਼ਾ ਰਿਪੋਰਟ ਅਨੁਸਾਰ ਭਾਰਤੀ ਔਰਤਾਂ ’ਚ ਛਾਤੀ, ਸਰਵਾਈਕਲ ਅਤੇ ਬੱਚੇਦਾਨੀ ਦਾ ਕੈਂਸਰ ਵਧਦਾ ਜਾ ਰਿਹਾ ਹੈ ਅਤੇ ਮਰਦਾਂ ’ਚ ਫੇਫੜਿਆਂ, ਮੂੰਹ ਤੇ ਪ੍ਰੋਸਟੇਟ ਕੈਂਸਰ ਦੇ ਮਾਮਲੇ ਵਧ ਰਹੇ ਹਨ। ਤਾਜ਼ਾ ਅੰਕੜੇ ਇਸ ਤੱਥ ਦੇ ਗਵਾਹ ਹਨ ਕਿ 98 ਫ਼ੀਸਦੀ ਔਰਤਾਂ ਨੂੰ ਪਹਿਲੇ ਪੜਾਅ ’ਤੇ ਹੀ ਛਾਤੀ ਦਾ ਕੈਂਸਰ ਹੋਣ ਬਾਰੇ ਜਾਣਕਾਰੀ ਮਿਲ ਜਾਂਦੀ ਹੈ।

ਦੇਸ਼ ’ਚ ਔਰਤਾਂ ਨੂੰ ਛਾਤੀ ਦਾ ਕੈਂਸਰ ਹੋਣ ਦਾ ਔਸਤਨ 52 ਸਾਲ ਦੀ ਉਮਰ ’ਚ ਜਾ ਕੇ ਪਤਾ ਲੱਗਦਾ ਹੈ। ਇੰਜ ਹੀ ਫੇਫੜਿਆਂ ਦੇ ਕੈਂਸਰ ਬਾਰੇ ਜਾਣਕਾਰੀ ਆਮ ਤੌਰ ’ਤੇ 54 ਸਾਲ ਦੀ ਉਮਰ ’ਚ ਮਿਲ ਜਾਂਦੀ ਹੈ। ਇਸ ਦੇ ਮੁਕਾਬਲੇ ਇੰਗਲੈਂਡ, ਅਮਰੀਕਾ ਅਤੇ ਚੀਨ ’ਚ ਇਸ ਰੋਗ ਦਾ ਪਤਾ 60 ਤੋਂ 70 ਸਾਲ ਦੀ ਉਮਰ ’ਚ ਜਾ ਕੇ ਲੱਗਦਾ ਹੈ। ਭਾਰਤ ’ਚ ਇਕ ਵੱਡਾ ਅੜਿੱਕਾ ਇਹੋ ਹੈ ਕਿ ਇੱਥੇ ਮਰੀਜ਼ਾਂ ਦਾ ਉੱਚਿਤ ਮੈਡੀਕਲ ਨਿਰੀਖਣ ਹੀ ਨਹੀਂ ਹੁੰਦਾ।

ਵਿਸ਼ਵ ਸਿਹਤ ਸੰਗਠਨ ਅਨੁਸਾਰ ਮਨੁੱਖੀ ਸਰੀਰ ’ਚ ਕੈਂਸਰ ਉਦੋਂ ਪੈਦਾ ਹੁੰਦਾ ਹੈ ਜਦੋਂ ਆਮ ਸੈੱਲ ਕੁਝ ਇਸ ਤਰੀਕੇ ਤਬਦੀਲ ਹੋਣ ਲੱਗਦੇ ਹਨ ਕਿ ਛੇਤੀ ਹੀ ਉਹ ਰਸੌਲ਼ੀਆਂ ਦਾ ਰੂਪ ਧਾਰ ਲੈਂਦੇ ਹਨ। ਫਿਰ ਇਹ ਰਸੌਲ਼ੀਆਂ ਸਰੀਰ ’ਚ ਆਪਣੀਆਂ ਜੜ੍ਹਾਂ ਡੂੰਘੀਆਂ ਕਰਨ ਲੱਗਦੀਆਂ ਹਨ। ਉਹੀ ਕੈਂਸਰ ਰੋਗ ਦੇ ਵੱਖੋ-ਵੱਖਰੇ ਪੜਾਅ ਬਣ ਜਾਂਦੇ ਹਨ। ਕੇਂਦਰ ਤੇ ਸੂਬਿਆਂ ਦੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਆਪੋ-ਆਪਣੇ ਨਾਗਰਿਕਾਂ ਦੀ ਸਮੇਂ ਸਿਰ ਮੈਡੀਕਲ ਜਾਂਚ ਯਕੀਨੀ ਬਣਾਉਣ। ਇਸ ਲਈ ਨੀਤੀਗਤ ਫ਼ੈਸਲੇ ਲੈਣੇ ਹੋਣਗੇ।

ਤਮਾਕੂਨੋਸ਼ੀ ਅਤੇ ਸ਼ਰਾਬਨੋਸ਼ੀ ਵਿਰੁੱਧ ਪ੍ਰਚਾਰ ਹੋਰ ਮਜ਼ਬੂਤ ਕਰਨਾ ਹੋਵੇਗਾ। ਐੱਚਪੀਵੀ ਤੇ ਹੈਪੇਟਾਈਟਿਸ-ਬੀ ਦੀ ਰੋਕਥਾਮ ਲਈ ਟੀਕਾਕਰਨ ਉੱਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਸ਼ਹਿਰਾਂ ਅਤੇ ਕਸਬਿਆਂ ਦੇ ਆਮ ਹਸਪਤਾਲਾਂ ’ਚ ਕੈਂਸਰ ਦੀ ਤਸ਼ਖ਼ੀਸ ਅਤੇ ਮਾਹਿਰ ਡਾਕਟਰਾਂ ਤੇ ਸਰਜਨਾਂ ਦੀ ਨਿਯੁਕਤੀ ਦੇ ਲੋੜੀਂਦੇ ਇੰਤਜ਼ਾਮ ਕੀਤੇ ਜਾਣੇ ਚਾਹੀਦੇ ਹਨ। ਹਵਾ ਦਾ ਪ੍ਰਦੂਸ਼ਣ ਰੋਕਣ ਲਈ ਫੈਕਟਰੀਆਂ ਅਤੇ ਵਾਹਨਾਂ ਲਈ ਬਣਾਏ ਗਏ ਨਿਯਮ ਸਖ਼ਤੀ ਨਾਲ ਲਾਗੂ ਕੀਤੇ ਜਾਣੇ ਚਾਹੀਦੇ ਹਨ।

ਰਿਪੋਰਟ ’ਚ ਸ਼ੂਗਰ, ਵਧਦੇ ਬਲੱਡ ਪ੍ਰੈਸ਼ਰ ਅਤੇ ਮਾਨਸਿਕ ਸਿਹਤ ਦੇ ਰੋਗੀਆਂ ਦੀ ਵਧਦੀ ਜਾ ਰਹੀ ਗਿਣਤੀ ’ਤੇ ਵੀ ਚਿੰਤਾ ਪ੍ਰਗਟਾਈ ਗਈ ਹੈ। ਇਸ ਤੋਂ ਇਲਾਵਾ ਮੋਟਾਪੇ ਦੀ ਸਮੱਸਿਆ ਵੀ ਭਾਰਤ ’ਚ ਕਾਫ਼ੀ ਵੱਡੇ ਪੱਧਰ ’ਤੇ ਫੈਲਦੀ ਜਾ ਰਹੀ ਹੈ ਜਿਸ ਕਾਰਨ ਦਿਲ ਦੇ ਰੋਗ ਵਧ ਰਹੇ ਹਨ। ਸਰਕਾਰਾਂ ਨੂੰ ਆਪੋ-ਆਪਣੇ ਅਧਿਕਾਰ ਖੇਤਰਾਂ ’ਚ ਸਿਹਤ ਦੇ ਬੁਨਿਆਦੀ ਢਾਂਚੇ ਅਪਗ੍ਰੇਡ ਕਰਨੇ ਹੋਣਗੇ ਤੇ ਵਧਦੀ ਆਬਾਦੀ ਨੂੰ ਧਿਆਨ ’ਚ ਰੱਖਦਿਆਂ ਨੀਤੀਆਂ ਉਲੀਕਣੀਆਂ ਹੋਣਗੀਆਂ।




# ਨਾਰੀਅਲ ਪਾਣੀ ਜਾਂ ਨਿੰਬੂ ਪਾਣੀ, ਗਰਮੀਆਂ 'ਚ ਕਿਹੜਾ ਵੱਧ ਫ਼ਾਇਦੇਮੰਦ?

ਗਰਮੀਆਂ ਦੇ ਮੌਸਮ 'ਚ ਲੋਕ ਜ਼ਿਆਦਾ ਤਰਲ ਪਦਾਰਥਾਂ ਦਾ ਸੇਵਨ ਕਰਦੇ ਹਨ, ਜੋ ਕਿ ਜ਼ਰੂਰੀ ਵੀ ਹੈ। ਅੱਜਕੱਲ੍ਹ ਨਾਰੀਅਲ ਪਾਣੀ ਜਾਂ ਨਿੰਬੂ ਪਾਣੀ ਦਾ ਬਹੁਤ ਜ਼ਿਆਦਾ ਸੇਵਨ ਕੀਤਾ ਜਾਂਦਾ ਹੈ ਪਰ ਕੀ ਤੁਹਾਡੇ ਦਿਮਾਗ 'ਚ ਇਹ ਸਵਾਲ ਆਉਂਦਾ ਹੈ ਕਿ ਦੋਵਾਂ 'ਚੋਂ ਕਿਹੜਾ ਸਿਹਤ ਲਈ ਜ਼ਿਆਦਾ ਫਾਇਦੇਮੰਦ ਹੈ? ਆਓ ਅੱਜ ਅਸੀਂ ਤੁਹਾਨੂੰ ਜਵਾਬ ਦੇਵਾਂਗੇ। ਦੋਵੇਂ ਡਰਿੰਕਸ ਸਰੀਰ 'ਚ ਪਾਣੀ ਦੀ ਕਮੀ ਨੂੰ ਦੂਰ ਕਰਨ ਅਤੇ ਐਨਰਜੀ ਬਣਾਈ ਰੱਖਣ ਲਈ ਵਰਤੇ ਜਾਂਦੇ ਹਨ ਪਰ ਫਿਰ ਵੀ ਕੁਝ ਅਜਿਹੀਆਂ ਚੀਜ਼ਾਂ ਹਨ ਜੋ ਇਨ੍ਹਾਂ ਨੂੰ ਇਕ-ਦੂਜੇ ਤੋਂ ਵੱਖ ਬਣਾਉਂਦੀਆਂ ਹਨ। ਆਓ ਪਤਾ ਕਰੀਏ।

**ਨਾਰੀਅਲ ਪਾਣੀ ਦੇ ਲਾਭ**

ਵਿਟਾਮਿਨ ਏ, ਬੀ, ਸੀ, ਆਇਰਨ ਅਤੇ ਪੋਟਾਸ਼ੀਅਮ ਨਾਲ ਭਰਪੂਰ ਨਾਰੀਅਲ ਪਾਣੀ ਗਰਮੀਆਂ ਵਿੱਚ ਸਰੀਰ ਨੂੰ ਹਾਈਡਰੇਟ ਰੱਖਣ



ਵਿੱਚ ਮਦਦ ਕਰਦਾ ਹੈ। ਇਸ ਦਾ ਸੇਵਨ ਚਮੜੀ ਅਤੇ ਵਾਲਾਂ ਲਈ ਵੀ ਚੰਗਾ ਮੰਨਿਆ ਜਾਂਦਾ ਹੈ ਕਿਉਂਕਿ ਇਸ ਵਿਚ ਕਈ ਐਂਟੀਆਕਸੀਡੈਂਟ ਗੁਣ ਹੁੰਦੇ ਹਨ। ਇਹ ਤੇਜ਼ ਗਰਮੀ ਵਿੱਚ ਸਰੀਰ ਨੂੰ ਇੱਕ ਠੰਡਾ ਪ੍ਰਭਾਵ ਦਿੰਦਾ ਹੈ ਅਤੇ ਇੱਕ ਕੁਦਰਤੀ ਡੀਟੌਕਸ ਡਰਿੰਕ ਦੇ ਤੌਰ ਤੇ ਵੀ ਵਧੀਆ ਕੰਮ ਕਰਦਾ ਹੈ।

**ਨਿੰਬੂ ਪਾਣੀ ਦੇ ਫਾਇਦੇ-** ਨਿੰਬੂ ਪਾਣੀ ਵਿੱਚ ਵਿਟਾਮਿਨ ਸੀ, ਬੀ, ਫਾਈਬਰ, ਪੋਟਾਸ਼ੀਅਮ ਅਤੇ ਕਈ ਐਂਟੀਆਕਸੀਡੈਂਟ ਗੁਣ ਵੀ ਪਾਏ ਜਾਂਦੇ ਹਨ। ਇਹ ਨਾ ਸਿਰਫ ਸਰੀਰ ਨੂੰ ਡੀਟੌਕਸਫਾਈ ਕਰਦਾ ਹੈ ਬਲਕਿ ਚਰਬੀ ਮੁਕਤ ਹੋਣ ਕਾਰਨ ਮੋਟਾਪਾ ਵੀ ਘਟਾਉਂਦਾ ਹੈ। ਇਸ ਦੇ ਸੇਵਨ ਨਾਲ ਸਰੀਰ 'ਚ ਇਮਿਊਨਿਟੀ ਵੀ ਵਧਦੀ ਹੈ, ਉਥੇ ਹੀ ਇਹ ਡਰਿੰਕ ਸਨਸਟ੍ਰੋਕ ਤੋਂ ਵੀ ਕਾਫੀ ਹੱਦ ਤੱਕ ਬਚਾਅ ਕਰਦਾ ਹੈ।

ਨਾਰੀਅਲ ਪਾਣੀ ਹੋਵੇ ਜਾਂ ਨਿੰਬੂ ਪਾਣੀ, ਦੋਵਾਂ ਦੇ ਆਪਣੇ-ਆਪਣੇ ਫਾਇਦੇ ਹਨ, ਜਿਸ 'ਚ ਜ਼ਿਆਦਾ ਫਰਕ ਨਹੀਂ ਹੈ ਪਰ ਇਸ ਦੇ ਬਾਵਜੂਦ ਤੁਹਾਨੂੰ ਇਨ੍ਹਾਂ ਦਾ ਸੇਵਨ ਕਰਦੇ ਸਮੇਂ ਕੁਝ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਆਓ ਪਤਾ ਕਰੀਏ।

ਜੇਕਰ ਤੁਹਾਨੂੰ ਡਾਇਬਟੀਜ਼ ਹੈ ਤਾਂ ਰੋਜ਼ਾਨਾ ਨਾਰੀਅਲ ਪਾਣੀ ਦਾ ਸੇਵਨ ਕਰਨ ਨਾਲ ਤੁਹਾਡੇ ਬਲੱਡ ਸ਼ੂਗਰ ਦਾ ਪੱਧਰ ਵਧ ਸਕਦਾ ਹੈ। ਇਸ ਵਿੱਚ ਪਾਈ ਜਾਣ ਵਾਲੀ ਕੁਦਰਤੀ ਸ਼ੂਗਰ ਤੁਹਾਡੇ ਲਈ ਨੁਕਸਾਨਦੇਹ ਸਾਬਤ ਹੋ ਸਕਦੀ ਹੈ।

ਜ਼ਿਆਦਾ ਨਾਰੀਅਲ ਪਾਣੀ ਪੀਣ ਨਾਲ ਸਰੀਰ 'ਚ ਇਲੈਕਟ੍ਰੋਲਾਈਟਸ ਦਾ ਸੰਤੁਲਨ ਵੀ ਖਰਾਬ ਹੋ ਸਕਦਾ ਹੈ, ਅਜਿਹੀ ਸਥਿਤੀ 'ਚ ਜੇਕਰ ਤੁਸੀਂ ਅਕਸਰ ਥਕਾਵਟ ਮਹਿਸੂਸ ਕਰਦੇ ਹੋ ਤਾਂ ਇਸ ਨੂੰ ਜ਼ਿਆਦਾ ਪੀਓ।

ਜ਼ਿਆਦਾ ਨਿੰਬੂ ਪਾਣੀ ਪੀਣ ਨਾਲ ਤੁਹਾਡੀਆਂ ਹੱਡੀਆਂ ਕਮਜ਼ੋਰ ਹੋ ਸਕਦੀਆਂ ਹਨ। ਜੇਕਰ ਤੁਸੀਂ ਇਸ ਨੂੰ ਗਰਮ ਪਾਣੀ ਨਾਲ ਬਣਾਉਂਦੇ ਹੋ, ਤਾਂ ਇਹ ਬਹੁਤ ਜ਼ਿਆਦਾ ਮਾਤਰਾ ਵਿੱਚ ਐਸਿਡ ਪੈਦਾ ਕਰਦਾ ਹੈ, ਜੋ ਹੱਡੀਆਂ ਦੀ ਸਿਹਤ ਲਈ ਬੁਰਾ ਮੰਨਿਆ ਜਾਂਦਾ ਹੈ।

ਜੇਕਰ ਅਸੀਂ ਕੀਮਤ 'ਤੇ ਨਜ਼ਰ ਮਾਰੀਏ ਤਾਂ ਨਿੰਬੂ ਪਾਣੀ ਨਾਰੀਅਲ ਪਾਣੀ ਤੋਂ ਕਾਫੀ ਸਸਤਾ ਹੈ, ਇਸ ਲਈ ਤੁਸੀਂ ਆਪਣੇ ਬਜਟ ਨੂੰ ਧਿਆਨ 'ਚ ਰੱਖਦੇ ਹੋਏ ਇਨ੍ਹਾਂ ਡਰਿੰਕਸ ਨੂੰ ਆਪਣੀ ਡਾਈਟ 'ਚ ਸ਼ਾਮਲ ਕਰ ਸਕਦੇ ਹੋ।

ਇਸ ਤੋਂ ਇਲਾਵਾ ਜੇਕਰ ਤੁਸੀਂ ਨਿੰਬੂ ਪਾਣੀ ਵਿਚ ਚੀਨੀ ਮਿਲਾ ਕੇ ਪੀਂਦੇ ਹੋ ਤਾਂ ਇਹ ਵੀ ਸਿਹਤ ਲਈ ਠੀਕ ਨਹੀਂ ਹੈ। ਜੇਕਰ ਤੁਸੀਂ ਚਾਹੋ ਤਾਂ ਇਸ 'ਚ ਥੋੜ੍ਹਾ ਜਿਹਾ ਕਾਲਾ ਨਮਕ ਮਿਲਾ ਕੇ ਪੀ ਸਕਦੇ ਹੋ ਪਰ ਜੇਕਰ ਤੁਹਾਨੂੰ ਬੀਪੀ ਨਾਲ ਜੁੜੀ ਕੋਈ ਸਮੱਸਿਆ ਨਾ ਹੋਵੇ ਤਾਂ ਹੀ ਪੀਓ। ਇਸ ਨਾਲ ਤੁਹਾਡਾ ਪਾਚਨ ਤੰਤਰ ਠੀਕ ਹੋਵੇਗਾ ਅਤੇ ਤੁਸੀਂ ਐਸੀਡਿਟੀ ਤੋਂ ਵੀ ਬਚ ਸਕੋਗੇ।

# ਗਰਮੀ 'ਚ ਵਾਰ-ਵਾਰ ਹੁੰਦੀ ਹੈ ਮਾਈਗ੍ਰੇਨ ਦੀ ਸਮੱਸਿਆ ਤਾਂ ਵਰਤੋ ਇਹ ਘਰੇਲੂ ਤਰੀਕੇ

ਗਰਮੀਆਂ ਦੇ ਮੌਸਮ 'ਚ ਜਿਵੇਂ-ਜਿਵੇਂ ਤਾਪਮਾਨ ਵਧਦਾ ਹੈ, ਕੁਝ ਲੋਕਾਂ ਨੂੰ ਮਾਈਗ੍ਰੇਨ ਦੀ ਸਮੱਸਿਆ ਵੀ ਵਧਣ ਲੱਗਦੀ ਹੈ। ਮਾਈਗ੍ਰੇਨ ਤੋਂ ਪੀੜਤ ਲੋਕਾਂ ਲਈ ਗਰਮੀ ਦਾ ਮੌਸਮ ਬਹੁਤ ਮੁਸ਼ਕਲ ਸਮਾਂ ਹੁੰਦਾ ਹੈ। ਅਜਿਹੇ 'ਚ ਤੁਸੀਂ ਕੁਝ ਕੁਦਰਤੀ ਤੇ ਘਰੇਲੂ ਨੁਸਖਿਆਂ ਨੂੰ ਅਜ਼ਮਾ ਕੇ ਮਾਈਗ੍ਰੇਨ ਦੀ ਸਮੱਸਿਆ ਤੋਂ ਛੁਟਕਾਰਾ ਪਾ ਸਕਦੇ ਹੋ। ਅਸ਼ਟਾਂਗ ਆਯੁਰਵੇਦ ਕਾਲਜ, ਇੰਦੌਰ ਦੇ ਡਾਕਟਰ ਅਖਿਲੇਸ਼ ਭਾਰਗਵ ਇੱਥੇ ਕੁਝ ਮਹੱਤਵਪੂਰਨ ਟਿਪਸ ਦੱਸ ਰਹੇ ਹਨ, ਜਿਨ੍ਹਾਂ ਨੂੰ ਅਪਣਾ ਕੇ ਤੁਸੀਂ ਮਾਈਗ੍ਰੇਨ ਦੀ ਸਮੱਸਿਆ ਨੂੰ ਘੱਟ ਕਰ ਸਕਦੇ ਹੋ।



**ਖੂਬ ਪਾਣੀ ਪੀਓ-** ਗਰਮੀ ਦੇ ਮੌਸਮ 'ਚ ਸਰੀਰ 'ਚ ਪਾਣੀ ਦੀ ਘਾਟ ਹੋਣ ਕਾਰਨ ਮਾਈਗ੍ਰੇਨ ਦੀ ਸਮੱਸਿਆ ਵੀ ਹੋ ਸਕਦੀ ਹੈ। ਅਜਿਹੇ 'ਚ ਹਰ ਰੋਜ਼ ਘੱਟ ਤੋਂ ਘੱਟ 4 ਤੋਂ 5 ਲੀਟਰ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ। ਇਸ ਦੌਰਾਨ ਵਿਅਕਤੀ ਨੂੰ ਕੋਲਡ ਡਰਿੰਕਸ ਜਾਂ ਕੈਫੀਨ ਦੇ ਸੇਵਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

**ਟ੍ਰਿਗਰ ਫੂਡਜ਼ ਦਾ ਕਰੋ ਸੇਵਨ-** ਕੁਝ ਖੁਰਾਕੀ ਪਦਾਰਥ ਤੇ ਡ੍ਰਿੰਕਸ ਦੇ ਸੇਵਨ ਨਾਲ ਵੀ ਮਾਈਗ੍ਰੇਨ ਟ੍ਰਿਗਰ ਹੋ ਸਕਦਾ ਹੈ। ਅਜਿਹੇ 'ਚ ਗਰਮੀ ਦੇ ਮੌਸਮ 'ਚ ਪਨੀਰ, ਮੀਟ, ਚਾਕਲੇਟ ਜਾਂ ਅਲਕੋਹਲ ਦਾ ਜ਼ਿਆਦਾ ਸੇਵਨ ਨਹੀਂ ਕਰਨਾ ਚਾਹੀਦਾ। ਤੁਹਾਨੂੰ ਆਪਣੀ ਖੁਰਾਕ ਨੂੰ ਕੰਟਰੋਲ ਕਰਨਾ ਚਾਹੀਦਾ ਤੇ ਸੰਭਵ ਹੋਵੇ ਤਾਂ ਡਾਈਟ ਪਲਾਨ ਨੂੰ ਵੀ ਫਾਲੋ ਕਰੋ। ਇਕ ਡਾਇਰੀ 'ਵਿੱਚ ਨੋਟ ਕਰਨਾ ਯਕੀਨੀ ਬਣਾਓ ਕਿ ਤੁਸੀਂ ਹਰ ਰੋਜ਼ ਸਵੇਰ ਤੋਂ ਰਾਤ ਤਕ ਕੀ ਖਾ ਰਹੇ ਹੋ।

**ਬਹੁਤ ਜ਼ਿਆਦਾ ਧੁੱਪ ਵਿਚ ਬਾਹਰ ਨਾ ਜਾਓ-** ਤੇਜ਼ ਧੁੱਪ ਕਾਰਨ ਵੀ ਲੋਕ ਮਾਈਗ੍ਰੇਨ ਤੋਂ ਪੀੜਤ ਹੋ ਸਕਦੇ ਹਨ। ਜੇਕਰ ਤੁਸੀਂ ਗਰਮੀ ਬਰਦਾਸ਼ਤ ਨਹੀਂ ਕਰ ਸਕਦੇ ਤਾਂ ਧੁੱਪ 'ਚ ਬਾਹਰ ਜਾਣ ਤੋਂ ਬਚੋ। ਜੇਕਰ ਸੰਭਵ ਹੋਵੇ ਤਾਂ ਘਰੋਂ ਬਾਹਰ ਜਾ ਕੇ ਕਰਨ ਵਾਲੇ ਕੰਮ ਸਵੇਰੇ ਜਲਦੀ ਜਾਂ ਸ਼ਾਮ ਦੇ ਸਮੇਂ ਕਰੋ। ਜੇਕਰ ਦੁਪਹਿਰ ਵੇਲੇ ਘਰੋਂ ਬਾਹਰ ਜਾਣਾ ਪਵੇ ਤਾਂ ਸਿਰ 'ਤੇ ਟੋਪੀ ਤੇ ਚਸ਼ਮਾ ਪਹਿਨ ਕੇ ਹੀ ਨਿਕਲੋ।

**ਲੋੜੀਂਦੀ ਨੀਂਦ ਜ਼ਰੂਰ ਲਓ-** ਨੀਂਦ ਦੇ ਪੈਟਰਨ 'ਚ ਬਦਲਾਅ ਨਾਲ ਮਾਈਗ੍ਰੇਨ ਦੀ ਸਮੱਸਿਆ ਵੀ ਹੋ ਸਕਦੀ ਹੈ। ਹਰ ਰੋਜ਼ ਇੱਕੋ ਸਮੇਂ ਸੌਣ ਤੇ ਜਾਗਣ ਦੀ ਕੋਸ਼ਿਸ਼ ਕਰੋ। ਜੇਕਰ ਤੁਸੀਂ ਇਸ ਪੈਟਰਨ ਨੂੰ ਇਕ ਹਫਤੇ ਤਕ ਵੀ ਅਪਣਾਉਂਦੇ ਹੋ ਤਾਂ ਤੁਸੀਂ ਦੇਖੋਗੇ ਕਿ ਤੁਹਾਨੂੰ ਮਾਈਗ੍ਰੇਨ ਦੇ ਦਰਦ ਤੋਂ ਕਾਫੀ ਰਾਹਤ ਮਿਲੇਗੀ। ਹਰ ਰੋਜ਼ ਘੱਟੋ-ਘੱਟ 8 ਘੰਟੇ ਚੰਗੀ ਨੀਂਦ ਲੈਣਾ ਯਕੀਨੀ ਬਣਾਓ।

**ਸਿਹਤਮੰਦ ਖੁਰਾਕ ਤੇ ਕਸਰਤ-** ਮਾਈਗ੍ਰੇਨ ਤੋਂ ਬਚਣ ਲਈ ਕਿਸੇ ਨੂੰ ਜ਼ਿਆਦਾ ਭਾਰੀ ਭੋਜਨ ਨਹੀਂ ਖਾਣਾ ਚਾਹੀਦਾ। ਫਲ, ਸਬਜ਼ੀਆਂ, ਸਾਬਤ ਅਨਾਜ ਤੇ ਘੱਟ ਚਰਬੀ ਵਾਲੇ ਭੋਜਨ ਖਾਓ। ਇਸ ਤੋਂ ਇਲਾਵਾ ਰੋਜ਼ਾਨਾ ਘੱਟੋ-ਘੱਟ 30 ਤੋਂ 40 ਕਸਰਤਾਂ ਕਰੋ। ਹਫ਼ਤੇ 'ਚ 3 ਦਿਨ ਕਾਰਡੀਓ ਕਸਰਤ ਵੀ ਕਰੋ। ਅਜਿਹਾ ਕੁਝ ਨਾ ਕਰੋ ਜਿਸ ਨਾਲ ਤਣਾਅ ਵਧੇ।

# ਚਿਹਰੇ 'ਤੇ ਦਿਖਾਈ ਦੇਣ ਵਾਲੇ ਕੁਝ ਸੰਕੇਤ ਜਿਗਰ ਦੀ ਸਿਹਤ ਲਈ ਖਤਰਨਾਕ

ਜਿਗਰ ਸਾਡੇ ਸਰੀਰ ਦਾ ਇੱਕ ਮਹੱਤਵਪੂਰਨ ਅੰਗ ਹੈ, ਜੋ ਕਈ ਮਹੱਤਵਪੂਰਨ ਕਾਰਜ ਕਰਦਾ ਹੈ। ਇਹ ਇੱਕ ਅੰਗ ਅਤੇ ਇੱਕ ਗ੍ਰੰਥੀ ਦੋਵਾਂ ਵਾਂਗ ਕੰਮ ਕਰਦਾ ਹੈ। ਇਸ ਦੇ ਮਹੱਤਵਪੂਰਨ ਕਾਰਜਾਂ ਵਿੱਚ ਸਰੀਰ ਨੂੰ ਡੀਟੌਕਸੀਫਿਕੇਸ਼ਨ, ਬਾਇਲ ਜੂਸ ਬਣਾਉਣਾ, ਪ੍ਰੋਟੀਨ ਅਤੇ ਚਰਬੀ ਦੇ ਮੇਟਾਬੋਲਿਜ਼ਮ ਵਿੱਚ ਮਦਦ ਕਰਨਾ, ਊਰਜਾ ਸਟੋਰ ਕਰਨਾ ਸ਼ਾਮਲ ਹੈ। ਇਸ ਲਈ ਜ਼ਿੰਦਾ ਅਤੇ ਸਿਹਤਮੰਦ ਰਹਿਣ ਲਈ ਲੀਵਰ ਦਾ ਸਿਹਤਮੰਦ ਹੋਣਾ ਬਹੁਤ ਜ਼ਰੂਰੀ ਹੈ।

ਸਾਡੀ ਜੀਵਨਸ਼ੈਲੀ ਵਿੱਚ ਨੁਕਸ ਪੈਣ ਕਾਰਨ ਲਿਵਰ ਵੀ ਖਰਾਬ ਹੋ ਸਕਦਾ ਹੈ ਅਤੇ ਇਸ ਨਾਲ ਸਬੰਧਤ ਬਿਮਾਰੀਆਂ ਹੋ ਸਕਦੀਆਂ ਹਨ, ਜਿਸ ਵਿੱਚ ਫੈਟੀ ਲਿਵਰ ਸਭ ਤੋਂ ਆਮ ਸਮੱਸਿਆ ਹੈ। ਫੈਟੀ ਲਿਵਰ ਉਦੋਂ ਹੁੰਦਾ ਹੈ ਜਦੋਂ ਲਿਵਰ ਵਿੱਚ ਵਾਧੂ ਚਰਬੀ ਜਮ੍ਹਾਂ ਹੋ ਜਾਂਦੀ ਹੈ, ਜਿਸ ਕਾਰਨ ਇਸ ਨਾਲ ਜੁੜੀਆਂ ਸਮੱਸਿਆਵਾਂ ਹੋਣ ਲੱਗਦੀਆਂ ਹਨ।

ਜੇਕਰ ਸਮੇਂ ਸਿਰ ਇਲਾਜ ਨਾ ਕੀਤਾ ਜਾਵੇ, ਤਾਂ ਇਸਦੇ ਗੰਭੀਰ ਨਤੀਜੇ ਹੋ ਸਕਦੇ ਹਨ, ਜਿਸ ਵਿੱਚ ਫਾਈਬਰੋਸਿਸ ਅਤੇ ਹੈਪੇਟਾਈਟਸ ਵਰਗੀਆਂ ਬਿਮਾਰੀਆਂ ਸ਼ਾਮਲ ਹਨ। ਇਸ ਲਈ ਫੈਟੀ ਲਿਵਰ ਦਾ ਸਮੇਂ ਸਿਰ ਪਤਾ ਲਗਾਉਣਾ ਅਤੇ ਇਲਾਜ ਕਰਨਾ ਬਹੁਤ ਜ਼ਰੂਰੀ ਹੈ। ਫੈਟੀ ਲਿਵਰ ਦੇ ਕੁਝ ਲੱਛਣ ਤੁਹਾਡੀ ਚਮੜੀ 'ਤੇ ਵੀ ਦਿਖਾਈ ਦਿੰਦੇ ਹਨ, ਜਿਸ ਦੀ ਮਦਦ ਨਾਲ ਤੁਸੀਂ ਇਸ ਦਾ ਅੰਦਾਜ਼ਾ ਲਗਾ ਸਕਦੇ ਹੋ। ਆਓ ਜਾਣਦੇ ਹਾਂ ਤੁਹਾਡੀ ਚਮੜੀ 'ਤੇ ਫੈਟੀ ਲਿਵਰ ਦੇ ਕਿਹੜੇ ਲੱਛਣ ਦਿਖਾਈ ਦਿੰਦੇ ਹਨ।

ਚਮੜੀ 'ਤੇ ਦਿਖਾਈ ਦੇਣ ਵਾਲੇ ਫੈਟੀ ਲਿਵਰ ਦੇ ਲੱਛਣ;

**ਚਮੜੀ ਦਾ ਪੀਲਾ ਹੋਣਾ-** ਲਿਵਰ ਠੀਕ ਤਰ੍ਹਾਂ ਕੰਮ ਨਾ ਕਰਨ ਕਾਰਨ ਸਰੀਰ 'ਚ ਬਿਲੀਰੂਬਿਨ ਦੀ ਮਾਤਰਾ ਵਧਣ ਲੱਗਦੀ ਹੈ, ਜਿਸ ਕਾਰਨ ਚਮੜੀ ਦਾ ਰੰਗ ਅਤੇ ਅੱਖਾਂ ਦਾ ਚਿੱਟਾ ਹਿੱਸਾ ਪੀਲਾ ਦਿਖਾਈ ਦੇਣ ਲੱਗਦਾ ਹੈ। ਇਸ ਸਥਿਤੀ ਨੂੰ ਪੀਲੀਆ ਕਿਹਾ ਜਾਂਦਾ ਹੈ।

**ਰੋਸੇਸੀਆ-** ਰੋਸੇਸੀਆ ਇੱਕ ਚਮੜੀ ਦੀ ਸਥਿਤੀ ਹੈ ਜਿਸ ਵਿੱਚ ਚਮੜੀ ਲਾਲ ਹੋ ਜਾਂਦੀ ਹੈ ਅਤੇ ਲਾਲ ਨਾੜੀਆਂ ਜਾਂ ਧੱਬੇ ਦਿਖਾਈ ਦਿੰਦੇ ਹਨ। ਹਾਲਾਂਕਿ, ਰੋਸੇਸੀਆ ਕਿਸੇ ਵੀ ਵਿਅਕਤੀ ਨੂੰ ਹੋ ਸਕਦਾ ਹੈ ਅਤੇ ਇਹ ਜ਼ਰੂਰੀ ਨਹੀਂ ਹੈ ਕਿ ਉਨ੍ਹਾਂ ਨੂੰ ਜਿਗਰ ਦੀ ਬਿਮਾਰੀ ਹੋਵੇ, ਪਰ ਕਈ ਵਾਰ ਇਹ ਜਿਗਰ ਦੀ ਬਿਮਾਰੀ ਦਾ ਸੰਕੇਤ ਹੋ ਸਕਦਾ ਹੈ।

**ਕਾਲੀ ਗਰਦਨ-** ਫੈਟੀ ਲਿਵਰ ਦੇ ਕਾਰਨ ਸਰੀਰ ਇੰਸੁਲਿਨ ਦੀ ਸਹੀ ਵਰਤੋਂ ਨਹੀਂ ਕਰ ਪਾਉਂਦਾ, ਜਿਸ ਕਾਰਨ ਇਹ ਸਰੀਰ ਵਿੱਚ ਜਮ੍ਹਾ ਹੋਣ ਲੱਗਦਾ ਹੈ ਅਤੇ ਚਮੜੀ ਦੀਆਂ ਤਹਿਆਂ ਦਾ ਰੰਗ ਕਾਲਾ ਹੋਣ ਲੱਗਦਾ ਹੈ। ਇਸ ਕਾਰਨ ਗਰਦਨ ਅਤੇ ਅੰਡਰਆਰਮਸ ਦਾ ਰੰਗ ਗੂੜਾ ਦਿਖਾਈ ਦੇਣ ਲੱਗਦਾ ਹੈ।

**ਚਿਹਰੇ ਦੀ ਸੋਜ-** ਚਿਹਰੇ 'ਤੇ ਸੋਜ ਹੋਣਾ ਵੀ ਫੈਟੀ ਲਿਵਰ ਦੀ ਨਿਸ਼ਾਨੀ ਹੈ। ਲਿਵਰ ਦੇ ਕੰਮਕਾਜ 'ਚ ਸਮੱਸਿਆ ਹੋਣ ਕਾਰਨ ਸਰੀਰ 'ਚ ਤਰਲ ਪਦਾਰਥ ਬਣਨਾ ਸ਼ੁਰੂ ਹੋ ਜਾਂਦਾ ਹੈ, ਜਿਸ ਕਾਰਨ ਚਿਹਰਾ ਝੁਲਸਣ ਲੱਗ ਪੈਂਦਾ ਹੈ। ਕਈ ਵਾਰ ਸਿਰਫ ਅੱਖਾਂ ਦੇ ਆਲੇ ਦੁਆਲੇ ਸੋਜ ਹੁੰਦੀ ਹੈ।

**ਡਰਮੇਟਾਇਟਸ-** ਲਿਵਰ ਫੰਕਸ਼ਨ ਵਿੱਚ ਗੜਬੜੀ ਦੇ ਕਾਰਨ, ਸਰੀਰ ਜ਼ਿੰਕ ਨੂੰ ਜਜ਼ਬ ਕਰਨ ਵਿੱਚ ਅਸਮਰੱਥ ਹੈ, ਜਿਸ ਨਾਲ ਚਮੜੀ ਦੇ ਧੱਫੜ ਅਤੇ ਡਰਮੇਟਾਇਟਸ ਹੋ ਸਕਦੇ ਹਨ। ਇਸ ਲਈ ਜੇਕਰ ਤੁਹਾਨੂੰ ਅਜਿਹੀ ਸਮੱਸਿਆ ਅਚਾਨਕ ਸ਼ੁਰੂ ਹੋ ਗਈ ਹੈ ਤਾਂ ਡਾਕਟਰ ਤੋਂ ਜਾਂਚ ਕਰਵਾਓ।

**ਖੁਜਲੀ-** ਫੈਟੀ ਲਿਵਰ ਦੀ ਵਜ੍ਹਾ ਨਾਲ ਸਰੀਰ 'ਚ ਬਾਇਲ ਲੂਣ ਇਕੱਠੇ ਹੋਣੇ ਸ਼ੁਰੂ ਹੋ ਜਾਂਦੇ ਹਨ, ਜਿਸ ਕਾਰਨ ਖੁਜਲੀ ਦੀ ਸਮੱਸਿਆ ਹੋ ਸਕਦੀ ਹੈ। ਆਮ ਤੌਰ 'ਤੇ ਇਹ ਸਮੱਸਿਆ ਚਿਹਰੇ 'ਤੇ ਹੁੰਦੀ ਹੈ, ਜਿਸ ਕਾਰਨ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਸ਼ਾਇਦ ਲਿਵਰ ਦੀ ਕੋਈ ਸਮੱਸਿਆ ਹੈ।

# ਗਰਮੀਆਂ 'ਚ ਸੁਪਰਫੂਡ ਅਖਵਾਉਂਦਾ ਹੈ ਖੀਰਾ



ਖੀਰਾ ਇੱਕ ਅਜਿਹਾ ਫੂਡ ਹੈ, ਜਿਸ ਨੂੰ ਆਮ ਤੌਰ 'ਤੇ ਸਲਾਦ ਦੇ ਰੂਪ ਵਿੱਚ ਖਾਧਾ ਜਾਂਦਾ ਹੈ। ਗਰਮੀ ਨੂੰ ਹਰਾਉਣ ਤੋਂ ਇਲਾਵਾ, ਇਹ ਭਾਰ ਘਟਾਉਣ ਵਿਚ ਮਦਦ ਕਰਦਾ ਹੈ ਅਤੇ ਪਾਚਨ ਵਿਚ ਸੁਧਾਰ ਕਰਦਾ ਹੈ। ਇਸ ਲਈ ਇਸਨੂੰ ਗਰਮੀਆਂ ਦਾ ਸੁਪਰਫੂਡ ਕਿਹਾ ਜਾਂਦਾ ਹੈ। ਆਓ ਜਾਣਦੇ ਹਾਂ ਇਸ ਨੂੰ ਡਾਈਟ ਦਾ ਹਿੱਸਾ ਬਣਾਉਣ ਦੇ ਕੁਝ ਫਾਇਦੇ-

**ਹੀਟ ਸਟ੍ਰੋਕ ਤੋਂ ਬਚਾ -** ਅੱਤ ਦੀ ਗਰਮੀ ਕਾਰਨ ਲੋਕ ਅਕਸਰ ਸਟ੍ਰੋਕ ਦਾ ਸ਼ਿਕਾਰ ਹੋ ਜਾਂਦੇ ਹਨ। ਅਜਿਹੇ 'ਚ ਖੀਰੇ 'ਚ ਮੌਜੂਦ ਕੂਲਿੰਗ ਗੁਣ ਨਾ ਸਿਰਫ ਸੁਰ-ਖਿਆ ਪ੍ਰਦਾਨ ਕਰਦੇ ਹਨ ਸਗੋਂ ਰਾਹਤ ਵੀ ਦਿੰਦੇ ਹਨ। ਜੇਕਰ ਤੁਸੀਂ ਹੀਟਸਟ੍ਰੋਕ ਤੋਂ ਪੀੜਤ ਹੋ ਤਾਂ ਇਸ ਤੋਂ ਰਾਹਤ ਪਾਉਣ ਲਈ ਤੁਸੀਂ ਖੀਰੇ ਦੇ ਟੁਕੜਿਆਂ ਨੂੰ ਆਪਣੇ ਸਿਰ 'ਤੇ ਰੱਖ ਸਕਦੇ ਹੋ।

**ਭਾਰ ਘਟਾਉਣ 'ਚ ਮਦਦਗਾਰ-** ਘੱਟ ਕੈਲੋਰੀ ਅਤੇ ਫਾਈਬਰ ਨਾਲ ਭਰਪੂਰ ਹੋਣ ਕਾਰਨ, ਖੀਰਾ ਗਰਮੀਆਂ ਦੇ ਮੌਸਮ ਵਿੱਚ ਭਾਰ ਘਟਾਉਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਇਹ ਕਈ ਤਰ੍ਹਾਂ ਦੇ ਐਂ-ਟੀਆਕਸੀਡੈਂਟਸ ਅਤੇ ਫਲੇਵੋਨੋਇਡਸ ਨਾਲ ਸਰੀਰ ਨੂੰ ਪੋਸ਼ਣ ਦੇਣ ਵਿੱਚ ਵੀ ਮਦਦ ਕਰ ਸਕਦਾ ਹੈ।

**ਅੱਖਾਂ ਨੂੰ ਆਰਾਮ ਦਿਓ-** ਜੇ ਤੁਹਾਡੀਆਂ ਅੱਖਾਂ ਗਰਮੀ ਦੇ ਕਾਰਨ ਥੱਕੀਆਂ ਹੋਈਆਂ ਹਨ ਜਾਂ ਸੁੱਜੀਆਂ ਹੋਈਆਂ ਹਨ ਤਾਂ 10-15 ਮਿੰਟ ਲਈ ਅੱਖਾਂ 'ਤੇ ਖੀਰੇ ਦਾ ਟੁਕੜਾ ਰੱਖਣ ਨਾਲ ਤਣਾਅ ਤੋਂ ਰਾਹਤ ਮਿਲ ਸਕਦੀ ਹੈ ਅਤੇ ਤੁਹਾਡੀਆਂ ਅੱਖਾਂ ਤਾਜ਼ਗੀ ਮਹਿਸੂਸ ਕਰਨਗੀਆਂ।

# ਬਾਹਰ ਗਏ ਅੱਲ੍ਹੜ ਉਮਰ ਦੇ ਨੌਜਵਾਨਾਂ ਸਿਰ ਜ਼ਿੰਮੇਵਾਰੀਆਂ ਦੀ ਪੰਡ

ਇਨ੍ਹਾਂ ਬੱਚਿਆਂ ਦੀ ਪ੍ਰਸ਼ੰਸਾ ਕਰਨੀ ਬਣਦੀ ਆ ਕਿ ਉਹ ਬਹੁਤ ਬਹਾਦਰ ਤੇ ਸੁਲਝੇ ਹੋਏ ਹੁੰਦੇ ਹਨ। ਜਿਹੜੇ ਪਰਾਏ ਮੁਲਕ ਨੂੰ ਆਪਣਾ ਮੁਲਕ ਬਣਾ ਕੇ ਸਖ਼ਤ ਮਿਹਨਤ ਸਦਕਾ ਆਪਣਾ ਚੰਗਾ ਜੀਵਨ ਜਿਉਂਦੇ ਹਨ ਤੇ ਉੱਥੇ ਚੰਗਾ ਰੁਤਬਾ ਵੀ ਬਣਾ ਲੈਂਦੇ ਹਨ। ਜੁੱਗ-ਜੁੱਗ ਜਿਉਣ ਸਾਰੇ ਪਰਦੇਸੀ ਪੁੱਤਰ ਤੇ ਧੀਆਂ। ਵਾਹਿਗੁਰੂ ਹਮੇਸ਼ਾ ਇਨ੍ਹਾਂ ਦੇ ਅੰਗ-ਸੰਗ ਸਹਾਈ ਰਹਿਣ, ਰਹਿਣ ਬਹਿਣ ਰਤਿਤੱਲ- ਬਹਿਤੱਲ, ਰਹਿਣੀ-ਬਹਿਣੀ ਇਹ ਸਭ ਇੱਕੋ ਜਿਹੇ ਅਰਥ ਰੱਖਣ ਵਾਲੇ ਹੀ ਸ਼ਬਦ ਹਨ ਅਤੇ ਲਗਪਗ ਇੱਕੋ ਜਿਹੇ ਥਾਵਾਂ 'ਤੇ ਹੀ ਵਰਤੇ ਜਾਂਦੇ ਹਨ ਪਰ ਅਸਲੀਅਤ ਵਿਚ ਰਹਿਣ-ਸਹਿਣ ਦੇ ਦੋ ਅਰਥ ਹਨ। ਪਹਿਲਾ ਅਰਥ ਤਾਂ ਇਹ ਹੈ ਕਿ ਕਿਸੇ ਵਿਅਕਤੀ ਦਾ ਜੀਵਨ ਪੱਧਰ ਕਿਹੋ ਜਿਹਾ ਹੈ ?

ਉਸ ਵਿਅਕਤੀ ਦੀ ਆਮਦਨ ਕਿੰਨੀ ਕੁ ਹੈ? ਉਹ ਕਿੰਨਾ ਕੁ ਸੈਰ-ਸਪਾਟਾ ਕਰਦਾ ਹੈ ? ਉਸ ਨੂੰ ਕਿੰਨੀਆਂ ਕੁ ਪਦਾਰਥਵਾਦੀ ਵਸਤਾਂ ਪਸੰਦ ਹਨ ਅਤੇ ਉਹ ਕਿੰਨੀਆਂ ਕੁ ਪਦਾਰਥਵਾਦੀ ਵਸਤੂਆਂ ਖ਼ਰੀਦਦੇ ਹਨ? ਇਸ ਦਾ ਦੂਸਰਾ ਅਰਥ ਜੀਵਨ-ਜਾਚ ਵਜੋਂ ਲਿਆ ਜਾਂਦਾ ਹੈ। ਇਸ ਵਿਚ ਸਮਾਜਿਕ ਬਣਤਰ ਦਾ ਤਾਣਾ-ਪੇਟਾ ਹੁੰਦਾ ਹੈ ਕਿ ਵਿਅਕਤੀ ਕਿਸ ਤਰ੍ਹਾਂ ਦਾ ਵਰਤ-ਵਰਤਾਰਾ ਕਰਦਾ ਹੈ? ਉਸਦੇ ਆਪਣੇ ਆਲੇ-ਦੁਆਲੇ ਦੇ ਲੋਕਾਂ ਨਾਲ ਕੀ ਵਤੀਰਾ ਹੈ? ਉਹ ਕਿਸ ਤਰ੍ਹਾਂ ਦੀਆਂ ਸਮਾਜਿਕ ਕਦਰਾਂ-ਕੀਮਤਾਂ ਦਾ ਧਾਰਨੀ ਹੈ? ਉਸਦੀ ਸ਼ਖ਼ਸੀਅਤ ਵਿਚ ਨੈਤਿਕ ਗੁਣ ਕਿੰਨੇ ਕੁ ਸ਼ਾਮਿਲ ਹਨ ਭਾਵ ਕਿ ਉਸ ਵਿਅਕਤੀ ਦੇ ਵਿਅਕਤੀਗਤ ਦੇ ਹਰ ਪਹਿਲੂ ਦੀ ਵਿਆਖਿਆ। ਸਦੀਆਂ ਪਹਿਲਾਂ ਦੂਸਰੇ ਪਹਿਲੂ ਨੂੰ ਬਹੁਤ ਜ਼ਿਆਦਾ ਤਵੱਜੋ ਦਿੱਤੀ ਜਾਂਦੀ ਸੀ ਅਤੇ ਵਿਚਾਰਿਆ ਜਾਂਦਾ ਸੀ। ਨੈਤਿਕ ਗੁਣਾਂ ਨੂੰ ਹੀ ਵਿਅਕਤੀ ਦੀ ਸ਼ਖ਼ਸੀਅਤ ਦਾ ਸ਼ਿੰਗਾਰ ਮੰਨਿਆ ਜਾਂਦਾ ਸੀ। ਜਿਸ ਵੀ ਵਿਅਕਤੀ ਵਿਚ ਲਿਆਕਤ ਹੁੰਦੀ ਸੀ, ਉਸ ਦਾ ਸੱਚਿਓਂ ਹੀ ਬਹੁਤ ਮਾਣ-ਸਤਿਕਾਰ ਕੀਤਾ ਜਾਂਦਾ ਸੀ। ਅੰਦਰੂਨੀ ਗੁਣਾਂ ਦਾ ਬਹੁਤ ਹੀ ਮੁੱਲ ਸੀ।

ਲੋਕ ਦਿਲ ਦੇ ਬਹੁਤ ਅਮੀਰ ਹੁੰਦੇ ਸਨ, ਤਾਂ ਹੀ

**ਸਿਮਰਜੀਤ ਸਿੰਮੀ**

ਤਾਂ ਸੰਯੁਕਤ-ਪਰਿਵਾਰ ਪ੍ਰਣਾਲੀ ਪ੍ਰਚੱਲਿਤ ਸੀ। ਲੋਕ ਬਹੁਤ ਸਬਰ-ਸੰਤੋਖ ਵਾਲੇ ਹੁੰਦੇ ਸਨ, ਉਨ੍ਹਾਂ ਦੇ ਮਨਾਂ 'ਚ ਠਹਿਰਾਓ ਸੀ। ਉਨ੍ਹਾਂ 'ਚ ਕਿਸੇ ਵੀ ਕਿਸਮ ਦਾ ਕੋਈ ਕਾਹਲਾਪਨ ਨਹੀਂ ਹੁੰਦਾ ਸੀ। ਉਹ ਹਰ ਇੱਕ ਨੂੰ ਦਿਲੋਂ ਮੁਹੱਬਤ ਕਰਨ ਵਾਲੇ ਲੋਕ ਹੁੰਦੇ ਸਨ। ਉਹ ਦੂਸਰਿਆਂ ਦੀ ਮਦਦ ਕਰਨ ਲਈ ਹਮੇਸ਼ਾ ਤੱਤਪਰ ਰਹਿੰਦੇ ਸਨ। ਉਹ ਬਹੁਤਾ ਉਚ-ਨੀਚ ਅਤੇ ਭੇਦ-ਭਾਵ ਵਿਚ ਨਹੀਂ ਪੈਂਦੇ ਸਨ। ਜ਼ਿਆਦਾਤਰ ਲੋਕ ਖੁਸ਼-ਮਿਜ਼ਾਜ਼ ਪ੍ਰਵਿਰਤੀ ਦੇ ਮਾਲਕ ਹੁੰਦੇ ਸਨ। ਇੱਕ ਦੂਜੇ ਨੂੰ ਹਾਸੇ-ਠੱਠੇ ਕਰਨਾ, ਮਖ਼ੌਲ ਕਰਨਾ ਉਨ੍ਹਾਂ ਦੀ ਰੂਹ ਦੀ ਖ਼ੁਰਾਕ ਹੁੰਦੀ ਸੀ। ਘਰ ਦੀਆਂ ਔਰਤਾਂ ਵੀ ਘਰੇਲੂ ਕੰਮਾਂ ਨੂੰ ਰੀਝ ਅਤੇ ਦਿਲੋਂ ਅਹਿਮੀਅਤ ਦੇ ਕੇ ਕਰਦੀਆਂ ਸਨ। ਸਾਂਝੇ ਪਰਿਵਾਰਾਂ ਵਿੱਚ ਕੀਤੀਆਂ ਜਾਂਦੀਆਂ ਨੋਕਾਂ-ਝੋਕਾਂ ਉਨ੍ਹਾਂ ਦੇ ਮਨੋਰੰਜਨ ਦਾ ਸਾਧਨ ਹੋਇਆ ਕਰਦੀਆਂ ਸਨ। ਉਨ੍ਹਾਂ ਔਰਤਾਂ ਵਿਚ ਵੀ ਮੇਰ-ਤੇਰ ਦੀ ਭਾਵਨਾ ਨਹੀਂ ਹੁੰਦੀ ਸੀ। ਤਾਂ ਕਰਕੇ ਘਰ ਦਾ ਮਾਹੌਲ ਹਮੇਸ਼ਾ ਖੁਸ਼ਗਵਾਰ ਬਣਿਆ ਰਹਿੰਦਾ ਸੀ। ਉਹ ਹਮੇਸ਼ਾ ਠਬੰਦੀ ਸੁੱਖ ਚਾਹੀਦੀ ਏ'' ਧਾਰਨਾ ਨੂੰ ਮੰਨਦੀਆਂ ਸਨ। ਉਸ ਸਮੇਂ ਦੇ ਲੋਕ ਪਦਾਰਥਵਾਦੀ ਨਹੀਂ ਸਨ। ਚੀਜ਼ਾਂ ਦੇ ਨੁਕਸਾਨ ਨੂੰ ਘੱਟ ਨੁਕਸਾਨ ਸਮਝਿਆ ਜਾਂਦਾ ਸੀ ਸਗੋਂ ਟੁੱਟਿਆ ਹੋਇਆ ਜੋੜਨ ਦਾ ਰਿਵਾਜ ਸੀ। ਟੁੱਟਿਆ ਭਾਵੇਂ ਰਿਸ਼ਤਾ ਹੋਵੇ, ਭਾਵੇਂ ਕੋਈ ਵਸਤੂ ਦੁਬਾਰਾ ਜੋੜ ਕੇ ਚਿਰ ਸਥਾਈ ਹੰਢਾਇਆ ਜਾਂਦਾ ਸੀ। 'ਜੀਆਂ ਨਾਲ ਹੀ ਘਰ ਰੌਣਕਾਂ ਹੁੰਦੀ' ਨੂੰ ਤਰਜੀਹ ਦਿੱਤੀ ਜਾਂਦੀ ਤਾਂ ਹੀ ਤਾਂ ਕਈਪੀੜ੍ਹੀਆਂ ਛੋਟੇ-ਛੋਟੇ ਘਰਾਂ 'ਚ ਹੀ ਵਧੀਆ ਜੀਵਨ ਬਸਰ ਕਰ ਲੈਂਦੀਆਂ ਸਨ।





**ਸਮੇਂ ਦੀ ਕਰਵਟ**

ਪਰ ਹੁਣ ਸਮੇਂ ਨੇ ਅਜਿਹੀ ਅਜਿਹੀ ਕਰਵਟ ਲਈ ਹੈ ਕਿ ਲੋਕਾਂ ਦੀ ਸੋਚ ਪਦਾਰਥਵਾਦੀ ਹੋ ਗਈ ਹੈ।ਹੁਣ ਠਬੰਦੇ ਦਾ ਬੰਦਾ ਦਾਰੂ'' ਵਾਲੀ ਗੱਲ ਖ਼ਤਮ ਹੋ ਗਈ। 'ਬਾਪ ਬੜਾ ਨਾ ਭਈਆ ਸਭ ਸੇ ਬੜਾ ਰੁਪਈਆ' ਵਾਲਾ ਸਮਾਂ ਆ ਗਿਆ। ਪਰਿਵਾਰ ਇਕੱਲੇ-ਇਕਹਿਰੇ ਹੋ ਗਏ ਹਨ। ਘਰ 'ਚ ਚਾਰ ਜੀਅ ਭਾਵ ਮਾਂ-ਬਾਪ ਤੇ ਬੱਚੇ ਹੀ ਹੁੰਦੇ।ਭੈਣ -ਭਰਾ ਵੱਖਰੇ -ਵੱਖਰੇ ਮਕਾਨਾਂ ਵਿੱਚ ਰਹਿਣਾ ਪਸੰਦ ਕਰਦੇ ਹਨ।

**ਕਈ ਮੀਲਾਂ ਦੀ ਲੰਬੀ ਉਡਾਰੀ**

ਹੁਣ ਸਮੇਂ ਨੇ ਹੋਰ ਵੀ ਵੱਡੀ ਪਲਟੀ ਮਾਰੀ ਹੈ। ਇਕਹਿਰੇ ਪਰਿਵਾਰਾਂ 'ਚੋਂ ਵੀ ਬੱਚੇ ਪੰਛੀਆਂ ਦੇ ਬੱਚਿਆਂ ਵਾਂਗ ਕਈ ਮੀਲਾਂ ਦੀ ਲੰਬੀ ਉਡਾਰੀ ਮਾਰ ਪ੍ਰਦੇਸ ਜਾ ਬਹਿੰਦੇ ਹਨ। ਇੱਧਰ ਘਰਾਂ ਦੇ ਘਰ ਖ਼ਾਲੀ ਹੋ ਰਹੇ ਹਨ। ਪਿੱਛੇ ਬੈਠੇ ਮਾਂ-ਬਾਪ ਆਪਣੇ ਆਪ ਨੂੰ ਇਕੱਲੇਪਣ ਦਾ ਸ਼ਿਕਾਰ ਹੋ ਗਏ ਸਮਝਦੇ ਹਨ। ਉਨ੍ਹਾਂ ਦੀ ਅਵਸਥਾ ਅਜਿਹੀ ਹੋ ਗਈ ਆ ਕਿ ਉਹ ਚਾਹ ਕਿ ਵੀ ਨਾ ਤਾਂ ਬੱਚਿਆਂ ਨੂੰ ਭੱਜ ਕੇ ਮਿਲਣ ਜਾ ਸਕਦੇ ਹਨ ਤੇ ਨਾ ਹੀ ਬੱਚਿਆਂ ਨੂੰ ਇਕਦਮ ਕੋਲ ਬੁਲਾ ਸਕਦੇ ਹਨ। ਜਿਸ ਕਰਕੇ ਮਾਪੇ ਡਿਪਰੈਸ਼ਨ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਜੋ ਕਾਫ਼ੀ ਚਿੰਤਾਜਨਕ ਹੈ।

**ਜ਼ਿੰਦਗੀ ਜਿਉਣ ਦਾ ਢੰਗ**

ਮੌਸਮ ਅਤੇ ਵਾਤਾਵਰਣ ਦਾ ਪੂਰਾ ਫ਼ਰਕ ਹੋਣ ਦੇ ਬਾਵਜੂਦ ਉਸ 'ਚ ਵਧੀਆ ਐਡਜਸਟਮੈਂਟ ਕਰ ਲੈਂਦੇ ਹਨ। ਪੜ੍ਹਾਈ ਕਰਦੇ-ਕਰਦੇ ਆਪਣੇ ਲਈ ਖਾਣਾ ਬਣਾਉਂਦੇ ਸਮਾਨ ਢੋਂਹਦੇ-ਢੋਂਹਦੇ, ਹੌਲੀ- ਹੌਲੀ ਚੰਗੀ ਜ਼ਿੰਦਗੀ ਜਿਉਣ ਦਾ ਢੰਗ ਸਿੱਖ ਲੈਂਦੇ ਹਨ। ਭਾਵੇਂ ਉਨ੍ਹਾਂ ਲਈ ਇਹ ਸਭ ਕਰਨਾ ਅਤੀ ਮੁਸ਼ਕਲ ਹੁੰਦਾ ਹੋਵੇਗਾ। ਕਿਉਂਕਿ ਅਮੂਮਨ ਬੱਚੇ ਇਸ ਉਮਰੇ ਬੇਫ਼ਿਕਰੀ ਜ਼ਿੰਦਗੀ ਜਿਉਣ ਦੇ ਆਦੀ ਹੁੰਦੇ ਹਨ। ਉੱਥੇ ਇਕਦਮ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਪੈ ਜਾਂਦੀਆਂ ਹਨ ਪਰ ਫੇਰ ਵੀ ਬੱਚੇ ਜ਼ਿੰਦਗੀ ਨੂੰ ਵਧੀਆ ਢੰਗ ਨਾਲ ਜਿਉਣ ਲੱਗ ਜਾਂਦੇ ਹਨ।

**ਰਿਸ਼ਤੇਦਾਰਾਂ ਰੂਪੀ ਚੰਗੀਆਂ ਰੂਹਾਂ ਵਾਲੇ**

ਉਨ੍ਹਾਂ 'ਚੋਂ ਇੱਕਾ-ਦੁੱਕਾ ਖੁਸ਼ਕਿਸਮਤ ਹੁੰਦੇ ਹਨ ਉਹ ਬੱਚੇ ਜਿਨ੍ਹਾਂ ਨੂੰ ਉਨ੍ਹਾਂ ਦੇ ਨੇੜਲੇ ਜਾਂ ਦੂਰ ਦੇ ਰਿਸ਼ਤੇਦਾਰਾਂ ਦਾ ਆਸਰਾ ਮਿਲ ਜਾਂਦਾ।

ਉਨ੍ਹਾਂ ਨੂੰ ਆਪਣੇ ਰਿਸ਼ਤੇਦਾਰਾਂ ਰੂਪੀ ਚੰਗੀਆਂ ਰੂਹਾਂ ਵਾਲੇ ਲੋਕਾਂ ਦੇ ਮੇਲ ਸਦਕਾ ਘੱਟ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ। ਨਹੀਂ ਤਾਂ ਛੋਟੀ ਉਮਰ ਵਿਚ ਤਜਰਬਿਆਂ ਦੀ ਘਾਟ ਹੋਣ ਕਰਕੇ ਵੱਖਰੀਆਂ-ਵੱਖਰੀਆਂ ਚੁਣੌਤੀਆਂ ਦਾ ਸਾਹਮਣਾ ਕਰਦੇ ਰਹਿੰਦੇ ਹਨ। ਲੜਕੀਆਂ ਲਈ ਤਾਂ ਅਜਿਹੇ ਮੁਲਕਾਂ 'ਚ ਘਰਦਿਆਂ ਤੋਂ ਕੋਹਾਂ ਦੂਰ ਰਹਿ ਜੀਵਨ ਬਸਰ ਦਾ ਸ਼ੁਰੂਆਤੀ ਦੌਰ ਹੋਰ ਵੀ ਮੁਸ਼ਕਿਲ ਹੁੰਦਾ ਹੈ।


**ਜੁੱਗ ਜੁੱਗ ਜਿਉਣ**

ਇਨ੍ਹਾਂ ਬੱਚਿਆਂ ਦੀ ਪ੍ਰਸ਼ੰਸਾ ਕਰਨੀ ਬਣਦੀ ਆ ਕਿ ਉਹ ਬਹੁਤ ਬਹਾਦਰ ਤੇ ਸੁਲਝੇ ਹੋਏ ਹੁੰਦੇ ਹਨ। ਜਿਹੜੇ ਪਰਾਏ ਮੁਲਕ ਨੂੰ ਆਪਣਾ ਮੁਲਕ ਬਣਾ ਕੇ ਸਖ਼ਤ ਮਿਹਨਤ ਸਦਕਾ ਆਪਣਾ ਚੰਗਾ ਜੀਵਨ ਜਿਉਂਦੇ ਹਨ ਤੇ ਉੱਥੇ ਚੰਗਾ ਰੁਤਬਾ ਵੀ ਬਣਾ ਲੈਂਦੇ ਹਨ। ਜੁੱਗ-ਜੁੱਗ ਜਿਉਣ ਸਾਰੇ ਪਰਦੇਸੀ ਪੁੱਤਰ ਅਤੇ ਧੀਆਂ। ਵਾਹਿਗੁਰੂ ਹਮੇਸ਼ਾ ਇਨ੍ਹਾਂ ਦੇ ਅੰਗ-ਸੰਗ ਸਹਾਈ ਰਹਿਣ, ਇਹ ਮਿਹਨਤ ਦਾ ਪੱਲਾ ਫੜੀ ਰੱਖਣ ਅਤੇ ਇਹ ਕੰਮ ਹੀ ਪੂਜਾ ਦੇ ਧਾਰਨੀ ਬਣਨ। ਹਮੇਸ਼ਾ ਚੜ੍ਹਦੀ ਕਲਾ ਵਾਲਾ ਜੀਵਨ ਜਿਉਣ ਤਾਂ ਕਿ ਇਨ੍ਹਾਂ ਪਰਦੇਸੀਆਂ ਦੇ ਮਾਪਿਆਂ ਨੂੰ ਸੁੱਖ ਦਾ ਸਾਹ ਆਉਂਦਾ ਰਵੇ। ਇਕ ਗੱਲ ਹੋਰ ਪਰਮਾਤਮਾ ਪਰਾਈ ਧਰਤੀ 'ਤੇ ਵੱਸਦੇ ਸਾਰੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਨ, ਨੌਕਰੀ ਕਰਨ ਦਾ ਬਲ ਬਖ਼ਸ਼ੇ ਅਤੇ ਨਾਲ-ਨਾਲ ਆਪਣੀ ਮਿੱਟੀ ਨਾਲ ਜੁੜਨ ਦੀ ਸੁਮੱਤ ਵੀ ਦੇਵੇ। ਰੱਬ ਮਿਹਰ ਕਰੇ !

# ਪਾਲਤੂ ਜਾਨਵਰਾਂ ਦੀ ਕਦਰ ਘਰ ਦੇ ਬਜ਼ੁਰਗਾਂ ਨਾਲੋਂ ਜ਼ਿਆਦਾ ਹੁੰਦੀ ਹੈ

ਆਮ ਤੌਰ 'ਤੇ ਦੇਖਿਆ ਜਾਂਦਾ ਹੈ ਕਿ ਲੋਕ ਜਦੋਂ ਜਵਾਨੀ ਵਿਚ ਹੁੰਦੇ ਹਨ ਤਾਂ ਜ਼ਿਆਦਾਤਰ ਤੇ ਖ਼ਾਸ ਕਰਕੇ ਪੁਰਸ਼ ਇਹ ਵਹਿਮ ਪਾਲ ਲੈਂਦੇ ਹਨ ਕਿ ਉਨ੍ਹਾਂ ਦੀ ਜ਼ਿੰਦਗੀ ਵਿਚ ਹੋਰ ਕੁਝ ਵੀ ਵਾਪਰ ਸਕਦਾ ਹੈ ਪਰ ਉਹ ਕਦੇ ਬੁੱਢੇ ਨਹੀਂ ਹੋਣਗੇ। ਸ਼ਾਇਦ ਇਸੇ ਕਰਕੇ ਉਹ ਜਵਾਨੀ ਵਿਚ ਹਮੇਸ਼ਾ ਹੰਕਾਰ ਵਿਚ ਗੜੁੱਚ ਰਹਿੰਦੇ ਹਨ। ਬਹੁਤੇ ਆਪਣੀ ਸ਼ਕਲ, ਸਰੀਰ, ਸ਼ਾਨੋ-ਸ਼ੌਕਤ, ਜ਼ਮੀਨ-ਜਾਇਦਾਦ ਤੇ ਖ਼ੂਬਸੂਰਤੀ ਉੱਪਰ ਘੁਮੰਡ ਕਰਦੇ ਹਨ। ਹੋਰਨਾਂ ਨੂੰ ਤਾਂ ਟਿੱਚ ਸਮਝਦੇ ਹੀ ਹਨ, ਉਹ ਤਾਂ ਆਪਣੇ ਘਰ ਦੇ ਬਜ਼ੁਰਗਾਂ ਸਮੇਤ ਆਮ ਬਜ਼ੁਰਗਾਂ ਨੂੰ ਵੀ ਟਿੱਚ ਸਮਝਦੇ ਹਨ। ਉਨ੍ਹਾਂ ਦਾ ਮਜ਼ਾਕ ਉਡਾਉਂਦੇ ਹਨ। ਉਨ੍ਹਾਂ ਨੂੰ ਇੰਜ ਲੱਗਦਾ ਹੈ ਕਿ ਇਹ ਜੋ ਬਜ਼ੁਰਗ ਹੁੰਦੇ ਹਨ ਉਹ ਤਾਂ ਪੈਦਾਇਸ਼ੀ ਬਜ਼ੁਰਗ ਹੁੰਦੇ ਹਨ ਤੇ ਉਹ ਆਪ ਜਮਾਂਦਰੂ ਜਵਾਨ ਪੈਦਾ ਹੋਏ ਹਨ ਤੇ ਤਾਉਮਰ ਜਵਾਨ ਹੀ ਰਹਿਣਗੇ। ਉਹ ਇਹ ਭੁੱਲ ਜਾਂਦੇ ਹਨ ਕਿ ਸਮਾਂ ਨਾ ਤਾਂ ਕਿਸੇ ਦਾ ਸਕਾ ਹੋਇਆ ਹੈ ਅੱਜ ਤੱਕ ਤੇ ਨਾ ਹੀ ਕਿਸੇ ਦਾ ਗ਼ੁਲਾਮ। ਸਮਾਂ ਤਾਂ ਮਸਤੇ ਹਾਥੀ ਵਾਂਗ ਆਪਣੀ ਚਾਲੇ ਨਿਰ-ਤਰ ਤੇ ਨਿਰਵਿਘਨ ਤੁਰਿਆ ਰਹਿੰਦਾ ਹੈ। ਇਸੇ 'ਸਮੇਂ' ਬਾਰੇ ਪ੍ਰਸਿੱਧ ਕਵੀ ਭਾਈ ਵੀਰ ਸਿੰਘ ਨੇ ਕੁਝ ਇੰਜ ਲਿਖਿਆ ਹੈ: ਫੜ ਫੜ ਰਹੀ ਧਰੀਕ, 'ਸਮੇਂ' ਖਿਸਕਾਈ ਕੰਨੀ...

ਭਾਈ ਵੀਰ ਸਿੰਘ ਨੇ ਤਾਂ ਇਨਸਾਨ ਨੂੰ ਸਮਝਾਉਣ ਦੀ ਪੂਰੀ ਕੋਸ਼ਿਸ਼ ਕੀਤੀ ਹੈ ਪਰ ਦਿਮਾਗ ਤੋਂ ਪੈਦਲ ਕੁਝ ਨੌਜਵਾਨ ਮੁੰਡੇ ਕਿੰਨਾ ਵੱਡਾ ਵਹਿਮ ਪਾਲ ਕੇ ਬੈਠੇ ਹਨ ਕਿ ਸਮੇਂ ਨੂੰ ਬੰਨ੍ਹਿਆ ਜਾ ਸਕਦਾ ਹੈ। ਥੰਮਿਆ ਜਾ ਸਕਦਾ ਹੈ। ਉਹ ਕਿੰਨੇ ਨਾਸਮਝ ਤੇ ਤਰਸ ਦੇ ਪਾਤਰ ਹਨ। ਉਹ ਨਹੀਂ ਜਾਣਦੇ ਕਿ ਜੋ ਜੰਮਿਆ ਹੈ, ਉਹ ਵਕਤ ਨਾਲ ਜਵਾਨ ਵੀ ਹੋਵੇਗਾ, ਵਕਤ ਦੇ ਨਾਲ ਹੀ ਬਜ਼ੁਰਗ ਤੇ ਵਕਤ ਦੇ ਨਾਲ ਹੀ ਫ਼ੌਤ ਵੀ ਹੋਵੇਗਾ। ਦੋਸਤੋ, ਅੱਜ ਦਾ ਯੁੱਗ ਡਿਜੀਟਲ ਯੁੱਗ ਹੈ। ਭਾਵ ਸੋਸ਼ਲ ਮੀਡੀਆ ਦਾ ਯੁੱਗ ਹੈ। ਇਸ ਦੇ ਚੱਲਦਿਆਂ ਦੁਨੀਆ ਭਾਵੇਂ ਨੇੜੇ ਹੋ ਗਈ ਹੈ ਇਕ ਗਲੋਬਲ ਪਿੰਡ ਦਾ ਰੂਪ ਧਾਰ ਚੁੱਕੀ ਹੈ ਪਰ ਉਸੇ ਪਿੰਡ ਦੇ ਇਕ ਘਰ




ਵਿਚ ਰਹਿੰਦੇ ਸਾਰੇ ਜੀਅ ਇਕ-ਦੂਸਰੇ ਤੋਂ ਕਿਵੇਂ ਦੂਰ ਹੋ ਚੁੱਕੇ ਹਨ। ਉਨ੍ਹਾਂ ਦੇ ਰਿਸ਼ਤੇ-ਨਾਤਿਆਂ ਵਿਚ ਕਿੰਨੀਆ ਲੰਮੀਆਂ ਦੂਰੀਆਂ ਆ ਗਈਆਂ ਹਨ। ਡੂੰਘੀਆਂ ਖਾਈਆਂ ਪੈ ਗਈਆਂ ਹਨ। ਨਿਘਾਰ ਆ ਗਿਆ ਹੈ। ਸਾਰੇ ਆਪੋ-ਆਪਣੀ ਕੁਦਰਤ ਵੱਲੋਂ ਬਖ਼ਸ਼ੀ ਨਹੀਂ ਸਗੋਂ ਡਿਜੀਟਲ ਭਾਵ ਬਿਜਲਈ ਦੁਨੀਆ ਵਿਚ ਮਸਰੂਫ਼ ਹਨ। ਗੁਆਚੇ ਤੇ ਖੁੰਝੇ ਹੋਏ ਹਨ। ਕੋਈ ਕਿਸੇ ਦੀ ਪਰਵਾਹ ਨਹੀਂ ਕਰਦਾ ਤੇ ਨਾ ਹੀ ਕਿਸੇ ਹੋਰ ਦੀ ਛੋਹ ਤੇ ਸਾਥ ਦੀ ਜ਼ਰੂਰਤ ਮਹਿਸੂਸ ਕਰਦਾ ਹੈ। ਇਸ ਬਿਜਲਈ ਯੁੱਗ ਬਾਰੇ ਗੱਲਾਂ ਤੇ ਮੁੱਦੇ ਹੋਰ ਵੀ ਹਨ ਪਰ ਅੱਜ ਅਸੀਂ ਆਧੁਨਿਕ ਜਵਾਨ ਪੀੜ੍ਹੀ ਦੀ ਬਜ਼ੁਰਗਾਂ ਬਾਰੇ ਸੋਚ ਤੇ ਵਿਚਾਰ ਬਾਰੇ ਚਰਚਾ ਕਰਾਂਗੇ। ਮੈਂ ਕਈ ਵਾਰ ਦੇਖਿਆ ਹੈ ਕਿ ਜਦੋਂ ਕੁਝ ਬਜ਼ੁਰਗ ਲੋਕ ਸੋਸ਼ਲ ਮੀਡੀਆ ਉੱਪਰ ਆਪਣੀਆਂ ਪੋਸਟਾਂ ਪਾਉਂਦੇ ਹਨ ਤਾਂ ਉਨ੍ਹਾਂ ਪੋਸਟਾਂ ਬਾਰੇ ਜ਼ਿਆਦਾਤਰ ਜਵਾਨ ਮੁੰਡੇ ਅਸ਼ਲੀਲ, ਭੱਦੀਆਂ ਤੇ ਘਟੀਆ ਟਿੱਪਣੀਆਂ ਕਰਦੇ ਹਨ।

ਜੋ ਇਸ ਗੱਲ ਦੀ ਸ਼ਾਹਦੀ ਭਰਦੀਆਂ ਹਨ ਕਿ ਉਨ੍ਹਾਂ ਦੇ ਦਿਲ ਅੰਦਰ ਬਜ਼ੁਰਗਾਂ ਪ੍ਰਤੀ ਸਤਿਕਾਰ ਦੀ ਘਾਟ ਹੈ। ਉਦਾਹਰਨ ਦੇ ਤੌਰ 'ਤੇ ਪਿੱਛੇ ਜਿਹੇ ਇਕ 60-65 ਸਾਲ ਦੀ ਔਰਤ ਨੇ ਬਣ-ਠਣ ਕੇ ਇਕ ਫਿਲਮੀ ਗਾਣੇ ਉੱਪਰ ਆਪਣੇ ਨੱਚਣ ਦੀ ਵੀਡੀਓ ਪਾਈ। ਉਹ ਆਪਣੇ ਮਨ ਦੀਆਂ ਰੀਝਾਂ ਪੂਰੀਆਂ ਕਰ ਰਹੀ ਸੀ। ਬਸ ਫਿਰ ਕੀ ਸੀ, ਕੁਝ ਨੌਜਵਾਨ ਮੁੰਡਿਆਂ ਦੀਆਂ ਭੱਦੀਆਂ ਟਿੱਪਣੀਆਂ ਦਾ ਹੜ੍ਹ ਆ ਗਿਆ। ਕੁਝ ਨੂੰ ਪੜ੍ਹ ਕੇ ਮੇਰਾ ਮਨ ਉਦਾਸ ਤਾਂ ਹੋਇਆ ਹੀ ਪਰ ਉਸ ਬਜ਼ੁਰਗ ਔਰਤ ਦੇ ਮਨ 'ਤੇ ਕੀ ਗੁਜ਼ਰੀ ਹੋਵੇਗੀ, ਇਹ ਤਾਂ ਉਹੀ ਜਾਣਦੀ ਹੈ। ਕੁਝ ਟਿੱਪਣੀਆਂ ਦੇ ਨਮੂਨੇ ਦੇਖੋ : 'ਬੁੱਢੀ ਘੋੜੀ ਤੇ ਲਾਲ ਲਗਾਮ', 'ਕਬਰ ਵਿਚ ਲੱਤਾਂ ਨੇ ਤੇ ਮਾਈ ਨੱਚਦੀ-ਟੱਪਦੀ ਪਈ ਹੈ', 'ਮਾਈ ਤੈਨੂੰ ਸ਼ਰਮ ਆਉਣੀ ਚਾਹੀਦੀ ਹੈ। ਇਹ ਉਮਰ ਤਾਂ ਰੱਬ ਦੇ ਨਾਮ ਦੀ ਮਾਲਾ ਜਪਣ ਦੀ ਹੈ ਤੇ ਤੂੰ ਠੁਮਕੇ ਲਗਾ ਰਹੀ ਏਂ', 'ਤੂੰ ਹੁਣ ਰੱਬ ਕੋਲ ਜਾਣ ਦੀਆਂ ਤਿਆਰੀਆਂ ਕਰ। ਇਹ ਨਾਚ-ਗਾਣਾ ਛੱਡ ਦੇ। ਤੇਰੇ ਭਾਗਾਂ ਵਿਚ ਨਹੀਂ ਹੈ।' ਤੇ ਹੋਰ ਕੁਝ ਐਸੀਆਂ ਟਿੱਪਣੀਆਂ ਤੇ ਤਸਵੀਰਾਂ ਮੈਂ ਤੁਹਾਡੇ ਨਾਲ ਸਾਂਝੀਆਂ ਵੀ ਨਹੀਂ ਕਰ ਸਕਦਾ। ਇਸ ਤੋਂ ਇਲਾਵਾ ਪਿੱਛੇ ਜਿਹੇ ਕੁਝ ਖ਼ਬਰਾਂ ਵੀ ਪੜ੍ਹਨ ਤੇ ਦੇਖਣ ਨੂੰ ਮਿਲੀਆਂ ਸਨ। ਇਕ ਮਾਮਲੇ ਵਿਚ ਤਾਂ ਜਵਾਨ ਵਕੀਲ ਪੁੱਤਰ, ਉਸ ਦੀ ਪਤਨੀ ਤੇ ਪੁੱਤਰ ਆਪਣੀ ਬਜ਼ੁਰਗ ਮਾਂ ਨਾਲ ਮਾਰਕੁੱਟ ਕਰਦੇ ਵਿਖਾਈ ਦਿੰਦੇ ਹਨ।

ਜਦੋਂ ਮਾਂ ਦੀ ਵਿਆਹੀ ਹੋਈ ਧੀ ਨੂੰ ਇਹ ਪਤਾ ਚੱਲਿਆ ਕਿ ਉਸ ਦਾ ਭਰਾ ਮਾਂ ਨਾਲ ਜ਼ਿਆਦਤੀਆਂ ਕਰ ਰਿਹਾ ਹੈ ਤਾਂ ਉਸ ਨੇ ਸਬੂਤ ਲਈ ਘਰ ਵਿਚ ਛੁਪਵੇਂ ਸੀਸੀਟੀਵੀ ਕੈਮਰੇ ਨਾਲ ਭਰਾ ਤੇ ਉਸ ਦੇ ਪਰਿਵਾਰ ਵੱਲੋਂ ਮਾਂ ਨੂੰ ਮਾਰਨ-ਕੁੱਟਣ ਦਾ ਵੀਡੀਓ ਬਣਾ ਲਿਆ। ਮਗਰੋਂ ਹਿੰਮਤ ਕਰ ਕੇ ਪੁਲਿਸ ਕੋਲ ਆਪਣੇ ਭਰਾ, ਭਰਜਾਈ ਤੇ ਭਤੀਜੇ ਬਾਰੇ ਸ਼ਿਕਾਇਤ ਲਿਖਵਾ ਦਿੱਤੀ ਤੇ ਮਾਮਲਾ ਜੱਗ ਜ਼ਾਹਰ ਹੋ ਗਿਆ। ਇਸ ਮੰਦਭਾਗੇ ਕਾਰੇ ਦਾ ਕਾਰਨ ਸੀ ਕਿ ਮਾਂ ਜਿੰਨੀ ਛੇਤੀ ਮਰੇਗੀ ਓਨੀ ਛੇਤੀ ਹੀ ਉਸ ਦੇ ਨਾਂ ਲੱਗੀ ਸਾਰੀ ਜ਼ਮੀਨ-ਜਾਇਦਾਦ ਉਨ੍ਹਾਂ ਦੀ ਹੋ ਜਾਵੇਗੀ। ਹੋਰ ਵੀ ਬਹੁਤ ਸਾਰੇ ਮਾਮਲੇ ਉਜਾਗਰ ਹੁੰਦੇ ਹਨ। ਕਈ ਘਰਾਂ ਵਿਚ ਪਾਲਤੂ ਜਾਨਵਰਾਂ ਜਿਵੇਂ ਕੁੱਤੇ, ਬਿੱਲੀਆਂ ਆਦਿ ਦੀ ਕਦਰ ਘਰ ਦੇ ਬਜ਼ੁਰਗਾਂ ਨਾਲੋਂ ਕਿਤੇ ਜ਼ਿਆਦਾ ਹੁੰਦੀ ਹੈ ਪਰ ਘਰ ਦੇ ਬਜ਼ੁਰਗਾਂ ਨੂੰ ਫਾਲਤੂ ਸਮਝਿਆ ਜਾਂਦਾ ਹੈ। ਉਨ੍ਹਾਂ ਨੂੰ ਅਨਾਥ ਆਸ਼ਰਮਾਂ ਵਿਚ ਭੇਜ ਦਿੱਤਾ ਜਾਂਦਾ ਹੈ। ਇਸੇ ਕਰਕੇ ਸ਼ਾਇਦ ਅਨਾਥ ਆਸ਼ਰਮਾਂ ਦੀ ਗਿਣਤੀ ਵਧਦੀ ਜਾ ਰਹੀ ਹੈ ਤੇ ਕਈ ਲੋਕ ਅਨਾਥ ਆਸ਼ਰਮਾਂ ਨੂੰ ਧੰਦੇ ਦੇ ਰੂਪ 'ਚ ਵੀ ਚਲਾ ਰਹੇ ਹਨ। ਸੋ, ਮੇਰੇ ਨੌਜਵਾਨ ਸਾਥੀਓ, ਤੁਹਾਡਾ ਭਾਈ ਵੀਰ ਸਿੰਘ ਦੇ ਸਮੇਂ ਬਾਰੇ ਲਿਖੇ ਬੋਲਾਂ ਉੱਤੇ ਗ਼ੌਰ ਤੇ ਅਮਲ ਕਰਨ ਦਾ ਵੇਲਾ ਹੈ। ਬਜ਼ੁਰਗਾਂ ਦੀ ਇੱਜ਼ਤ, ਸੇਵਾ ਤੇ ਸਤਿਕਾਰ ਕਰਨਾ ਸਿੱਖੋ ਕਿਉਂਕਿ ਇਕ ਦਿਨ ਤੁਸੀਂ ਵੀ ਬਜ਼ੁਰਗ ਹੋਣਾ ਹੈ। ਫਿਰ ਨਾ ਕਹਿਣਾ ਕਿ ਸਾਨੂੰ ਕਿਸੇ ਨੇ ਸਮਝਾਇਆ ਨਹੀਂ।



**ਗੋਵਰਧਨ ਗੱਬੀ**







ਬਚਪਨ ਦੀਆਂ ਯਾਦਾਂ

Tanjit Manmit

ਵੱਲੋਂ ▸ Quik Signs

E-mail: tanjit5020@yahoo.com
manmit5020@yahoo.com

visit us at : www.quiksigns.us

ਸਿਹਤ ਨਰੋਈ ਸਭ ਨੂੰ ਦੇ ਕੇ, ਲੰਬੀ ਉਮਰ ਕਰੀਂ ।
ਕਿਰਤੀ ਕਾਮੇ, ਹਾਲੀ, ਪਾਲੀ ਖੁਸ਼ ਵਸਣ ਸਭ ਘਰੋਂ ਘਰੀਂ ।
ਸੁਖੀ ਵਸਣ ਸਭ ਦੁਨੀਆਂ ਵਾਲੇ, ਬੋਝੇ ਖੁਸ਼ੀਂ ਭਰੀਂ ।
ਅਗਿਆਨਤਾ ਨੂੰ ਦੂਰ ਭਜਾ ਕੇ, ਫਿਜ਼ਾ ਵਿੱਚ ਗਿਆਨ ਕਰੀਂ ।
ਬੰਦਾ ਬੰਦੇ ਨੂੰ ਪਹਿਚਾਣੇ , ਐਸੀ ਮਿਹਰ ਕਰੀਂ ।
ਹਰ ਘਰ ਵਿੱਚ ਖੁਸ਼ਹਾਲੀ ਵਰਤਾ ਕੇ, ਸਭ ਦੇ ਬੋਝੇ ਭਰੀਂ ।
ਹਰ ਘਰ ਵਿੱਚ ਤੂੰ ਸੁਖ ਵਰਤਾ ਕੇ, ਰਹਿਮੋ ਰਹਿਮ ਕਰੀਂ ।
ਭੁੱਖਾ ਨਾ ਕੋਈ ਰਾਤ ਨੂੰ ਸੌਂਵੇਂ, ਐਸਾ ਕਰਮ ਕਰੀਂ ।
ਤੰਗੀ ਤੁਰਸ਼ੀ ਦੂਰ ਭਜਾਵੀਂ, ਸਭਦੀ ਬਾਂਹ ਫੜੀਂ ।
ਵਿਦਿਆ ਤੋਂ ਨਾ ਕੋਈ ਵਾਂਝਾ ਰਹੇ, ਐਸੀ ਮਿਹਰ ਕਰੀਂ ।

**ਨਵੇਂ ਵਰ੍ਹੇ ਵਿੱਚ ਮੇਰਿਆ ਰੱਬਾ, ਸਭ ਤੇ ਮਿਹਰ ਕਰੀਂ**

ਹਰ ਤਰ੍ਹਾਂ ਦੇ ਸਟੋਰਾਂ ਦੇ ਸਾਈਨ, ਟਰੱਕਾਂ ਦੇ ਸਾਈਨ, ਬੈਨਰ, ਫੁੱਲ ਕਲਰ ਪੋਸਟਰ, ਵਿਆਹ ਦੇ ਕਾਰਡ, ਬਿਜ਼ਨਸ ਕਾਰਡ, ਮੈਗਨੈਟਿਕ ਸਾਈਨ, ਫਲਾਇਰਜ਼, ਰੈਸਟੋਰੈਂਟਾਂ ਦੇ ਮੈਨਿਊ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਕਾਲ ਕਰੋ

ਅਸੀਂ ਹਰ ਤਰ੍ਹਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

**ਸੰਪਰਕ ਕਰੋ: 661.703.8795, 661.900.7357**


## ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ


UNIVERSAL TIRE HUB
BAKERSFIELD, CA

**TRUCK & TRAILER TIRES**

ਯੂਨੀਵਰਸਲ ਟਾਇਰ ਹੱਬ, ਬੇਕਰਸਫੀਲਡ, ਕੈਲੀਫੋਰਨੀਆ
ਸਾਡੇ ਕੋਲ ਟਰੱਕ ਅਤੇ ਟਰੇਲਰ ਦੇ ਵਧੀਆ ਟਾਇਰ ਵਾਜ਼ਿਬ ਰੇਟ ਤੇ ਮਿਲਦੇ ਹਨ।

ਫੋਨ : 661.735.0001
ਫੋਨ : 661.735.0002

2309 S UNION AVE,
BAKERSFIELD, CA 93307
info@universaltirehub.com




BEST PRICE IN CALIFORNIA

WE ACCEPT BULK ORDERS AND CONTAINER SHIPMENTS

HUBTRAC TYRES · AvanTech · ROADX TYRE · Firestone · AEOLUS · PIRELLI · BRIDGESTONE